ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੬ ਜੇਠ-ਹਾੜ ਸੰਮਤ ਨਾਨਕਸ਼ਾਹੀ ੫੫੪ ਜੂਨ 2022 ਅੰਕ : ੩
Vol. : 66 June 2022 Issue : 3

## ਗੁਰਦੁਆਰਾ ਸਾਹਿਬ ਸ਼ਹੀਦੀ ਅਸਥਾਨ, ਸ੍ਰੀ ਗੁਰੂ ਅਰਜਨ ਦੇਵ ਜੀ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)





ਗੁਰਦੁਆਰਾ ਨਾਨਕਿਆਣਾ ਸਾਹਿਬ, ਸੰਗਰੂਰ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਜੇਠ-ਹਾੜ, ਸੰਮਤ ਨਾਨਕਸ਼ਾਹੀ ੫੫੪ ਜੂਨ 2022

ਜਿਲਦ ੬੬ (Vol. 66) ਅੰਕ ੩ (Issue 3)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੩ |
| ਭਗਤ ਕਬੀਰ ਜੀ ਦੀ ਬਾਣੀ ਵਿਚਲੇ ਕਾਵਿ-ਰੂਪ. . . | -ਸ. ਅਮਰੀਕ ਸਿੰਘ | ੨੩ |
| ਸਿੱਖ ਧਰਮ ਵਿਚ ਸਿਰਪਾਓ ਦੀ ਮਰਯਾਦਾ. . . | -ਸ. ਬੀਰ ਦਵਿੰਦਰ ਸਿੰਘ | ੨੯ |
| 'ਅਨੰਦੁ ਸਾਹਿਬ' ਦਾ ਮਨੋਵਿਗਿਆਨਕ ਅਧਿਐਨ | -ਡਾ. ਸੁਰਿੰਦਰ ਸਿੰਘ | ੩੩ |
| ਖਾਲਸੇ ਦੇ ਬੋਲਬਾਲੇ ਦਾ ਦੌਰ | -ਸ. ਕਿਰਪਾਲ ਸਿੰਘ | ੪੧ |
| ਇਹੁ ਮਾਰਗੁ ਬਿਖੜਾ | -ਡਾ. ਪਰਮਜੀਤ ਕੌਰ | ੪੫ |
| ਘੱਲੂਘਾਰਾ ਜੂਨ ੧੯੮੪ | -ਗਿਆਨੀ ਪ੍ਰੀਤਮ ਸਿੰਘ | ੫੪ |
| ੧੯੮੪ ਈ. ਦਾ ਦੁਖਾਂਤ | -ਡਾ. ਤੇਜਿੰਦਰ ਪਾਲ ਸਿੰਘ | ੫੮ |
| ਭਾਈ ਇੰਦਰ ਸਿੰਘ ਜੀ ਸ਼ਹੀਦ | -ਸ. ਮੋਹਨ ਸਿੰਘ ਉਰਲਾਣਾ | ੬੪ |
| ਗੁਰਮਤਿ ਵਿਚ ਇਸਨਾਨ | -ਡਾ. ਪਲਵਿੰਦਰ ਕੌਰ | ੬੬ |
| ਪ੍ਰੋ. ਸਾਹਿਬ ਸਿੰਘ ਦੀ ਗੁਰੂ ਜੀਵਨ ਬ੍ਰਿਤਾਂਤ ਵਿਧੀ | -ਡਾ. ਹਰਪ੍ਰੀਤ ਕੌਰ ਹਰਫ਼ | ੭੨ |
| ਰੱਬ ਖੋਟੇ ਵੀ ਖਰੇ ਕਰ ਦਿੰਦਾ ਹੈ | -ਡਾ. ਜਸਵੰਤ ਸਿੰਘ ਨੇਕੀ | ੭੭ |
| ਗੁਰਦੁਆਰਾ ਸ੍ਰੀ ਹੁਕਮਸਰ ਸਾਹਿਬ. . . | -ਸ. ਨਵਜੋਤ ਸਿੰਘ | ੮੦ |
| ਭੁੱਲੇ ਵਿਸਰੇ ਨਾਨਕ ਪੰਥੀ ਪੁਸਤਕ 'ਤੇ ਇੱਕ ਅੰਤਰਝਾਤ | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੮੨ |
| ਪੁਸਤਕ ਰੀਵਿਊ | | ੮੮ |
| ਮਹਾਰਾਜਾ ਰਣਜੀਤ ਸਿੰਘ (ਕਵਿਤਾ) | -ਡਾ. ਹਰੀ ਸਿੰਘ ਜਾਚਕ | ੯੦ |
| ਵੀਹਵੀਂ ਸਦੀ ਦਾ ਸੂਰਜ : ਭਗਤ ਪੂਰਨ ਸਿੰਘ (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੯੧ |
| ਖ਼ਬਰਨਾਮਾ | | ੯੩ |

# ਗੁਰਬਾਣੀ ਵਿਚਾਰ

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੇ ਇਸ ਪਦੇ ਵਿਚ ਹਾੜ ਮਹੀਨੇ ਦੇ ਰੁੱਤ ਵਰਣਨ ਦੇ ਪ੍ਰਥਾਏ ਮਨੁੱਖੀ ਜੀਵ-ਇਸਤਰੀ ਨੂੰ ਸੰਸਾਰਕ ਖ਼ਾਹਿਸ਼ਾਂ ਦਾ ਦਿਲੋਂ ਤਿਆਗ ਕਰਦਿਆਂ ਪਰਮਾਤਮਾ ਦੀ ਸੱਚੀ-ਸੁੱਚੀ ਪ੍ਰੇਮਾ-ਭਗਤੀ ਦਾ ਗੁਰਮਤਿ ਮਾਰਗ ਦਰਸਾਉਂਦੇ ਹਨ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਹਾੜ ਦਾ ਮਹੀਨਾ ਤਪਸ਼ ਵਾਲਾ ਉਸ ਜੀਵ ਨੂੰ ਲੱਗਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ-ਪਤੀ ਦੀ ਸੁਹਾਵੀ ਯਾਦ ਵਾਸ ਨਹੀਂ ਕਰ ਰਹੀ। ਇਸ ਮਹੀਨੇ ਤਾਪ ਉਸ ਨੂੰ ਮਹਿਸੂਸ ਹੁੰਦਾ ਹੈ, ਜਿਸ ਨੇ ਜਗਤ 'ਤੇ ਜੀਵਨ ਦੇ ਮੂਲ ਆਧਾਰ ਸਰਬ-ਸ਼ਕਤੀਮਾਨ ਪਰਮਾਤਮਾ ਨੂੰ ਤਿਆਗ ਦਿੱਤਾ ਅਰਥਾਤ ਭੁਲਾ ਦਿੱਤਾ ਹੈ ਅਤੇ ਪਰਮਾਤਮਾ ਤੋਂ ਆਸ-ਉਮੀਦ ਨੂੰ ਫਲ ਲੱਗਣ ਦੀ ਤਵੱਕੋਂ ਛੱਡ ਕੇ ਬੰਦੇ ਵਾਲੀ ਆਸ ਰੱਖ ਲਈ ਹੈ। ਗੁਰੂ ਜੀ ਗੁਰਮਤਿ ਸਿਧਾਂਤ ਦੀ ਕਲਿਆਣਕਾਰੀ ਰਮਜ਼ ਬਖ਼ਸ਼ਿਸ਼ ਕਰਦੇ ਹਨ ਕਿ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਭਿੰਨ ਲੋੜਾਂ ਖ਼ਾਹਿਸ਼ਾਂ ਦੀ ਪੂਰਤੀ ਦੀ ਆਸ ਤਿਆਗ ਕੇ ਸਰਬ ਦਾਤਾਂ ਦੇ ਅਥਾਹ ਅਮੁੱਕ ਖ਼ਜ਼ਾਨੇ ਸਰਬ ਪ੍ਰਤਿਪਾਲਕ ਪਰਮਾਤਮਾ ਦੇ ਦਰ-ਘਰ ਤੋਂ ਹੀ ਆਸ ਕਰਨੀ ਚਾਹੀਦੀ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਨੂੰ ਛੱਡ ਕੇ ਕਿਸੇ ਦੂਸਰੇ, ਕਿਸੇ ਹੋਰ ਨਾਲ ਪਿਆਰ ਕਰਨ 'ਚ ਖੁਆਰੀ ਹੀ ਹੈ, ਜੋ ਮਨੁੱਖ ਦੇ ਗਲ਼ 'ਚ ਫਾਹੀ ਦੇ ਤੁਲ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਦਾ ਕੋਈ ਜੀਵ ਬੀਜ ਬੀਜਦਾ ਹੈ ਉਸ ਤਰ੍ਹਾਂ ਦੀ ਹੀ ਫ਼ਸਲ ਉਹ ਵੱਢਦਾ ਹੈ। ਚੰਗੇ ਜਾਂ ਮੰਦੇ ਕਰਮ ਨਾਲ ਇਨਸਾਨ ਦੇ ਮੱਥੇ 'ਤੇ ਲੇਖ ਉਕਰਿਆ ਜਾਂਦਾ ਹੈ। ਚੰਗੇ ਕਰਮ ਕਮਾਉਣ ਲਈ ਪ੍ਰਾਪਤ ਜੀਵਨ ਰੂਪੀ ਰਾਤ ਮੰਦੇ ਕਰਮ ਕਮਾਇਆਂ ਗੁਆ ਲੈਣ 'ਤੇ ਪਿੱਛੋਂ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮੰਦੇ ਕਰਮ ਕਮਾ ਕੇ ਜੀਵ-ਇਸਤਰੀ ਜੀਵਨ-ਮਨੋਰਥ ਦੀ ਪੂਰਤੀ ਤੋਂ ਬਿਨਾਂ ਨਿਰਾਸ਼ ਮਨੋਸਥਿਤੀ 'ਚ ਇਸ ਦੁਨੀਆ ਤੋਂ ਜਾਂਦੀ ਹੈ। ਉਕਤ ਪ੍ਰਚਲਿਤ ਅਣਇੱਛਤ ਵਰਤਾਰੇ ਤੋਂ ਸੁਚੇਤ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਸਾਧੂ-ਭਾਵ ਸਮਰੱਥ ਪੱਥ-ਪ੍ਰਦਰਸ਼ਕ (ਗੁਰੂ) ਮਿਲ ਪੈਂਦਾ ਹੈ ਉਹ ਪਰਮਾਤਮਾ ਦੇ ਦਰ 'ਤੇ ਮੁਕਤ ਭਾਵ ਪ੍ਰਵਾਨ ਹੋ ਜਾਂਦੀਆਂ ਹਨ। ਹੇ ਮਾਲਕ ਪਰਮਾਤਮਾ! ਆਪ ਜੀ ਖ਼ੁਦ ਹੀ ਮਿਹਰ ਕਰੋ ਤਾਂ ਕਿ ਭੁੱਲੀ-ਭਟਕੀ ਜੀਵ-ਇਸਤਰੀ ਨੂੰ ਆਪ ਜੀ ਦੇ ਦੀਦਾਰ ਦੀ ਤੇਹ ਲੱਗ ਜਾਵੇ। ਹੇ ਨਾਨਕ! ਇਹੀ ਅਰਦਾਸ ਧੁਰ ਅੰਦਰੋਂ ਨਿਕਲੇ ਕਿ ਮਾਲਕ ਪਰਮਾਤਮਾ ! ਆਪ ਬਿਨਾਂ ਮੇਰਾ ਹੋਰ ਕੋਈ ਦੂਸਰਾ ਹੈ ਹੀ ਨਹੀਂ ਭਾਵ ਪੂਰਨ ਸਮਰਪਣ ਹੋਵੇ! ਉਸ ਜੀਵ-ਇਸਤਰੀ ਨੂੰ ਹਾੜ ਜੈਸਾ ਸਖ਼ਤ ਗਰਮੀ ਵਾਲਾ ਮਹੀਨਾ ਵੀ ਸੁਹਾਵਣਾ ਹੈ, ਜਿਸ ਦਾ ਮਨ ਉਸ ਪਰਮਾਤਮਾ ਦੀ ਸੱਚੀ ਯਾਦ 'ਚ ਜੀਵਨ ਦਾ ਹਰ ਪਲ ਗੁਜ਼ਾਰਦਾ ਹੈ। ■

ਸੰਪਾਦਕੀ...

# ਸੱਚ ਦੀ ਸ਼ਮਸ਼ੀਰ

*ਭਾਰਤ ਨੂੰ ਕਈ ਸਦੀਆਂ ਤਕ ਵਿਦੇਸ਼ੀ ਹਮਲਾਵਰਾਂ ਨੇ ਲੁੱਟ ਦਾ ਕੇਂਦਰ ਬਣਾਈ ਰੱਖਿਆ। ਇਨ੍ਹਾਂ ਵਿਦੇਸ਼ੀ ਹਮਲਾਵਰਾਂ ਨੇ ਲੰਮਾਂ ਸਮਾਂ ਭਾਰਤ 'ਤੇ ਰਾਜ ਕਰ ਕੇ ਇੱਥੋਂ ਦੇ ਅਸਲ ਵਸਨੀਕਾਂ ਨੂੰ ਗ਼ੁਲਾਮੀ ਦੀ ਜ਼ਿੱਲਤ ਭਰੀ ਜ਼ਿੰਦਗੀ ਜਿਊਣ ਦੇ ਆਦੀ ਬਣਾ ਦਿੱਤਾ। ਹਾਕਮਾਂ ਦੇ ਜ਼ੁਲਮਾਂ ਨੂੰ ਚੁੱਪ-ਚਾਪ ਸਹਿ ਜਾਣਾ, ਭਾਰਤੀਆਂ ਦਾ ਸੁਭਾਅ ਹੀ ਬਣ ਗਿਆ ਸੀ। ਸਦੀਆਂ ਬਾਅਦ ਇਸ ਜ਼ੁਲਮ ਦੇ ਵਿਰੁੱਧ ਇਕ ਜ਼ੋਰਦਾਰ ਅਵਾਜ਼ ਬੁਲੰਦ ਹੋਈ, ਜਿਸ ਨੇ ਜ਼ਾਲਮ ਹਾਕਮਾਂ ਦੀਆਂ ਜੜ੍ਹਾਂ ਹਿਲਾਉਣ ਤੋਂ ਲੈ ਕੇ ਜ਼ੁਲਮ ਨੂੰ ਨਾਸ਼ ਕਰਨ ਤਕ ਦੀ ਭੂਮਿਕਾ ਅਦਾ ਕੀਤੀ। ਇਸ ਬੁਲੰਦ ਅਵਾਜ਼ ਦੇ ਮਾਲਕ ਸਨ— ਧੰਨ ਸ੍ਰੀ ਗੁਰੂ ਨਾਨਕ ਦੇਵ ਜੀ। ਗੁਰੂ ਜੀ ਨੇ ਲੋਧੀ ਅਤੇ ਮੁਗ਼ਲ ਸ਼ਾਸਕਾਂ ਨੂੰ ਸੱਚ ਦੀ ਸ਼ਮਸ਼ੀਰ ਦੇ ਚਮਕਾਰੇ ਨਾਲ ਘੇਰਿਆ, ਤਾਂ ਉਨ੍ਹਾਂ ਦਾ ਗਰੂਰ ਤਾਰ-ਤਾਰ ਹੋ ਗਿਆ। ਗੁਰੂ ਜੀ ਨੇ ਜ਼ਾਲਮਾਂ ਦੇ ਲੋਟੂ ਤੇ ਮਾਰੂ ਕਿਰਦਾਰ ਨੂੰ ਸ਼ਰ-ਏ-ਆਮ ਵੰਗਾਰਿਆ। ਮੁਗ਼ਲ ਰਾਜ ਦੇ ਸੰਸਥਾਪਕ ਜ਼ਹੀਰ-ਉ-ਦੀਨ ਬਾਬਰ ਨੇ ਸੱਚ ਦੀ ਅਵਾਜ਼ ਨੂੰ ਦਬਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੈਦ ਕਰ ਲਿਆ, ਪਰ ਹਨ੍ਹੇਰੇ ਨੇ ਚਾਨਣ ਨੂੰ ਕਿੰਨੀ ਕੁ ਦੇਰ ਲੁਕਾ ਸਕਣਾ ਸੀ। ਆਖਿਰ ਗੁਰੂ ਜੀ ਦੀ ਅਜ਼ਮਤ ਅੱਗੇ ਸਿਰ ਝੁਕਾਉਣਾ ਪਿਆ। ਸੱਚ ਦੀ ਵਿਰਾਸਤ ਦੇ ਅਗਲੇ ਪੈਰੋਕਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਹੁਮਾਯੂੰ ਸਜਦਾ ਕਰਨ ਲਈ ਉਸ ਸਮੇਂ ਆਇਆ ਜਦੋਂ ਉਹ ਰਾਜ- ਸੱਤਾ ਤੋਂ ਮਹਿਰੂਮ ਹੋ ਗਿਆ ਸੀ। ਉਸ ਦੇ ਮਨ ਦੀ ਕਾਲਖ ਅਜੇ ਮਿੱਟੀ ਨਹੀਂ ਸੀ, ਹਉਮੈਂ-ਹੰਕਾਰ ਅਜੇ ਵੀ ਉਸ ਦੇ ਮਨ ਦੇ ਸਿੰਘਾਸਨ 'ਤੇ ਰਾਜ ਕਰ ਰਿਹਾ ਸੀ। ਉਸ ਨੇ ਚਾਨਣ ਨੂੰ ਚੀਰਨ ਲਈ ਤਲਵਾਰ ਦੀ ਮੁੱਠ ਨੂੰ ਹੱਥ ਪਾ ਲਿਆ ਸੀ, ਪਰੰਤੂ ਸੱਚ ਦੀ ਬੇਖੌਫ ਅਵਾਜ਼ ਸੁਣ ਕੇ ਗੁਰੂ ਜੀ ਦੇ ਚਰਨੀਂ ਢਹਿ ਪਿਆ। ਝੂਠ ਨੂੰ ਸੱਚ ਦਾ ਤੇਜ ਝੱਲਣਾ ਔਖਾ ਹੋ ਗਿਆ।*

*ਹੁਮਾਯੂੰ ਦਾ ਪੁੱਤਰ ਤੇ ਵਾਰਸ ਅਕਬਰ ਆਪਣੇ ਪੂਰਵਜਾਂ ਦੇ ਮੁਕਾਬਲੇ ਕੁਝ ਸਿਆਣਾ ਨਿਕਲਿਆ। ਇਸ ਦੇ ਰਾਜ-ਕਾਲ ਸਮੇਂ ਬਾਬੇ ਕੇ ਤੇ ਬਾਬਰ ਕਿਆਂ ਦੇ ਸੰਬੰਧ ਕੁਝ ਸੁਖਾਵੇਂ ਰਹੇ, ਜਿਸ ਕਾਰਨ ਸੱਚ ਨੂੰ ਵਧਣ-ਫੁੱਲਣ ਦਾ ਮੌਕਾ ਵੀ ਮਿਲਿਆ। ਇਸ ਸਮੇਂ ਦੌਰਾਨ ਵੀ ਰਾਜ ਸ਼ਕਤੀ ਦੇ ਕੁਝ ਮਾਲਕ ਕਾਜ਼ੀ, ਮੁੱਲਾਂ-ਮੁਲਾਣੇ ਤੇ ਅਹਿਲਕਾਰਾਂ ਨੇ ਸੱਚ ਨੂੰ ਦਬਾਉਣ ਦੀਆਂ ਕੋਝੀਆਂ ਹਰਕਤਾਂ ਜਾਰੀ ਰੱਖੀਆਂ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਇਸੇ ਸਮੇਂ ਦੌਰਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਉਸਾਰੀ ਕਰ ਕੇ ਉਸ ਅੰਦਰ ਸੱਚ ਦੇ ਸੂਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ, ਤਾਂ ਕਿ ਰਹਿੰਦੀ ਦੁਨੀਆ ਤਕ ਲੋਕਾਈ ਗੁਰਬਾਣੀ ਤੋਂ ਅਗਵਾਈ ਪ੍ਰਾਪਤ ਕਰਦੀ ਰਹੇ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਗੱਦੀ 'ਤੇ ਬੈਠਣ ਸਾਰ ਹੀ ਸ਼ੈਤਾਨ ਦੀ ਆਤਮਾ ਫਿਰ ਜਾਗ ਉੱਠੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਅੰਤਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦੀ ਸ਼ਹੀਦੀ ਸੱਚ ਦੀ ਲੋਅ ਨੂੰ ਹਮੇਸ਼ਾਂ ਲਈ*

*ਜਗਦਾ ਰੱਖਣ ਲਈ ਪ੍ਰੇਰਨਾ ਸ੍ਰੋਤ ਬਣ ਗਈ। ਇਹ ਸ਼ਹਾਦਤ ਅੱਜ ਤਕ ਸਿੱਖ ਕੌਮ ਲਈ ਪ੍ਰੇਰਨਾ ਸ੍ਰੋਤ ਦਾ ਕੰਮ ਕਰ ਰਹੀ ਹੈ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਮਨੁੱਖੀ ਅਧਿਕਾਰਾਂ ਪ੍ਰਤੀ ਸਿੱਖਾਂ ਨੂੰ ਜਾਗ੍ਰਿਤ ਕੀਤਾ। ਇਸ ਤੋਂ ਬਾਅਦ ਤਾਂ ਸਿੱਖ ਇਤਿਹਾਸ ਵਿਚ ਜ਼ੁਲਮ ਦਾ ਟਾਕਰਾ ਕਰਦਿਆਂ ਸ਼ਹੀਦਾਂ ਦੀ ਝੜੀ ਲੱਗ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੁਸ਼ੋਭਿਤ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦਾ ਪ੍ਰਕਾਸ਼ ਸੱਚ ਨੂੰ ਜ਼ੁਲਮ ਵਿਰੁੱਧ ਜੂਝਣ ਦੀ ਪ੍ਰੇਰਨਾ ਦਿੰਦਾ ਰਿਹਾ। ਵਿਰੋਧੀਆਂ ਵੱਲੋਂ ਇਸ ਸੱਚ ਦੇ ਕੇਂਦਰ ਨੂੰ ਤਹਿਸ-ਨਹਿਸ ਕਰਨ ਦੀ ਵਿਉਂਤਾਂ ਵੀ ਤਿਆਰ ਹੁੰਦੀਆਂ ਰਹੀਆਂ। ਸੰਨ ੧੭੪੦ ਈ. ਵਿਚ ਮੱਸੇ ਰੰਘੜ ਨੇ ਸੱਚ ਦੀ ਰੋਸ਼ਨੀ ਨੂੰ ਮਿਟਾਉਣ ਦੀ ਕੋਸ਼ਿਸ਼ ਹਿੱਤ ਇੱਥੇ ਕਬਜ਼ਾ ਕਰ ਲਿਆ। ਇਸ ਅਸਥਾਨ ਨੂੰ ਅਪਵਿੱਤਰ ਕਰਨ ਦੀ ਕੋਈ ਕਸਰ ਬਾਕੀ ਨਾ ਛੱਡੀ। ਸੱਚ ਦੇ ਵਣਜਾਰੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਜਾਲਮ ਮੱਸੇ ਰੰਘੜ ਦੀ ਅਣਖ ਮੁਕਾ ਦਿੱਤੀ।*

*ਸੱਚ ਦਾ ਦੀਪਕ ਫਿਰ ਤੋਂ ਜਗ ਉੱਠਿਆ। ੧੭੪੬ ਈ. ਵਿਚ ਦੀਵਾਨ ਲਖਪਤ ਰਾਏ ਨੇ ਆਪਣੀਆ ਕੋਝੀਆਂ ਹਰਕਤਾਂ ਨਾਲ ਇਸ ਪਵਿੱਤਰ ਅਸਥਾਨ ਦੀ ਬੇਅਦਬੀ ਕਰਨ ਦੀ ਅਵੱਗਿਆ ਕੀਤੀ। ਫਿਰ ਸਲਾਮਤ ਖਾਂ ਨੇ ਸੱਚ ਦੇ ਦੀਪਕ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਤਾਂ ਮਾਰਚ ੧੭੪੮ ਈ. 'ਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖਾਂ ਨੇ ਉਸ ਦੀ ਭਾਜੀ ਮੋੜੀ। ਸਿੱਖਾਂ ਦੀ ਇਸ ਹੱਲਾਸ਼ੇਰੀ ਪਿੱਛੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਪ੍ਰੇਰਨਾ ਬਾਖੂਬੀ ਕੰਮ ਕਰ ਰਹੀ ਸੀ। ਸੰਨ ੧੭੫੭ ਈ 'ਚ ਅਹਿਮਦਸ਼ਾਹ ਅਬਦਾਲੀ ਨੇ ਜਦੋਂ ਸੱਚ ਦੀ ਅਵਾਜ਼ ਨੂੰ ਮਿਟਾਉਣ ਹਿੱਤ ਸ੍ਰੀ ਹਰਿਮੰਦਰ ਸਾਹਿਬਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਤਾਂ ਗੁਰੂ ਕੇ ਸਿੱਖ ਬਾਬਾ ਦੀਪ ਸਿੰਘ ਜੀ ਦੀ ਜਥੇਦਾਰੀ ਹੇਠ ਸਿਰ ਤਲੀ 'ਤੇ ਧਰ ਕੇ ਅਫਗਾਨ ਫ਼ੌਜਾਂ 'ਤੇ ਝਪਟ ਪਏ ਅਤੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਮੁੜ ਬਹਾਲੀ ਹਿੱਤ ਕੁਰਬਾਨ ਹੋ ਗਏ। ਸੰਨ ੧੭੬੨ ਈ. ਤੇ ੧੭੬੪ ਈ. ਵਿਚ ਅਬਦਾਲੀ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਕੇ ਇਸ ਨੂੰ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਕੀਤੀ, ਪਰੰਤੂ ਹਰ ਵਾਰ ਸੱਚ ਦੇ ਪ੍ਰਵਾਨੇ ਆਪਣੀਆਂ ਸ਼ਹਾਦਤਾਂ ਦੇ ਕੇ ਪਹਿਰਾ ਦਿੰਦੇ ਰਹੇ। ਮੁਗ਼ਲਾਂ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਵੀ ਇਸ ਸੱਚ ਦੇ ਪ੍ਰੇਰਨਾ ਸ੍ਰੋਤ ਨੂੰ ਖ਼ਤਮ ਕਰਨ ਦੀਆਂ ਅਨੇਕਾਂ ਚਾਲਾਂ ਚੱਲੀਆਂ, ਪਰੰਤੂ ਕਾਮਯਾਬ ਨਾ ਹੋ ਸਕੇ। ਭਾਰਤ ਦੀ ਅੰਗਰੇਜ਼ਾਂ ਤੋਂ ਅਜ਼ਾਦੀ ਮਿਲਣ ਉਪਰੰਤ ੧੯੪੭ ਈ. ਤੋਂ ਬਾਅਦ ੧੯੮੪ ਈ. ਵਿਚ ਵੀ ਦੇਸ਼ ਦੀਆਂ ਫੌਜਾਂ ਨੇ ਇਸ 'ਤੇ ਹਮਲਾ ਕਰ ਕੇ ਆਪਣੀ ਬੇਸਮਝੀ ਦਾ ਸਾਬੂਤ ਦਿੱਤਾ।*

*ਪੰਚਮ ਪਾਤਸ਼ਾਹ ਜੀ ਦੀ ਲਾਸਾਨੀ ਸ਼ਹਾਦਤ ਨੇ ਸਿੱਖ ਕੌਮ ਨੂੰ ਸੱਚ ਦੇ ਹੱਕ ਵਿਚ ਡਟਣ ਦੀ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਛੇਵੇਂ ਪਾਤਸ਼ਾਹ ਦੇ ਮੀਰੀ-ਪੀਰੀ ਸਿਧਾਂਤ, ਦਸਵੇਂ ਪਾਤਸ਼ਾਹ ਵੱਲੋਂ ਖਾਲਸੇ ਦੀ ਸਿਰਜਣਾ, ਇਹ ਸਾਰੀਆਂ ਕਾਰਵਾਈਆਂ ਸੱਚ ਦੀ ਸ਼ਕਤੀ ਨੂੰ ਉਭਾਰਣ ਲਈ ਸਨ। ਅੱਜ ਨਾਨਕ ਨਾਮ ਲੇਵਾ ਸਿੱਖ ਹੀ ਨਹੀ, ਸਗੋਂ ਸਾਰਾ ਸੰਸਾਰ ਸਿੱਖ ਗੁਰੂ ਸਾਹਿਬਾਨ ਦੀ ਅਦੁੱਤੀ ਦੇਣ ਸਾਹਵੇਂ ਨਤਮਸਤਕ ਹੋ ਰਿਹਾ ਹੈ, ਜਦਕਿ ਜਹਾਂਗੀਰ, ਔਰੰਗਜ਼ੇਬ ਅਤੇ ਵਕਤ ਦੇ ਅੱਤਿਆਚਾਰੀ ਹਾਕਮ ਜੋ ਸੱਚ ਦੀ ਅਵਾਜ਼ ਨੂੰ ਮਿਟਾਉਣਾ ਚਾਹੁੰਦੇ ਸਨ, ਨੂੰ ਨਫ਼ਰਤ ਦੀ ਨਿਗ੍ਹਾ ਨਾਲ ਵੇਖਦਾ ਹੈ।* ■

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਧਰਮ ਦੇ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਹੁਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਸ਼ਹਾਦਤ ਸਿਰਫ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਹੀ ਸੀਮਿਤ ਨਹੀਂ ਸੀ ਸਗੋਂ ਸਮੁੱਚੇ ਸਿੱਖ ਧਰਮ ਦੇ ਵਿਰੁੱਧ ਸੋਚਿਆ ਸਮਝਿਆ ਹਮਲਾ ਸੀ। ਇਸ ਸ਼ਹਾਦਤ ਦੇ ਕਾਰਨਾਂ ਨੂੰ ਸਮਝਣ ਲਈ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਲੱਖਣਤਾ ਅਤੇ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਪ੍ਰਸਥਿਤੀਆਂ 'ਤੇ ਝਾਤ ਮਾਰਨੀ ਜ਼ਰੂਰੀ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਧਰਮ ਦਾ ਜੋ ਨਵਾਂ ਮਾਰਗ ਸੰਸਾਰ ਨੂੰ ਵਿਖਾਇਆ ਇਹ ਮਾਰਗ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਖ ਤੋਂ ਬਹੁਤ ਕ੍ਰਾਂਤੀਕਾਰੀ ਸੀ। ਗੁਰੂ ਜੀ ਦੇ ਸਮੇਂ ਇਨ੍ਹਾਂ ਸਾਰੇ ਖੇਤਰਾਂ ਵਿਚ ਬਹੁਤ ਗਿਰਾਵਟ ਆ ਚੁੱਕੀ ਸੀ। ਸਮਾਜ ਵਿਚ ਅਨਪੜ੍ਹਤਾ ਅਤੇ ਅਗਿਆਨਤਾ ਸਿਖਰ 'ਤੇ ਸੀ। ਉਨ੍ਹਾਂ ਨੂੰ ਕੋਈ ਸੱਚ ਦਾ ਮਾਰਗ ਦਿਖਾਉਣ ਵਾਲਾ ਨਹੀਂ ਸੀ। ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਣਨ ਕੀਤਾ ਹੈ :

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)*

ਧਰਮ ਦੇ ਖੇਤਰ ਵਿਚ ਚਾਰੇ ਪਾਸੇ ਝੂਠ ਪਸਰਿਆ ਹੋਇਆ ਸੀ। ਧਾਰਮਿਕ ਵਿਅਕਤੀ ਕਪਟੀ ਤੇ ਪਾਖੰਡੀ ਸਨ। ਉਹ ਲੋਕਾਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਵਿਚ ਲੱਗੇ ਹੋਏ ਸਨ। ਇਸ ਪੱਖ ਤੋਂ ਹਿੰਦੂ-ਮੁਸਲਮਾਨ ਦੋਵਾਂ ਧਰਮਾਂ ਦੇ ਵਿਅਕਤੀ ਘੱਟ ਨਹੀਂ ਸਨ। ਬ੍ਰਾਹਮਣ, ਕਾਜ਼ੀ ਤੇ ਜੋਗੀ ਸਭ ਪਰਜਾ ਦਾ ਸ਼ੋਸ਼ਣ ਕਰ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥*
*ਤੀਨੇ ਓਜਾੜੇ ਕਾ ਬੰਧੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*

ਬਾਬੇ ਕਿਆਂ ਅਤੇ ਬਾਬਰ ਕਿਆਂ ਦਾ ਵਿਰੋਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਤੋਂ ਹੀ ਅਰੰਭ ਹੋ ਗਿਆ ਸੀ। ਇਸ ਦੇ ਪ੍ਰਤੱਖ ਬਾਣੀ ਦੇ ਸ਼ਬਦ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਬਾਬਰ ਦੇ ਹਮਲੇ ਦਾ ਅਤੇ ਲੋਕਾਂ ਉੱਤੇ ਅੱਤਿਆਚਾਰ ਕਰਨ ਦਾ ਸਖਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਬਾਬਰ ਨੂੰ ਜਮ ਦਾ ਰੂਪ ਦੱਸਿਆ ਹੈ:

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)*

ਸਾਧਾਰਨ ਤੌਰ 'ਤੇ ਵੀ ਸ਼ਾਸਕ ਵਰਗ ਦਾ ਪਰਜਾ ਪ੍ਰਤੀ ਵਰਤਾਉ ਨਿਖੇਧਾਤਮਕ ਸੀ। ਰਾਜੇ ਤੋਂ ਲੈ ਕੇ ਨਿੱਕੇ ਤੋਂ ਨਿੱਕੇ ਮੁਲਾਜ਼ਮ ਤਕ ਸਭ ਅਹਿਲਕਾਰ ਅਤੇ ਅਧਿਕਾਰੀ ਪਰਜਾ ਦਾ ਖ਼ੂਨ ਪੀਣ 'ਤੇ ਲੱਗੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਲੋਕਾਂ ਦੇ ਕਿਰਦਾਰ ਦੀ ਨੀਚਤਾ ਨੂੰ ਬਿਆਨ ਕਰਨ ਵਿਚ ਨਾ ਤਾਂ ਕੋਈ ਕਸਰ ਛੱਡੀ ਹੈ ਨਾ ਕੋਈ ਲੁਕਾ ਰੱਖਿਆ ਹੈ। ਇਨ੍ਹਾਂ ਨੂੰ ਕੁੱਤਿਆਂ ਤਕ ਕਹਿ ਦਿੱਤਾ ਹੈ :

*ਰਾਜੇ ਸੀਹ ਮੁਕਦਮ ਕੁਤੇ ॥*
*ਜਾਇ ਜਗਾਇਨਿ੍ ਬੈਠੇ ਸੁਤੇ ॥*
*ਚਾਕਰ ਨਹਦਾ ਪਾਇਨਿ੍ ਘਾਉ ॥*
*ਰਤੁ ਪਿਤੁ ਕੁਤਿਹੋ ਚਟਿ ਜਾਹੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮)*

ਇਹ ਸ਼ਬਦ ਸਿਰਫ ਉਦਾਹਰਨ ਵਜੋਂ ਦਿੱਤੇ ਗਏ ਹਨ। ਗੁਰਬਾਣੀ ਵਿਚ ਥਾਂ-ਥਾਂ ਵੇਲੇ ਦੀ ਸਥਿਤੀ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਬ੍ਰਾਹਮਣਾਂ, ਕਾਜ਼ੀਆਂ ਅਤੇ ਭੇਖੀ ਲੋਕਾਂ ਦੇ ਦੰਭ ਨੂੰ ਉਘਾੜਿਆ ਗਿਆ ਹੈ। ਰਾਜਿਆਂ ਦੇ ਜ਼ੁਲਮਾਂ ਪ੍ਰਤੀ ਲੋਕਾਂ ਵਿਚ ਚੇਤਨਾ ਪੈਦਾ ਕੀਤੀ ਗਈ ਹੈ। ਆਸਾ ਦੀ ਵਾਰ ਵਿਚ ਇਨ੍ਹਾਂ ਸਾਰੇ ਪੱਖਾਂ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਹਿੰਦੂ, ਇਸਲਾਮ, ਜੈਨ ਧਰਮ, ਯੋਗ ਆਦਿ ਦੇ ਬੁਨਿਆਦੀ ਨਿਯਮਾਂ ਅਤੇ ਰਹੁ-ਰੀਤਾਂ ਦਾ ਖੰਡਨ ਕੀਤਾ ਗਿਆ ਹੈ :

*-ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥*
*ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥*
*ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*
*-ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥*
*ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥*
*ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)*

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਨਿਰਭੈ ਹੋ ਕੇ ਸੱਚ ਕੀ ਬਾਣੀ ਸੁਣਾਈ ਸੀ ਅਤੇ ਆਖਿਆ ਸੀ— *ਸਚ ਸੁਣਾਇਸੀ ਸਚ ਕੀ ਬੇਲਾ॥* ਉਸ

ਵੇਲੇ ਕੂੜ ਪ੍ਰਧਾਨ ਸੀ। ਗੁਰੂ ਜੀ ਨੂੰ ਇਹ ਪਤਾ ਸੀ ਕਿ ਕੂੜ ਦੀਆਂ ਸ਼ਕਤੀਆਂ ਸੱਚ ਕੀ ਬਾਣੀ ਨੂੰ ਬਰਦਾਸ਼ਤ ਨਹੀਂ ਕਰ ਸਕਣਗੀਆਂ। ਇਸ ਸੱਚ ਧਰਮ ਨੂੰ ਸਥਾਪਿਤ ਕਰਨ ਲਈ ਸੰਘਰਸ਼ ਕਰਨਾ ਹੋਵੇਗਾ। ਕੂੜ ਸੱਚ ਨੂੰ ਮਿਟਾਉਣ ਲਈ ਹਰ ਸੰਭਵ ਯਤਨ ਕਰੇਗਾ। ਸਿੱਖ ਧਰਮ ਵਿਚ ਸ਼ਹੀਦੀਆਂ ਦਾ ਬੀਜ ਸਿੱਖ ਫ਼ਲਸਫ਼ੇ ਵਿਚ ਹੀ ਮੌਜੂਦ ਸੀ। ਇਹ ਇੰਨਾ ਮੁਕੰਮਲ ਵਿਸ਼ਾਲ ਤੇ ਡੂੰਘਾ ਇਨਕਲਾਬ ਸੀ ਕਿ ਇਸ ਲਈ ਕੁਰਬਾਨੀਆਂ ਅਵੱਸ਼ ਦੇਣੀਆਂ ਪੈਣੀਆ ਸਨ। ਇਹ ਮਾਰਗ ਇੰਨਾ ਕਠਨ ਸੀ ਕਿ ਸਿਰ ਦਿੱਤੇ ਬਿਨਾਂ ਸਫਲਤਾ ਨਹੀਂ ਮਿਲ ਸਕਦੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮਾਰਗ 'ਤੇ ਚੱਲਣ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ :

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਇਸ ਮਾਰਗ ਦੀ ਪੁਸ਼ਟੀ ਕੀਤੀ ਹੈ :

*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥*

ਸਿੱਖ ਧਰਮ ਦੀ ਆਧਾਰਸ਼ਿਲ੍ਹਾ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ ਹੈ। ਇਸ ਵਿਚ ਸੇਵਾ ਤੇ ਸਿਮਰਨ ਦੀ ਮਹੱਤਤਾ ਮੰਨੀ ਗਈ ਹੈ। ਗੁਰਬਾਣੀ ਅੰਦਰ ਮਨੁੱਖੀ ਬਰਾਬਰੀ, ਰੱਬ ਦੀ ਏਕਤਾ, ਜੀਊਂਦੇ ਜੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਜੀਣ ਦਾ ਸੰਕਲਪ ਪੇਸ਼ ਕੀਤਾ ਗਿਆ ਹੈ। ਮਨੁੱਖ ਦੇ ਸਾਹਮਣੇ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਨ ਦਾ ਆਦਰਸ਼ ਰੱਖਿਆ ਗਿਆ ਹੈ ਅਤੇ ਉਸ ਨੂੰ ਅਣਖ ਨਾਲ ਤੇ ਗੌਰਵ ਨਾਲ ਜੀਣ ਦੀ ਜਾਚ ਸਿਖਾਈ ਗਈ ਸੀ :

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)*

ਗੁਰੂ ਜੀ ਨੇ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ ਸੀ। ਇਸ ਦਾ ਦ੍ਰਿਸ਼ਟੀਕੋਣ ਵਿਗਿਆਨਿਕ ਸੀ ਅਤੇ ਇਹ ਮਨੁੱਖਤਾ ਦੀ ਸਾਂਝੀਵਾਲਤਾ ਵਿਚ ਵਿਸ਼ਵਾਸ ਰੱਖਦਾ ਸੀ। ਸਭ ਤੋਂ ਵੱਡੀ ਗੱਲ ਇਹ ਜਾਤ-ਪਾਤ ਦੇ ਭੇਦ ਨੂੰ ਨਹੀਂ ਮੰਨਦਾ ਸੀ। ਮਨੁੱਖਤਾ ਉੱਤੇ ਕਿਸੇ ਵੀ ਪ੍ਰਕਾਰ ਦੇ ਜ਼ੁਲਮ ਦਾ ਵਿਰੋਧੀ ਸੀ। ਇਹ ਸਰਬੱਤ ਦਾ ਭਲਾ ਮੰਗਦਾ ਸੀ। ਇਸ ਦੇ ਅਸੂਲ ਹਿੰਦੂ ਮੁਸਲਮਾਨ ਦੋਵਾਂ ਧਰਮਾਂ ਤੋਂ ਉਚੇਰੇ ਤੇ ਚੰਗੇਰੇ ਸਨ। ਇਹ ਧਰਮ ਹਿੰਦੂ ਮੁਸਲਮਾਨ ਦੋਵਾਂ ਤੋਂ ਨਿਆਰਾ ਸੀ।

*ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥*

*ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥*
*ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥*
*ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥*
*ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬)*

ਸਿੱਖ ਧਰਮ ਦੇ ਚੰਗੇ ਅਸੂਲਾਂ ਨੂੰ ਵੇਖ ਕੇ ਲੋਕੀਂ ਸਿੱਖ ਧਰਮ ਨੂੰ ਅਪਨਾਉਣ ਲੱਗੇ। ਗੁਰੂ ਸਾਹਿਬਾਨ ਦੀ ਬਾਣੀ ਘਰ-ਘਰ ਪੜ੍ਹੀ ਜਾਣ ਲੱਗੀ। ਲੋਕਾਂ ਦੇ ਮਨਾਂ ਉੱਤੋਂ ਕਾਜ਼ੀਆਂ, ਬ੍ਰਾਹਮਣਾਂ ਤੇ ਜੋਗੀਆਂ ਆਦਿ ਦਾ ਭਰਮ ਉਤਰਨ ਲੱਗਾ। ਗੁਰਬਾਣੀ ਦੇ ਸੁਣਨ ਨਾਲ ਉਨ੍ਹਾਂ ਦੇ ਮਨਾਂ ਵਿਚ ਪ੍ਰਕਾਸ਼ ਹੋਣ ਲੱਗਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਦਾ ਕਾਫੀ ਪ੍ਰਚਾਰ ਹੋ ਗਿਆ ਸੀ। ਹਿੰਦੂ ਮੁਸਲਮਾਨਾਂ ਨੂੰ ਇਸ ਧਰਮ ਦੇ ਨਿਯਮਾਂ ਦੀ ਜਾਣਕਾਰੀ ਹੋ ਚੁੱਕੀ ਸੀ। ਕੱਟੜ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਤੋਂ ਅੰਦਰੋਂ ਅੰਦਰ ਕੁਝ ਔਖੇ ਸਨ। ਪਰ ਸਿੱਖ ਧਰਮ ਨੂੰ ਅਜੇ ਸੰਤਾਂ ਮਹਾਤਮਾ ਦਾ ਇਕ ਫਿਰਕਾ ਹੀ ਸਮਝਿਆ ਜਾਂਦਾ ਸੀ। ਇਸ ਲਈ ਰਾਜ ਸ਼ਕਤੀ ਵੱਲੋਂ ਇਸ ਦਾ ਬਹੁਤ ਵਿਰੋਧ ਨਹੀਂ ਸੀ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਆਪਣੇ ਵੱਖਰੇ ਤੇ ਪੂਰੇ ਜਲੌ ਵਿਚ ਉਭਰ ਕੇ ਸਾਹਮਣੇ ਆਇਆ। ੧੫੮੮ ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰੱਖੀ ਗਈ। ਇਸ ਦੇ ਮੁਕੰਮਲ ਹੋਣ ਨਾਲ ਸਿੱਖ ਧਰਮ ਦਾ ਇਕ ਕੇਂਦਰੀ ਅਸਥਾਨ ਬਣ ਚੁੱਕਾ ਸੀ। ਇੱਥੇ ਸਭ ਨੂੰ ਆਉਣ ਜਾਣ ਦੀ ਖੁਲ੍ਹ ਸੀ। ਇੱਥੇ ਵੱਡੀ ਗਿਣਤੀ ਵਿਚ ਹਿੰਦੂ ਮੁਸਲਮਾਨ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ। ਸੰਨ ੧੬੦੪ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਗੁਰੂ ਜੀ ਨੇ ਕਰ ਦਿੱਤਾ। ਇਸ ਦਾ ਪ੍ਰਕਾਸ਼ ਵੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਕੀਤਾ ਗਿਆ। ਇਸ ਗ੍ਰੰਥ ਵਿਚ ਗੁਰੂ ਸਾਹਿਬ ਤੋਂ ਇਲਾਵਾ ਹਿੰਦੁਸਤਾਨ ਦੇ ਹੋਰ ਸੱਚ ਧਰਮ ਨਾਲ ਜੁੜੇ ਸੰਤਾਂ ਮਹਾਤਮਾ ਤੇ ਮਹਾਂਪੁਰਖਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਸੀ। ਹੁਣ ਤਕ ਦੇ ਗ੍ਰੰਥਾਂ ਦੀ ਤੁਲਨਾ ਵਿਚ ਇਹ ਗ੍ਰੰਥ ਆਪਣੀ ਕਿਸਮ ਦਾ ਇਕ ਵਿਲੱਖਣ ਤੇ ਵੱਡਾ ਕਾਰਜ ਸੀ। ਗੁਰੂ ਜੀ ਦੇ ਇਨ੍ਹਾਂ ਦੋਵਾਂ ਮਹਾਨ ਕਾਰਜਾਂ ਨਾਲ ਸਿੱਖ ਧਰਮ ਹੁਣ ਅਹਿਲ-ਏ-ਮੁਕਾਮ ਤੇ ਅਹਿਲ-ਏ-ਕਿਤਾਬ ਬਣ ਚੁੱਕਾ ਸੀ। ਇਹ ਇਕ ਨਵੇਂ ਨਵੇਲੇ ਧਰਮ ਦੇ ਰੂਪ ਵਿਚ ਪ੍ਰਗਟ ਹੋ ਗਿਆ ਸੀ। ਗੁਰਬਾਣੀ ਦਾ ਸਿਧਾਂਤ ਹੁਣ ਲਿਖਤੀ ਰੂਪ ਵਿਚ ਲੋਕਾਂ ਦੇ ਸਾਹਮਣੇ ਪ੍ਰਤੱਖ ਸੀ। ਇਸ ਨਾਲ ਕੱਟੜ ਹਿੰਦੂ ਤੇ ਮੁਸਲਮਾਨ ਧਰਮ ਕਦੇ ਵੀ ਸਹਿਮਤ ਨਹੀਂ ਹੋ ਸਕਦੇ ਸੀ।

ਸਿੱਖ ਧਰਮ ਦੇ ਪ੍ਰਚਾਰ ਨਾਲ ਬ੍ਰਾਹਮਣਾਂ, ਕਾਜ਼ੀਆਂ ਤੇ ਰਾਜਨੀਤਿਕ ਹਸਤੀਆਂ ਦਾ ਸਾਰਾ ਪਾਜ ਹੀ ਉਘੜ ਗਿਆ ਸੀ। ਲੋਕਾਂ ਦੇ ਮਨਾਂ ਵਿੱਚੋਂ ਉਨ੍ਹਾਂ ਦਾ ਸਤਿਕਾਰ

ਅਤੇ ਉੱਚਤਾ ਦੀ ਭਾਵਨਾ ਘੱਟ ਰਹੀ ਸੀ। ਇਸ ਕਰਕੇ ਇਹ ਸਾਰੇ ਵਰਗ ਸਿੱਖ ਧਰਮ ਦੇ ਵਿਕਾਸ ਤੋਂ ਤਿਲਮਿਲਾ ਉੱਠੇ ਸਨ। ਇਨ੍ਹਾਂ ਦੀ ਵੈਰ ਭਾਵਨਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਨਾਂ ਕਿਸੇ ਦੋਸ਼ ਦੇ ਸ਼ਹੀਦੀ ਦੇਣੀ ਪਈ। ਸੰਨ ੧੬੦੬ ਈ. ਵਿਚ ਜਹਾਂਗੀਰ ਨੇ ਉਨ੍ਹਾਂ ਨੂੰ ਲਾਹੌਰ ਬੁਲਾਇਆ। ਉਨ੍ਹਾਂ ਨੂੰ ੨ ਲੱਖ ਰੁਪਇਆ ਜੁਰਮਾਨਾ ਭਰਨ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਤ ਸ਼ਾਮਲ ਕਰਨ ਲਈ ਆਖਿਆ ਗਿਆ। ਪਰ ਉਨ੍ਹਾਂ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ। ਗੁਰੂ ਸਾਹਿਬ ਪੂਰਨ ਸੰਤ ਰੂਪ ਹੋਣ ਦੇ ਨਾਲ ਵੱਡੇ ਸੂਰਮੇ ਵੀ ਸਨ। ਉਨ੍ਹਾਂ ਨੂੰ ਮੌਤ ਦਾ ਭੈ ਨਹੀਂ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇਣੀ ਠੀਕ ਸਮਝੀ ਪਰ ਸੱਚ ਦੇ ਮਾਰਗ ਤੋਂ ਪਿੱਛੇ ਨਹੀਂ ਹਟੇ।

ਸਿੱਖ ਧਰਮ ਦੇ ਪਿਛੋਕੜ ਤੇ ਸੰਦਰਭ ਨੂੰ ਮੁੱਖ ਰੱਖਦਿਆਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਸਿਰਫ ਚੰਦੂ ਹੀ ਸੀ। ਇਸ ਸ਼ਹਾਦਤ ਪਿੱਛੇ ਇਸਲਾਮੀ ਰਾਜ ਸ਼ਕਤੀ ਦੀ ਸਹਿਮਤੀ ਸੀ। ਚੰਦੂ ਨੇ ਬਲਦੀ 'ਤੇ ਤੇਲ ਪਾਇਆ ਸੀ। ਅੱਗੇ ਜਾ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਚ ਇਸੇ ਤਰ੍ਹਾਂ ਦੀ ਭੂਮਿਕਾ ਸੁੱਚਾ ਨੰਦ ਨੇ ਵੀ ਨਿਭਾਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਹੁਕਮ ਖੁਦ ਜਹਾਂਗੀਰ ਨੇ ਕੀਤਾ ਸੀ। ਤੁਜ਼ਕ-ਏ-ਜਹਾਂਗੀਰੀ ਵਿਚ ਦਿੱਤਾ ਹਵਾਲਾ ਜਹਾਂਗੀਰ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ। ਇਸ ਵਿਚ ਦਰਜ ਹੈ— "ਉਸਨੂੰ ਲੋਕ ਗੁਰੂ ਆਖਦੇ ਸਨ। ਹਰ ਪਾਸਿਓਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਉਸ ਵੱਲ ਧਾਹ ਕੇ ਆਉਂਦੇ ਸਨ ਅਤੇ ਉਸ ਉੱਤੇ ਪੂਰਾ ਈਮਾਨ ਲਿਆਉਂਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਮੁੱਦਤਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ਜਾਵੇ।"

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਅਤਿ ਸ਼ਾਂਤਮਈ ਸੀ। ਉਨ੍ਹਾਂ ਦੀ ਬਾਣੀ ਵਿਚ ਸੁਖ ਸ਼ਾਂਤੀ ਦੇ ਵਿਸ਼ੇ ਹੀ ਪ੍ਰਧਾਨ ਹਨ। ਸੁਖਮਨੀ ਸਾਹਿਬ ਦੀ ਬਾਣੀ ਮਨੁੱਖਤਾ ਵਿਚ ਸੁਖ ਦੀ ਵਰਖਾ ਕਰਦੀ ਹੈ। ਇਸ ਦੇ ਬਾਵਜੂਦ ਗੁਰੂ ਜੀ ਨੂੰ ਯਾਸਾ ਦੇ ਅਧੀਨ ਤਸੀਹੇ ਦੇ ਕੇ ਮੌਤ ਦੀ ਸਜ਼ਾ ਦਾ ਹੁਕਮ ਕੀਤਾ ਗਿਆ ਸੀ। ਇਸ ਦਾ ਉਦੇਸ਼ ਸਿੱਖ ਧਰਮ ਦੇ ਵਿਕਾਸ ਨੂੰ ਰੋਕਣਾ ਅਤੇ ਗੁਰੂ ਸਾਹਿਬਾਨ ਤੋਂ ਲੋਕਾਂ ਦੇ ਵਿਸ਼ਵਾਸ ਨੂੰ ਖਤਮ ਕਰਨਾ ਸੀ। ਇਸ ਹੁਕਮ ਪਿੱਛੇ ਇਸਲਾਮ ਦੇ ਧਾਰਮਿਕ ਲੋਕਾਂ ਦੀ ਸੰਮਤੀ ਵੀ ਨਾਲ ਸੀ। ਇਸ ਵਿਚ ਕਾਜ਼ੀਆਂ ਮੌਲਾਣਿਆਂ ਤੋਂ ਇਲਾਵਾ ਸ਼ੇਖ ਅਹਿਮਦ ਸਰਹੰਦੀ ਵਰਗੀਆਂ ਧਾਰਮਿਕ ਹਸਤੀਆਂ ਦਾ ਵੀ ਹੱਥ ਸੀ।

ਗੁਰੂ ਜੀ ਨੂੰ ਅਤਿ ਕਸ਼ਟਦਾਇਕ ਤਸੀਹੇ ਦਿੱਤੇ ਗਏ। ਸਾਂਈ ਮੀਆਂ ਮੀਰ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਗਏ ਤਸੀਹਿਆਂ ਨੂੰ ਦੇਖ ਕੇ ਬਹੁਤ ਦੁਖੀ ਹੋਏ।

*ਬਾਕੀ ਸਫ਼ਾ 32 'ਤੇ*

*ਮਈ ੨੦੨੨ ਦਾ ਬਾਕੀ :*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਪੰਜਾਬ ਦੀ ਰਾਜਧਾਨੀ ਦੇ ਨਾਲ ਲੱਗਦਾ ਇਹ ਨਗਰ ੨੦੦੬ ਈ. ਵਿਚ ਜ਼ਿਲ੍ਹੇ ਦਾ ਰੂਪ ਧਾਰਨ ਕਰ ਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਾ ਬਣ ਗਿਆ ਹੈ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਕੁਰਾਲੀ: ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿਚ ਇਹ ਨਗਰ ਸਰਹਿੰਦ ਤੋਂ ਰੋਪੜ ਜਾਣ ਵਾਲੀ ਸੜਕ 'ਤੇ ਸਥਿਤ ਹੈ। ਇਸ ਨਗਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਦੋ ਗੁਰਧਾਮ ਦੱਸੇ ਜਾਂਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਗੁਰਧਾਮ ਤਾਂ ਹਾਲੇ ਵੀ ਮੌਜੂਦ ਹੈ ਪਰ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਅਸਥਾਨ ਅਲੋਪ ਹੋ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਇਸ ਅਸਥਾਨ ਦਾ ਪ੍ਰਬੰਧ ਨਿੱਜੀ ਤੌਰ 'ਤੇ ਕੀਤਾ ਜਾਂਦਾ ਸੀ ਪਰ ੧੯੨੦ ਦੀ ਗੁਰਦੁਆਰਾ ਸੁਧਾਰ ਲਹਿਰ ਉਪਰੰਤ ਪ੍ਰਬੰਧ ਨੂੰ ਲੈ ਕੇ ਪੈਦਾ ਹੋਏ ਤਕਰਾਰ ਕਾਰਨ ਬੰਦ ਹੋ ਗਿਆ ਸੀ।[੪]

ਘੜੂੰਆਂ: ਮੋਰਿੰਡਾ-ਚੰਡੀਗੜ੍ਹ ਹਾਈਵੇ 'ਤੇ ਮੋਰਿੰਡੇ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਇਸ ਪਿੰਡ ਵਿਖੇ ਦੋ ਇਤਿਹਾਸਿਕ ਗੁਰਧਾਮ ਸੁਸ਼ੋਭਿਤ ਹਨ। ਸ੍ਰੀ ਗੁਰੂ ਹਰਿਰਾਇ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਦੇਗ ਸਾਹਿਬ ਪਾਤਸ਼ਾਹੀ ਸਤਵੀਂ ਪਿੰਡ ਦੇ ਅੰਦਰ ਮੌਜੂਦ ਹੈ ਅਤੇ ਗੁਰਦੁਆਰਾ ਸ੍ਰੀ ਅਕਾਲ ਗੜ੍ਹ ਸਾਹਿਬ ਪਿੰਡ ਦੇ ਬਾਹਰ ਸਥਿਤ ਹੈ ਜਿਹੜਾ ਕਿ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਮੋਰਿੰਡੇ ਤੋਂ ਆਉਂਦੇ ਹੋਏ ਘੜੂੰਆਂ ਦਾ ਪੁਲ ਉੱਤਰ ਕੇ ਖੱਬੇ ਹੱਥ ਅੱਧਾ ਕਿਲੋਮੀਟਰ ਅੰਦਰ ਵੱਲ ਇਸ ਗੁਰਧਾਮ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਸਥਾਨਿਕ ਰਵਾਇਤ ਦੱਸਦੀ ਹੈ ਕਿ ਬਲਰਾਮ (ਬਲਪਰਾਮ) ਤਰਖਾਣ ਨੇ ਗੁਰੂ ਜੀ ਦੀ ਸੇਵਾ ਕਰਦੇ ਹੋਏ ਬੇਨਤੀ ਕੀਤੀ ਕਿ ਸਾਡੇ ਘਰ ਵਿੱਚੋਂ ਤਪਦਿਕ ਦਾ ਰੋਗ ਨਹੀਂ ਜਾਂਦਾ। ਗੁਰੂ ਜੀ ਨੇ ਬਚਨ ਕੀਤਾ ਕਿ ਇਸ ਛੱਪੜੀ ਵਿਚ ਇਸ਼ਨਾਨ ਅਤੇ ਸੰਗਤ ਦੀ ਸੇਵਾ ਕਰੋ। ਪੁਰਾਣੀ ਛੱਪੜੀ ਹੁਣ ਸਰੋਵਰ ਦੇ ਰੂਪ ਵਿਚ ਤਬਦੀਲ ਹੋ ਗਈ ਹੈ। ੧੯੩੧ ਈ. ਵਿਚ ਭਾਈ ਧੰਨਾ ਸਿੰਘ ਇਸ ਪਿੰਡ ਵਿਖੇ ਪੁੱਜੇ ਤਾਂ ਇੱਥੇ ਗੁਰਧਾਮ ਦੀ ਨਵੀਂ ਇਮਾਰਤ ਦੀ ਉਸਾਰੀ ਹੋ ਰਹੀ ਸੀ ਅਤੇ ਭਾਈ ਰਾਮ ਸਿੰਘ ਮੁੱਖ ਸੇਵਾਦਾਰ ਸਨ।[੫] ਇਸ ਤੋਂ ਬਾਅਦ ਬਾਬਾ ਨਿਰੰਜਨ ਸਿੰਘ ਨਿਹੰਗ ਸਿੰਘ ਇੱਥੇ ਸੇਵਾ ਕਰਦੇ ਰਹੇ ਹਨ। ਮੌਜੂਦਾ ਸਮੇਂ ਵਿਚ ਬਾਬਾ ਹਰਬੰਸ ਸਿੰਘ ਦੀ ਸੰਸਥਾ ਦੇ ਬਾਬਾ ਗੁਰਦੀਪ ਸਿੰਘ (ਜਥੇਦਾਰ ਬਾਈ ਦੀਪ

*ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਸਿੰਘ) ਸੰਗਤ ਦੇ ਸਹਿਯੋਗ ਨਾਲ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੇ ਹਨ। ਕਾਰ-ਸੇਵਾ ਰਾਹੀਂ ੧੯੯੭ ਵਿਚ ਨਵੀਂ ਇਮਾਰਤ ਦੀ ਉਸਾਰੀ ਹੋਣ 'ਤੇ ਪ੍ਰਕਾਸ਼ ਕੀਤਾ ਗਿਆ ਹੈ। ਲਗ-ਪਗ ੪ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ੧੫ ਰਿਹਾਇਸ਼ੀ ਕਮਰੇ, ਪੁਰਾਤਨ ਖੂਹ ਆਦਿ ਮੌਜੂਦ ਹਨ।

ਤਸਿੰਬਲੀ: ਇਸ ਨੂੰ ਹਮਾਯੂੰਪੁਰ ਵੀ ਕਿਹਾ ਜਾਂਦਾ ਹੈ। ਅੰਬਾਲਾ-ਚੰਡੀਗੜ੍ਹ ਸੜਕ 'ਤੇ ਅੰਬਾਲਾ ਤੋਂ ਨਰਾਇਣਗੜ੍ਹ ਵਾਲੀ ਸੜਕ ਪੰਜੋਖਰਾ ਸਾਹਿਬ ਤੋਂ ੫ ਕਿਲੋਮੀਟਰ ਦੀ ਦੂਰੀ 'ਤੇ ਇਹ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿਚ ਸਥਿਤ ਹੈ। ਇਸ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਸੁਸ਼ੋਭਿਤ ਹੈ। ਪਟਨਾ ਸਾਹਿਬ ਤੋਂ ਪੰਜਾਬ ਵਾਪਸ ਆਉਂਦੇ ਹੋਏ ਲਖਨੌਰ ਸਾਹਿਬ ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਉਨ੍ਹਾਂ ਨੇ ਇਕ ਧਰਮਾਤਮਾ ਪੁਰਖ ਸ਼ਿਵਚਰਨ ਦਾਸ ਨਾਲ ਵਿਚਾਰ-ਚਰਚਾ ਕੀਤੀ ਸੀ। ਜੁਲਾਈ ੧੯੩੧ ਈ. ਵਿਚ ਭਾਈ ਧੰਨਾ ਸਿੰਘ ਇੱਥੇ ਆਏ ਸਨ। ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਦੱਸਦੇ ਹਨ ਕਿ ਤਸਿੰਮਲੀ ਪਿੰਡ ਦੇ ਇਸ ਗੁਰਧਾਮ ਵਿਖੇ ਨਿਸ਼ਾਨ ਸਾਹਿਬ ਝੂਲ ਰਿਹਾ ਹੈ ਤੇ ਪ੍ਰਕਾਸ਼ ਹੁੰਦਾ ਹੈ। ਜ਼ਮੀਨ ੨੦-੨੫ ਬਿਗੇ ਮਾਫ਼ੀ ਹੈ। ਮਹੰਤ ਭਾਈ ਪ੍ਰਸਿੰਨ ਸਿੰਘ ਗ੍ਰਿਹਸਤੀ ਹੈ। ਰਿਆਸਤ ਪਟਿਆਲਾ ਵੱਲੋਂ ੨੭ ਰੁਪਏ ੨੫ ਆਨੇ ਸਲਾਨਾ ਜਗੀਰ ਮਿਲਦੀ ਹੈ।[੬]

ਮੌਜੂਦਾ ਸਮੇਂ ਵਿਚ ਇੱਥੇ ਇਕ ਸੁੰਦਰ ਗੁਰਧਾਮ ਸੁਸ਼ੋਭਿਤ ਹੈ ਜਿਸ ਦੀ ੩੦ ਸਾਲ ਪਹਿਲਾਂ ਕਾਰ-ਸੇਵਾ ਕਰਵਾਈ ਗਈ ਸੀ। ਬਾਬਾ ਹਰਬੰਸ ਸਿੰਘ ਕਾਰ-ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਜਗੀਰ ਸਿੰਘ ਨੇ ੮੦ ਫੁੱਟ ਲੰਮਾ ਅਤੇ ੪੦ ਫੁੱਟ ਚੌੜਾ ਦਰਬਾਰ ਹਾਲ ਬਣਾਇਆ ਹੈ। ਇਸ ਤੋਂ ਇਲਾਵਾ ਲਗ-ਪਗ ੨ ਏਕੜ ਜ਼ਮੀਨ 'ਤੇ ਲੰਗਰ ਹਾਲ ਅਤੇ ਗ੍ਰੰਥੀ ਸਿੰਘਾਂ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ੨੫ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ੧੯੨੫ ਦੇ ਸੀਰੀਅਲ ਨੰ. ੨੬੨ 'ਤੇ ਦਰਜ ਇਸ ਗੁਰਧਾਮ ਦਾ ਪ੍ਰਬੰਧ ਐਕਟ ਦੀ ਧਾਰਾ ੮੭ ਅਧੀਨ ਕੀਤਾ ਜਾਂਦਾ ਹੈ।

ਸੰਗਰੂਰ ਜ਼ਿਲ੍ਹਾ: ਮਾਲਵੇ ਦੇ ਇਸ ਪੁਰਾਤਨ ਨਗਰ ਦਾ ਸਿੱਖ ਧਰਮ ਨਾਲ ਸੰਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜੁੜਦਾ ਹੈ। ਇਨ੍ਹਾਂ ਦੀ ਯਾਦ ਵਿੱਚ ਇੱਥੇ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਸਸ਼ੋਭਿਤ ਹੈ। ਇਸੇ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਆਏ ਸਨ। ਇਸ ਅਸਥਾਨ 'ਤੇ ਕਰੀਰ ਦਾ ਇਕ ਪੁਰਾਤਨ ਰੁੱਖ ਮੌਜੂਦ ਹੈ ਜਿਸ ਨਾਲ ਗੁਰੂ ਜੀ ਨੇ ਆਪਣਾ ਘੋੜਾ ਬੰਨਿਆ ਸੀ। ੧੭੬੪ ਈ. ਵਿਚ ਸਿੱਖ ਸਰਦਾਰਾਂ ਨੇ ਅਫ਼ਗਾਨ ਹਾਕਮ ਜ਼ੈਨ ਖ਼ਾਨ ਨੂੰ ਮਾਰ ਕੇ ਸਰਹਿੰਦ 'ਤੇ ਕਬਜ਼ਾ ਕਰ ਲਿਆ ਤਾਂ ਇਹ ਪੰਜਾਬ ਦੇ ਸੁਤੰਤਰ ਹਾਕਮਾਂ ਵਜੋਂ ਸਾਹਮਣੇ ਆਏ। ਪੰਜਾਬ ਵਿਚ

ਇਨ੍ਹਾਂ ਨੇ ਆਪੋ-ਆਪਣੇ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ। ਸੰਗਰੂਰ ਰਾਜਾ ਗਜਪਤ ਸਿੰਘ ਦੇ ਹੱਥ ਆਇਆ ਜਿਸ ਨੇ ਜੀਂਦ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਰਾਜਾ ਸੰਗਤ ਸਿੰਘ ੧੮੨੨ ਵਿਚ ਜੀਂਦ ਦੀ ਰਾਜਗੱਦੀ 'ਤੇ ਬੈਠਿਆ ਅਤੇ ੧੮੨੭ ਈ. ਵਿਚ ਇਸ ਨੇ ਸੰਗਰੂਰ ਨੂੰ ਆਪਣੀ ਰਾਜਧਾਨੀ ਬਣਾਇਆ। ਭਾਰਤ-ਪਾਕਿ ਵੰਡ ਉਪਰੰਤ ੧੯੪੮ ਈ. ਵਿਚ ਇਹ ਨਗਰ ਜ਼ਿਲ੍ਹਾ ਬਣ ਗਿਆ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਬਹੁਤ ਸਾਰੇ ਗੁਰਧਾਮ ਸੁਸ਼ੋਭਿਤ ਹਨ।

ਅਕੋਈ: ਸੰਗਰੂਰ ਜ਼ਿਲ੍ਹੇ ਦਾ ਇਹ ਪਿੰਡ ਗੁਰਦੁਆਰਾ ਨਾਨਕਿਆਣਾ ਸਾਹਿਬ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਅਕੋਈ ਸਾਹਿਬ ਸੁਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਇਸ ਅਸਥਾਨ 'ਤੇ ਸੰਗਤ ਜੁੜਨੀ ਸ਼ੁਰੂ ਹੋ ਗਈ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਭਾਈ ਮਾਣਕ ਚੰਦ ਇੱਥੇ ਮੌਜੂਦ ਸਨ ਜਿਸ ਨੇ ਗੁਰੂ ਜੀ ਦੀ ਸੇਵਾ ਕੀਤੀ। ਗੁਰੂ ਜੀ ਨੇ ਇੱਥੇ ਇਕ ਕਰੀਰ ਦੇ ਰੁੱਖ ਨਾਲ ਘੋੜਾ ਬੰਨਿਆ ਸੀ ਜਿਹੜਾ ਕਿ ਹਾਲੇ ਤਕ ਸੰਭਾਲ ਕੇ ਰੱਖਿਆ ਹੋਇਆ ਹੈ। ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਇਸ ਗੁਰਧਾਮ ਵਿਖੇ ਦੋ ਗੁਰੂ ਸਾਹਿਬਾਨ ਦੇ ਆਉਣ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ ਕਿ ਅਕੋਈ ਸਾਹਿਬ ਦੇ ਛਿਪਦੀ ਤਰਫ ੨੦੦ ਕਰਮਾਂ 'ਤੇ ਛੇਵੇਂ ਪਾਤਸ਼ਾਹ ਜੀ ਦਾ ਗੁਰਦੁਆਰਾ ਹੈ ਜਿਸ ਕਰੀਰ ਦੇ ਦਰੱਖ਼ਤ ਨਾਲ ਪਿਤਾ ਜੀ ਨੇ ਘੋੜਾ ਬੰਨਿਆ ਸੀ, ਉਹ ਕਰੀਰ ਅੱਜ ਤਕ ਮੰਜੀ ਸਾਹਿਬ ਦੇ ਪਾਸ ਹੀ ਹੈ। ਮਾਨਕ ਚੰਦ ਦਾ ਪ੍ਰੇਮ ਦੇਖ ਕੇ ਕਾਂਝਲੇ ਤੋਂ ਛੇਵੇਂ ਪਿਤਾ ਜੀ ਇੱਥੇ ਆਏ ਸਨ। ਇਨ੍ਹਾਂ ਤੋਂ ਪਹਿਲਾਂ ਇਸ ਜਗ੍ਹਾ ਪਹਿਲੀ ਪਾਤਸਾਹੀ ਜੀ ਭੀ ਆਏ ਸਨ ਜਿਹੜੇ ਕਿ ਅੱਗੇ ਭੰਬਾਵੰਦੀ ਨੂੰ ਚਲੇ ਗਏ ਸਨ। ਪਿੰਡ ਅਕੋਈ ਦੇ ਗੁਰਦੁਆਰਾ ਸਾਹਿਬ ਕੋਲ ੪੦੦ ਵਿੱਘੇ ਜ਼ਮੀਨ ਅਤੇ ਜੀਂਦ ਰਿਆਸਤ ਤੋਂ ਸਵਾ ਸੌ ਰੁਪਈਆ ਸਲਾਨਾ ਮਿਲਦਾ ਹੈ। ਲੰਗਰ ਤੇ ਰਿਹਾਇਸ਼ ਹੈ। ਮਹੰਤ ਭਗਤ ਸਿੰਘ ਤੇ ਗੁਰਨਾਮ ਸਿੰਘ ਜੀ ਹਨ।[੭]

ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਇੱਥੇ ਆਏ ਸਨ। ਗਿਆਨੀ ਗਿਆਨ ਸਿੰਘ ਇਸ ਨਗਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦਾ ਜ਼ਿਕਰ ਕਰਦੇ ਹਨ। ਇਸ ਤਰ੍ਹਾਂ ਇਹ ਗੁਰਧਾਮ ਚਾਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਦੱਸਿਆ ਜਾਂਦਾ ਹੈ।

ਇਸ ਅਸਥਾਨ 'ਤੇ ਇਕ ਪੁਰਾਤਨ ਮੰਜੀ ਸਾਹਿਬ ਸੁਸ਼ੋਭਿਤ ਸੀ ਜਿਸ ਦੀ ਜਗ੍ਹਾ 'ਤੇ ਨਵੇਂ ਮੰਜੀ ਸਾਹਿਬ ਦੀ ਉਸਾਰੀ ਕਰਵਾਈ ਗਈ ਅਤੇ ਨਾਲ ਹੀ ਦਰਬਾਰ ਹਾਲ ਬਣਿਆ ਹੋਇਆ ਹੈ। ਬਾਬਾ ਸ਼ਯਾਮ ਸਿੰਘ, ਬਾਬਾ ਭਗਤ ਸਿੰਘ, ਬਾਬਾ ਜਗੀਰ ਸਿੰਘ ਆਦਿ ਸ਼ਖ਼ਸੀਅਤਾਂ ਇਸ ਅਸਥਾਨ 'ਤੇ ਸੇਵਾ ਕਰਦੀਆਂ ਰਹੀਆਂ ਹਨ। ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਇਕ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ੪ ਏਕੜ ਜ਼ਮੀਨ 'ਤੇ ਦਰਬਾਰ ਹਾਲ, ਮੰਜੀ ਸਾਹਿਬ, ਸਰੋਵਰ, ਡਿਉੜ੍ਹੀ, ਲੰਗਰ ਹਾਲ, ੧੨ ਰਿਹਾਇਸ਼ੀ ਕਮਰੇ ਅਤੇ ਪਸ਼ੂਆਂ ਦਾ ਵਾੜਾ ਬਣਿਆ ਹੋਇਆ ਹੈ। ਲਗ-ਪਗ ੬੫ ਏਕੜ ਵਾਹੀ ਯੋਗ ਜ਼ਮੀਨ ਵਿੱਚੋਂ ਅੱਧੀ ਠੇਕੇ 'ਤੇ ਦਿੱਤੀ ਜਾਂਦੀ ਹੈ ਅਤੇ ਅੱਧੀ 'ਤੇ ਸਥਾਨਿਕ ਕਮੇਟੀ ਵੱਲੋਂ ਖੇਤੀ ਕਰਵਾਈ ਜਾਂਦੀ ਹੈ। ਸਿਕਲ ਕੀਤੇ ਕੁਝ ਪੁਰਾਤਨ ਸ਼ਸਤਰ ਵੀ ਇੱਥੇ ਸੰਭਾਲ ਕੇ ਰੱਖੇ ਹੋਏ ਹਨ।

ਆਲੋਅਰਖ: ਭਵਾਨੀਗੜ੍ਹ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਦਿਵਾਉਂਦਾ ਹੈ। ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਸਾਖਾ ਸਿੰਘ ਦੱਸਦਾ ਹੈ, "ਆਲੋਹਰਖ ਰਿਆਸਤ ਪਟਿਆਲਾ ਨਜਾਮਤ ਸੁਨਾਮ ਤਹਿਸੀਲ, ਥਾਣਾ ਭਵਾਨੀਗੜ੍ਹ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ 'ਗੁਣੀਕੇ' ਤੋਂ ਇੱਥੇ ਆਏ ਹਨ। ਉਸ ਜਗ੍ਹਾ ਗੁਰਦੁਆਰਾ ਬਹੁਤ ਸੁੰਦਰ ਸੰਮਤ ੧੯੬੬ (ਸੰਨ ੧੯੦੯) ਵਿਚ ਨਗਰ ਤੇ ਇਲਾਕੇ ਨਿਵਾਸੀ ਸੰਗਤ ਨੇ ਬਣਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਪ੍ਰਕਾਸ਼ ਹੁੰਦੇ ਹਨ। ਜਿਸ ਜਗ੍ਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਪਾਉਣ ਵਾਲੀ ਥਾਂ ਹੈ, ਉੱਥੇ ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਗੁਰਦੁਆਰੇ ਦੇ ਨਾਮ ੧੨੫ ਵਿਘੇ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਹੈ।"[੮]

ਇਸੇ ਅਸਥਾਨ 'ਤੇ ਹੀ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਅਸਤੀਆਂ ਦੱਬੀਆਂ ਹੋਈਆਂ ਹਨ ਜਿਨ੍ਹਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰੂ ਕੀਆਂ ਸਾਖੀਆਂ ਵਿੱਚ ਦੱਸਿਆ ਗਿਆ ਹੈ ਕਿ "ਦੀਵਾਨ ਟੋਡਰ ਮੱਲ ਕਪੂਰ ਤੇ ਇਸ ਕੇ ਛੋਟੇ ਭਾਈ ਨੇ ਗੈਲ ਹੋਇ ਬਸਤੀ ਸੇ ਬਾਹਰ ਇਨ ਤੀਨੋਂ ਕੀਆਂ ਲਾਸ਼ਾਂ ਲੈ ਜਾਇ ਕੇ ਸਸਕਾਰ ਕਰ ਦੀਆ ਥਾ। ਸਸਕਾਰ ਕੇ ਪਾਛੇ ਤੀਜੇ ਦਿਹੁੰ ਏਕ ਜੋਧ ਸਿੰਘ ਨਾਮੀ ਸਿੱਖ ਤੀਨੋਂ ਕੀ ਭਸਮ ਉਠਾਇ ਆਪਨੇ ਗਾਮ ਮੇਂ ਲੈ ਆਇਆ। ਬਾਹਰ ਝਿੜੀ ਮੇਂ ਲੈ ਜਾਇ ਏਕ ਸਾਗਰ ਮੇਂ ਦਬਾਇ ਦਈ।"[੯] ਇਹ ਪਿੰਡ ਪਟਿਆਲਾ ਰਿਆਸਤ ਦੇ ਅਧੀਨ ਸੀ ਅਤੇ ਇੱਥੋਂ ਦੇ ਮਹਾਰਾਜਾ ਕਰਮ ਸਿੰਘ (੧੭੯੮ ਈ.-੧੮੪੫ ਈ.) ਇਸ ਅਸਥਾਨ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਯਥਾਯੋਗ ਸਹਾਇਤਾ ਦਿੰਦੇ ਸਨ।

੧੯੯੧ ਈ. ਵਿਚ ਬਾਬਾ ਕਿਰਪਾਲ ਸਿੰਘ ਜੀ ਨੇ ਇਸ ਅਸਥਾਨ 'ਤੇ ਇਕ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕਰਵਾਈ, ੧੯੯੫ ਈ. ਵਿਚ ਸੰਪੂਰਨ ਹੋਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਪਹਿਲਾਂ ਇਕ ਸਥਾਨਿਕ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਸੀ ਪਰ ੧੯੭੦ ਈ. ਵਿਚ ਇਹ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਲਗ-ਪਗ ੩ ਏਕੜ ਜ਼ਮੀਨ 'ਤੇ ੨ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ ਸਰੋਵਰ, ੧੮ ਰਿਹਾਇਸ਼ੀ ਕਮਰੇ ਅਤੇ ਡਿਉੜ੍ਹੀ ਬਣੀ ਹੋਈ ਹੈ। ੮੫ ਵਿੱਘੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ ਹੈ। ਪੂਰਨਮਾਸੀ ਵੀ ਭਰਦੀ ਹੈ। ੧੪ ਪੋਹ ਨੂੰ ਗੁਰਦੁਆਰਾ ਜੋਤੀ ਸਰੂਪ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਇਸ ਅਸਥਾਨ 'ਤੇ ਨਗਰ ਕੀਰਤਨ ਆਉਂਦਾ ਹੈ।

ਸ਼ਾਹਪੁਰ ਕਲਾਂ: ਸੰਗਰੂਰ ਜ਼ਿਲ੍ਹੇ ਵਿਚ ਇਹ ਪਿੰਡ ਮਾਨਸਾ-ਸੁਨਾਮ ਸੜਕ 'ਤੇ ਚੀਮਾ ਤੋਂ ੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਪੁਰਾਤਨ ਮੰਜੀ ਸਾਹਿਬ ਹਾਲੇ ਵੀ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਇਸ ਦੇ ਹੇਠਾਂ ਇਕ ਭੋਰਾ ਬਣਿਆ ਹੋਇਆ ਹੈ। ੨੦੦੯ ਈ. ਵਿਚ ਇਸ ਮੰਜੀ ਸਾਹਿਬ ਨੂੰ ਨਵੀਂ ਦਿੱਖ ਪ੍ਰਦਾਨ ਕਰਦੇ ਹੋਏ ਇੱਥੇ ਟਾਇਲਾਂ ਆਦਿ ਲਗਾ ਦਿੱਤੀਆਂ ਗਈਆਂ ਹਨ। ਇਸ ਦੇ ਸਾਹਮਣੇ ਹੀ ਪਹਿਲੀ ਮੰਜ਼ਲ 'ਤੇ ਇਕ ਨਵਾਂ ਖੁੱਲ੍ਹਾ-ਡੁੱਲ੍ਹਾ ਦਰਬਾਰ ਹਾਲ ੨੦੧੮ ਈ. ਵਿਚ ਤਿਆਰ ਕੀਤਾ ਗਿਆ ਸੀ। ਪੁਰਾਤਨ ਖੂਹੀ ਨਵੇਂ ਦਰਬਾਰ ਹਾਲ ਦੀ ਉਸਾਰੀ ਸਮੇਂ ਬੰਦ ਕਰ ਦਿੱਤੀ ਗਈ ਹੈ ਪਰ ਪਿੱਪਲ ਦਾ ਇਕ ਪੁਰਾਤਨ ਰੁੱਖ ਹਾਲੇ ਵੀ ਇੱਥੇ ਮੌਜੂਦ ਹੈ।

ਲਗ-ਪਗ ਪੌਣੇ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਪੁਰਾਤਨ ਮੰਜੀ ਸਾਹਿਬ, ਸਰੋਵਰ, ੧੦ ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ੨੨ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ ੧੨ ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਦੀ ਹੈ।

ਕਣਕਵਾਲ ਭੰਗੂਆਂ: ਸੰਗਰੂਰ ਜ਼ਿਲ੍ਹੇ ਦਾ ਇਹ ਪਿੰਡ ਗੰਢੂਆਂ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਨੂੰ ਵੱਡੀ ਕਣਕਵਾਲ ਵੀ ਕਿਹਾ ਜਾਂਦਾ ਹੈ। ਮਾਲਵੇ ਦੀ ਧਰਮ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਭੀਖੀ ਤੋਂ ਗੰਢੂਆਂ ਵਿਖੇ ਆਪਣੇ ਇਕ ਸਿੱਖ ਭਾਈ ਮੁਗਲੂ ਨੂੰ ਦਰਸ਼ਨ ਦੇਣ ਲਈ ਜਾਂਦੇ ਹੋਏ ਇਸ ਅਸਥਾਨ 'ਤੇ ਆਏ ਸਨ। ਇਨ੍ਹਾਂ ਦੀ ਯਾਦ ਵਿਚ ਇੱਥੇ ਇਕ ਮੰਜੀ ਸਾਹਿਬ ਬਣਿਆ ਹੋਇਆ ਸੀ।

੧੯੮੩ ਈ. ਵਿਚ ਪਿੰਡ ਦੀ ਸਥਾਨਕ ਸੰਗਤ ਦੁਆਰਾ ਤਿਆਰ ਕਰਵਾਏ ਗਏ ਮੌਜੂਦਾ ਗੁਰਧਾਮ ਦਾ ਪ੍ਰਬੰਧ ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ) ਵੱਲੋਂ ਕੀਤਾ ਜਾਂਦਾ ਹੈ। ਇੱਥੋਂ ਦੇ ਮੁੱਖ ਸੇਵਾਦਾਰ ਭਾਈ ਅਮਰਜੀਤ ਸਿੰਘ ਨੇ ਦੱਸਿਆ ਕਿ

੨੦੦੮ ਤੋਂ ਇਹ ਅਸਥਾਨ ਦਮਦਮੀ ਟਕਸਾਲ ਦੇ ਪ੍ਰਬੰਧ ਅਧੀਨ ਹੈ ਅਤੇ ਇੱਥੇ ਗੁਰਮਤਿ ਵਿਦਿਆਲਾ ਚਲਾਇਆ ਜਾ ਰਿਹਾ ਹੈ ਜਿਸ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਯਾ, ਕੀਰਤਨ, ਗੁਰਬਾਣੀ ਅਤੇ ਇਤਿਹਾਸ ਦੀ ਕਥਾ ਆਦਿ ਕਰਵਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਵਿਦਿਆਲਾ ਅਤੇ ੧੦ ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ ੬ ਏਕੜ 'ਤੇ ਖੇਤੀ ਕੀਤੀ ਜਾਂਦੀ ਹੈ। ਨੌਂਵੇਂ ਅਤੇ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਨੌਂਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਕਮਾਲਪੁਰ: ਸੰਗਰੂਰ ਜ਼ਿਲ੍ਹੇ ਵਿਚ ਦਿੜ੍ਹਬੇ ਤੋਂ ੮ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਇਸ ਪਿੰਡ ਵਿਖੇ ਦੋ ਗੁਰਧਾਮ ਸੁਸ਼ੋਭਿਤ ਹਨ। ਇਨ੍ਹਾਂ ਵਿੱਚੋਂ ਇਕ ਪਿੰਡ ਦੇ ਅੰਦਰ ਅਤੇ ਇਕ ਬਾਹਰ ਦਿਆਲਗੜ੍ਹ ਜੇਜੀਆਂ ਵਾਲੀ ਸੜਕ 'ਤੇ ਹੈ। ਪਿੰਡ ਦੇ ਅੰਦਰਲਾ ਗੁਰਧਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ ਅਤੇ ਪਿੰਡ ਦਾ ਬਾਹਰਲਾ ਗੁਰਧਾਮ ਗੁਰਦੁਆਰਾ ਸਾਹਿਬ ਕਮਾਲਪੁਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਪਹਿਲਾਂ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਇਸ ਅਸਥਾਨ 'ਤੇ ਇਕ ਗੁਰਧਾਮ ਦੀ ਉਸਾਰੀ ਕਰਵਾ ਕੇ ੧੫ ਏਕੜ ਜ਼ਮੀਨ ਇਸ ਦੇ ਨਾਂ ਲਵਾਈ ਸੀ। ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਦੀ ਸੰਸਥਾ ਦੇ ਬਾਬਾ ਬਖ਼ਸ਼ੀਸ਼ ਸਿੰਘ ਦੇ ਯਤਨਾਂ ਸਦਕਾ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੯੭ ਈ. ਵਿਚ ਉਸਾਰੀ ਗਈ ਅਤੇ ਮੌਜੂਦਾ ਸਮੇਂ ਬਾਬਾ ਬਲਵੀਰ ਸਿੰਘ ਇੱਥੇ ਕਾਰ-ਸੇਵਾ ਕਰਵਾ ਰਹੇ ਹਨ। ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਵਿੰਦਰ ਸਿੰਘ ਨੇ ਦੱਸਿਆ ਕਿ ਮੌਜੂਦਾ ਸਮੇਂ ਵਿਚ ੧੧ ਏਕੜ ਜ਼ਮੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਸਾਹਿਬ ਦੇ ਨਾਂ ਅਤੇ ੨੧ ਏਕੜ ਜ਼ਮੀਨ ਤਿੰਨ ਗੁਰੂ ਸਾਹਿਬਾਨ ਦੇ ਨਾਂ 'ਤੇ ਸੁਸ਼ੋਭਿਤ ਇਸ ਗੁਰਧਾਮ ਦੇ ਨਾਂ ਹੈ। ਇਸ ਤੋਂ ਇਲਾਵਾ ੬ ਏਕੜ ਜ਼ਮੀਨ 'ਤੇ ਦਰਬਾਰ ਹਾਲ ਅਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਗੁਰਪੁਰਬਾਂ ਤੋਂ ਇਲਾਵਾ ਮੱਸਿਆ ਮੌਕੇ ਸੰਗਤ ਇੱਥੇ ਹਾਜ਼ਰੀ ਭਰਦੀ ਹੈ।

ਕਾਂਝਲਾ: ਇਹ ਪਿੰਡ ਸੰਗਰੂਰ ਤੋਂ ਲਗ-ਪਗ ੧੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਨ੍ਹਾਂ ਤਿੰਨ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਗੁਰਦੁਆਰਾ ਝਿੜਾ ਸਾਹਿਬ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪਹਿਲਾਂ ਇਕ ਨਿਹੰਗ ਸਿੰਘ ਇੱਥੇ ਸੇਵਾ ਕਰਦੇ ਸਨ। ਇਨ੍ਹਾਂ ਤੋਂ ਬਾਅਦ ਬਾਬਾ ਜਗਤ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। ਇਨ੍ਹਾਂ ਦੇ ਦੋ ਸ਼ਰਧਾਲੂ ਬਾਬਾ ਬਿਸ਼ਨ ਸਿੰਘ ਅਤੇ ਬਾਬਾ ਗੁਲਾਬ ਸਿੰਘ ਸਨ ਜਿਹੜੇ ਇਨ੍ਹਾਂ ਤੋਂ

ਬਾਅਦ ਇਸ ਅਸਥਾਨ ਦਾ ਪ੍ਰਬੰਧ ਦੇਖਦੇ ਸਨ। ੧੯ ਅਪ੍ਰੈਲ, ੧੯੬੧੨ ਈ. ਨੂੰ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਨੇ ਰੱਖੀ ਸੀ ਜਿਹੜੀ ਕਿ ਬਾਬਾ ਬਿਸ਼ਨ ਸਿੰਘ ਜੀ ਨੇ ਸੰਪੂਰਨ ਕਰਵਾਈ। ਭੋਰਾ ਸਾਹਿਬ ਦੇ ਰੂਪ ਵਿਚ ਇਨ੍ਹਾਂ ਦਾ ਤਪ ਅਸਥਾਨ ਵੀ ਇੱਥੇ ਮੌਜੂਦ ਹੈ। ਦਰਬਾਰ ਹਾਲ ਦੇ ਪਿਛਲੇ ਪਾਸੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸਾਹਿਬ ਦੀ ਲਗ-ਪਗ ੫ ਏਕੜ ਜ਼ਮੀਨ ’ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਸਰੋਵਰ, ੧੨ ਰਿਹਾਇਸ਼ੀ ਕਮਰੇ ਅਤੇ ਬਾਬਾ ਬਿਸ਼ਨ ਸਿੰਘ ਜੀ ਦਾ ਭੋਰਾ ਸਾਹਿਬ ਬਣਿਆ ਹੋਇਆ ਹੈ। ੩੮ ਏਕੜ ਵਾਹੀ ਯੋਗ ਜ਼ਮੀਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਗਾਗਾ: ਸੰਗਰੂਰ ਜ਼ਿਲ੍ਹੇ ਦਾ ਇਹ ਪਿੰਡ ਲਹਿਰੇ ਦੇ ਨਾਲ ਜਾ ਲੱਗਦਾ ਹੈ ਜਿਸ ਕਰ ਕੇ ਇਨ੍ਹਾਂ ਦੋਵਾਂ ਪਿੰਡਾਂ ਨੂੰ ਸੰਯੁਕਤ ਰੂਪ ਵਿਚ ਲਹਿਰਾਗਾਗਾ ਕਿਹਾ ਜਾਂਦਾ ਹੈ। ਲਹਿਰਾਗਾਗਾ ਰੇਲਵੇ ਸਟੇਸ਼ਨ ਧੂਰੀ-ਜਾਖ਼ਲ ਰੇਲਵੇ ਲਾਈਨ ’ਤੇ ਸਥਿਤ ਹੈ। ਇਸ ਪਿੰਡ ਵਿਖੇ ਜਿਸ ਅਸਥਾਨ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ ਸੀ ਉੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਗੁਰੂ ਜੀ ਬਰੇ, ਬੱਛੋਆਣਾ, ਗੋਬਿੰਦ ਪੁਰੇ ਹੁੰਦੇ ਹੋਏ ਇਸ ਪਿੰਡ ਵਿਖੇ ਪੁੱਜੇ ਸਨ। ਗੁਰੂ ਜੀ ਦੇ ਸਿੱਖ ਘੋੜਿਆਂ ਲਈ ਘਾਹ ਲੈਣ ਪਿੰਡ ਗਏ ਤਾਂ ਰੰਘੜਾਂ ਅਤੇ ਬਰਖੇਸੀਆਂ ਨੇ ਗੁਰਸਿੱਖਾਂ ਨਾਲ ਦੁਰ-ਵਿਹਾਰ ਕੀਤਾ। ਗੁਰੂ ਜੀ ਇੱਥੋਂ ਅਗਲੇ ਪਿੰਡ ਚਲੇ ਗਏ ਸਨ।[੧੦] ਜਦੋਂ ਪਿੰਡ ਦੇ ਲੋਕਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਚੱਲ ਪਏ। ਮਕੋਰੜ ਵਿਖੇ ਸੰਗਤ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਇਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ।

ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਪ੍ਰਦੁਮਨ ਸਿੰਘ ਬੱਦੋਂ ਦੱਸਦੇ ਹਨ ਕਿ ਸੰਮਤ ੧੯੩੩ (ਸੰਨ ੧੮੭੬) ਵਿਚ ਨਾਭਾ ਰਿਆਸਤ ਦੇ ਵਜ਼ੀਰ ਸਰਦਾਰ ਸੇਵਾ ਸਿੰਘ ਨੇ ਇਸ ਗੁਰਧਾਮ ਦੀ ਸੇਵਾ ਕਰਵਾਈ ਅਤੇ ਰਿਹਾਇਸ਼ੀ ਕਮਰੇ ਬਣਵਾਏ ਸਨ। ਵਜ਼ੀਰ ਸਾਹਿਬ ਇੱਥੇ ਵਿਆਹੇ ਹੋਏ ਸਨ। ੭੫੦ ਵਿੱਘੇ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਇਸ ਗੁਰਧਾਮ ਦੇ ਨਾਂ ਲਵਾਈ ਗਈ। ਪੁਜਾਰੀ ਭਾਈ ਪਿਆਰਾ ਸਿੰਘ ਜੀ ਗ੍ਰਿਹਸਥੀ ਪ੍ਰੇਮੀ ਹਨ।[੧੧]

ਸ. ਮੱਘਰ ਸਿੰਘ ਇਸ ਅਸਥਾਨ ’ਤੇ ੪੫ ਸਾਲ ਮੈਨੇਜਰ ਰਹੇ ਹਨ ਅਤੇ ਇਹ ਇਸ ਅਸਥਾਨ ਸੰਬੰਧੀ ਬਹੁਤ ਹੀ ਗਹਿਰ-ਗੰਭੀਰ ਜਾਣਕਾਰੀ ਰੱਖਦੇ ਹਨ। ਇਨ੍ਹਾਂ ਨੇ ਦੱਸਿਆ ਕਿ ਕੈਥਲ ਦੇ ਰਾਜੇ ਉਦੈ ਸਿੰਘ ਨੇ ਭਾਈ ਜਵਾਹਰ ਸਿੰਘ ਨੂੰ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਭਾਈ ਕੇ ਚੱਕ ਤੋਂ ਭੇਜਿਆ ਸੀ। ਇਨ੍ਹਾਂ ਨੇ ਬਹੁਤ ਹੀ ਮਿਹਨਤ, ਲਗਨ ਅਤੇ ਸ਼ਰਧਾ ਭਾਵਨਾ ਨਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦਾ ਪੁੱਤਰ ਨਰੈਣ ਸਿੰਘ ਇਸ ਗੁਰਧਾਮ ਦੀ ਸੇਵਾ

ਕਰਦਾ ਰਿਹਾ। ਇਨ੍ਹਾਂ ਤੋਂ ਬਾਅਦ ਇਸ ਗੁਰਧਾਮ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਇਨ੍ਹਾਂ ਦੇ ਪੁੱਤਰ ਭਾਈ ਪਿਆਰਾ ਸਿੰਘ ਨੇ ਸੰਭਾਲ ਲਈ ਸੀ। ਇਨ੍ਹਾਂ ਤੋਂ ਬਾਅਦ ੧੯੪੭ ਵਿਚ ਅੰਤਰਿਮ ਗੁਰਦੁਆਰਾ ਬੋਰਡ ਪਟਿਆਲਾ ਨੇ ਇਕ ਕਮੇਟੀ ਬਣਾ ਦਿੱਤੀ ਜਿਹੜੀ ਕਿ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਲੱਗੀ। ੧੯੫੬ ਵਿਚ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਹੋ ਜਾਣ ਨਾਲ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲਾ ਗਿਆ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਰਤਨ ਸਿੰਘ ਨੇ ਕਰਵਾਈ। ਇਸ ਤੋਂ ਪਹਿਲਾਂ ਇੱਥੇ ਇਕ ਪੁਰਾਤਨ ਖੂਹ ਅਤੇ ਉਹ ਰੁੱਖ ਸੀ ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ। ਇਹ ਦੋਵੇਂ ਨਿਸ਼ਾਨੀਆਂ ੧੯੯੬-੯੮ ਦੀ ਕਾਰ ਸੇਵਾ ਮੌਕੇ ਦਰਬਾਰ ਹਾਲ ਦੇ ਹੇਠਾਂ ਆ ਗਈਆਂ। ਪੁਰਾਤਨ ਢਾਬ ਸਰੋਵਰ ਦਾ ਰੂਪ ਧਾਰਨ ਕਰ ਗਈ ਹੈ। ੫ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਸਿਲਾਈ ਸੈਂਟਰ, ਲਾਇਬ੍ਰੇਰੀ ਆਦਿ ਬਣੇ ਹੋਏ ਹਨ ਅਤੇ ਇਸ ਤੋਂ ਇਲਾਵਾ ੫੦੦ ਵਿੱਘੇ ਜ਼ਮੀਨ ਖੇਤੀ ਲਈ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਗੁਰਨੇ ਕਲਾਂ: ਸੰਗਰੂਰ ਜ਼ਿਲ੍ਹੇ ਵਿਚ ਇਹ ਪਿੰਡ ਗਾਗੇ ਦੇ ਇਤਿਹਾਸਿਕ ਗੁਰਧਾਮ ਤੋਂ ਲਗ-ਪਗ ੧੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ 'ਤੇ ਇਕ ਮੰਜੀ ਸਾਹਿਬ ਸਥਾਪਿਤ ਕੀਤਾ ਗਿਆ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਫਿਰ ਸੰਗਤ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਬਾ ਹਰਬੰਸ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਸੰਨ ੨੦੦੦ ਵਿਚ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਗਈ। ਪਿੰਡ ਦੀ ਪੰਜ ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਦੀ ਹੈ ਪਰ ੨੩ ਸਾਲਾ ਸ. ਰਣਦੀਪ ਸਿੰਘ ਨੂੰ ਇੱਥੋਂ ਦਾ ਮੁੱਖ ਪ੍ਰਬੰਧਕ ਅਤੇ ਗ੍ਰੰਥੀ ਸਿੰਘ ਮੰਨਿਆ ਜਾਂਦਾ ਹੈ ਜਿਨ੍ਹਾਂ ਦੇ ਪਿਤਾ ਸ. ਹਰਚਰਨ ਸਿੰਘ ਅਤੇ ਦਾਦਾ ਸ. ਰਾਮ ਸਿੰਘ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਡੇਢ ਏਕੜ ਜ਼ਮੀਨ 'ਤੇ ਦਰਬਾਰ ਹਾਲ ਅਤੇ ਪ੍ਰਬੰਧਕਾਂ ਦੀ ਰਿਹਾਇਸ਼ ਆਦਿ ਦਾ ਪ੍ਰਬੰਧ ਹੈ। ਗੁਰਦੁਆਰਾ ਸਾਹਿਬ ਤੋਂ ਅੱਧਾ ਕਿਲੋਮੀਟਰ ਬਾਹਰਵਾਰ ਇਕ ਪੁਰਾਤਨ ਖੂਹ ਮੌਜੂਦ ਹੈ ਜਿਸ ਨੂੰ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਦੱਸਿਆ ਜਾਂਦਾ ਹੈ। ਇਸ ਖੂਹ ਦੇ ਚਾਰ-ਚੁਫੇਰੇ ਸਫ਼ੈਦੇ ਦੇ ਰੁੱਖ ਅਤੇ ਇਕ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ।

ਗੰਢੂਆਂ: ਸੰਗਰੂਰ ਜ਼ਿਲ੍ਹੇ ਵਿਚ ਇਹ ਪਿੰਡ ਸੁਨਾਮ-ਬਠਿੰਡਾ ਸੜਕ 'ਤੇ ਸੁਨਾਮ ਤੋਂ ਲਗ-ਪਗ ੨੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ

ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਕ ਪਰੰਪਰਾ ਦੱਸਦੀ ਹੈ ਕਿ ਇਸ ਪਿੰਡ ਦਾ ਇਕ ਸਿੱਖ ਭਾਈ ਮੁਗਲੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਸੀ ਜਿਸ ਨੇ ਮਹਿਰਾਜ ਦੇ ਯੁੱਧ ਵਿਚ ਬਹਾਦਰੀ ਦੇ ਜੌਹਰ ਦਿਖਾਏ ਸਨ। ਗੁਰੂ ਜੀ ਨੇ ਖ਼ੁਸ਼ ਹੋ ਕੇ ਇਸ ਨੂੰ ਕੁਝ ਮੰਗਣ ਲਈ ਕਿਹਾ। ਇਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੀ ਇੱਛਾ ਹੈ ਕਿ ਅੰਤਿਮ ਸਵਾਸ ਆਪ ਜੀ ਦੀ ਹਜ਼ੂਰੀ ਵਿਚ ਲਵਾਂ। ਗੁਰੂ ਜੀ ਨੇ ਨੌਵੇਂ ਜਾਮੇ ਵਿਚ ਇਸ ਦੀ ਇਹ ਇੱਛਾ ਪੂਰੀ ਕਰਨ ਦਾ ਬਚਨ ਕੀਤਾ। ਭਾਈ ਮੁਗਲੂ ਜੀ ਦੇ ਅੰਤਿਮ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਭੀਖੀ ਵਿਖੇ ਨਿਵਾਸ ਕਰ ਰਹੇ ਸਨ। ਇੱਥੋਂ ਧਲੇਓ ਅਤੇ ਕਣਕਵਾਲ ਭੰਗੂਆਂ ਤੋਂ ਹੁੰਦੇ ਹੋਏ ਗੁਰੂ ਜੀ ਗੰਢੂਆਂ ਪਿੰਡ ਵਿਖੇ ਪੁੱਜੇ। ਬਿਰਧ ਅਵਸਥਾ ਵਿਚ ਭਾਈ ਮੁਗਲੂ ਜੀ ਗੁਰੂ ਜੀ ਦੇ ਦਰਸ਼ਨ ਕਰ ਕੇ ਅਕਾਲ ਚਲਾਣਾ ਕਰ ਗਏ। ਗੁਰੂ ਜੀ ਨੇ ਆਪ ਇਸ ਦਾ ਅੰਤਿਮ ਸਸਕਾਰ ਕੀਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸੁਸ਼ੋਭਿਤ ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਦੇ ਬਾਬਾ ਅਜਾਇਬ ਸਿੰਘ ਨੇ ੧੯੯੫ ਈ. ਵਿਚ ਤਿਆਰ ਕਰਵਾਈ। ਜਿਸ ਅਸਥਾਨ ’ਤੇ ਪੁਰਾਤਨ ਮੰਜੀ ਸਾਹਿਬ ਬਣਿਆ ਹੋਇਆ ਸੀ, ਉੱਥੇ ਹੀ ਨਵਾਂ ਮੰਜੀ ਸਾਹਿਬ ਬਣਾ ਕੇ ਚਾਰ-ਚੁਫੇਰੇ ਖੁੱਲ੍ਹੇ ਦਰਬਾਰ ਹਾਲ ਦੀ ਉਸਾਰੀ ਕੀਤੀ ਗਈ ਹੈ। ਲਗ-ਪਗ ਸਾਢੇ ਤਿੰਨ ਏਕੜ ਜ਼ਮੀਨ ’ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਲਗ-ਪਗ ੩੯ ਏਕੜ ਵਾਹੀ ਯੋਗ ਜ਼ਮੀਨ ਠੇਕੇ ’ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਘਨੌੜ ਜੱਟਾਂ: ਭਵਾਨੀਗੜ੍ਹ ਤੋਂ ਸੁਨਾਮ ਜਾਂਦੇ ਹੋਏ ਰਾਹ ਵਿਚ ਨਾਗਰਾ ਤੋਂ ਅੰਦਰ ਵੱਲ ੮ ਕਿਲੋਮੀਟਰ ਦੀ ਦੂਰੀ ’ਤੇ ਇਹ ਪਿੰਡ ਸਥਿਤ ਹੈ। ਇਸ ਨੂੰ ਟੱਲ ਘਨੌੜ ਜੱਟਾਂ ਵੀ ਕਿਹਾ ਜਾਂਦਾ ਹੈ। ਇੱਥੋਂ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਸਥਿਤ ਹਨ। ਇਕ ਪਿੰਡ ਦੇ ਅੰਦਰ ਹੈ ਅਤੇ ਦੂਜਾ ਬਾਹਰ ਸਰਹਿੰਦ ਨਹਿਰ ਦੇ ਕੰਢੇ ਸੁਸ਼ੋਭਿਤ ਹੈ। ਅੰਦਰਲੇ ਗੁਰਦੁਆਰਾ ਸਾਹਿਬ ਵਿਚ ਇਕ ਪੁਰਾਤਨ ਵਣ ਦਾ ਰੁੱਖ ਹੈ ਅਤੇ ਬਾਹਰਲੇ ਗੁਰਧਾਮ ਵਿਚ ਕੇਂਦੂ ਦਾ ਇਕ ਪੁਰਾਤਨ ਰੁੱਖ ਸੰਭਾਲ ਕੇ ਰੱਖਿਆ ਹੋਇਆ ਹੈ। ਪੂਰਨਮਾਸੀ ਅਤੇ ਐਤਵਾਰ ਨੂੰ ਵੱਡੀ ਗਿਣਤੀ ਸੰਗਤ ਹਾਜ਼ਰੀ ਭਰਦੀ ਹੈ। ੨ ਏਕੜ ਵਿਚ ਬਣੇ ਹੋਏ ਬਾਹਰਲੇ ਗੁਰਧਾਮ ਵਿਖੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਕੁਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ੨੮ ਮੈਂਬਰੀ ਸਥਾਨਕ ਕਮੇਟੀ ਇਨ੍ਹਾਂ ਦੋਵੇਂ ਗੁਰਧਾਮਾਂ ਦਾ ਪ੍ਰਬੰਧ ਦੇਖਦੀ ਹੈ।

ਘਰਾਚੋਂ: ਸੰਗਰੂਰ ਜ਼ਿਲ੍ਹੇ ਦਾ ਭਵਾਨੀਗੜ੍ਹ-ਸੁਨਾਮ ਸੜਕ ’ਤੇ ਇਹ ਪਿੰਡ ਭਵਾਨੀਗੜ੍ਹ ਤੋਂ ੯ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਮੁੱਖ ਸੜਕ ’ਤੇ ਸ੍ਰੀ ਗੁਰੂ ਤੇਗ ਬਹਾਦਰ

ਜੀ ਦੀ ਯਾਦ ਵਿਚ ਗੁਰਦੁਆਰਾ ਦੇਸੀਆਣਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਬਾਬਾ ਬਖ਼ਸ਼ੀਸ਼ ਸਿੰਘ ਜੀ ਨੇ ਇਸ ਗੁਰਧਾਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਭਾਈ ਦੇਸੇ ਦਾ ਖੇਤ ਸੀ ਜਿੱਥੇ ਇਕ ਸਾਧੂ ਦਾ ਡੇਰਾ ਵੀ ਬਣਿਆ ਹੋਇਆ ਸੀ। ਫੱਗੂਵਾਲਾ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਭਾਈ ਦੇਸੂ ਨੂੰ ਗੁਰੂ ਜੀ ਨੇ ਪੁੱਤਰ ਦੀ ਦਾਤ ਬਖ਼ਸ਼ਿਸ਼ ਕੀਤੀ ਸੀ। ਪਹਿਲਾਂ ਇੱਥੇ ਇਕ ਕੱਚਾ ਕੋਠਾ ਸੀ ਜਿਸ ਦੇ ਕੋਲ ਬਾਬਾ ਜਵਾਹਰ ਸਿੰਘ ਨਿਹੰਗ ਸਿੰਘ ਨੇ ਨਿਸ਼ਾਨ ਸਾਹਿਬ ਲਾਇਆ। ੧੯੫੭ ਈ. ਵਿਚ ਬਾਬਾ ਜਵਾਹਰ ਸਿੰਘ ਬਾਬਾ ਬਾਰਾ ਸਿੰਘ ਨਿਹੰਗ ਸਿੰਘ ਨੂੰ ਵੀ ਪ੍ਰੇਰ ਕੇ ਇੱਥੇ ਲੈ ਆਇਆ। ਇਸ ਪਿੰਡ ਦਾ ਸ. ਕਿਸ਼ਨ ਸਿੰਘ ਮਲਾਇਆ ਗਿਆ ਹੋਇਆ ਸੀ, ੧੯੪੭ ਈ ਤੋਂ ਬਾਅਦ ਪਿੰਡ ਵਾਪਸ ਆ ਕੇ ਇਸ ਨੇ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਨ ਲਈ ਯਤਨ ਕਰਨੇ ਅਰੰਭ ਕਰ ਦਿੱਤੇ। ਇਸ ਨੇ ਗੁਰਦੁਆਰਾ ਸਾਹਿਬ ਦੇ ਮੰਜੀ ਸਾਹਿਬ ਦੀ ਸੇਵਾ ਕਰਵਾਈ ਸੀ।

ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਜੀ ਇੱਥੇ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾ ਰਹੇ ਹਨ। ਬੁੱਢਾ ਦਲ ਦੇ ਬਾਬਾ ਕੇਹਰ ਸਿੰਘ ਇੱਥੋਂ ਦਾ ਪ੍ਰਬੰਧ ਦੇਖਦੇ ਹਨ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਪੁਰਾਣਾ ਦਰਬਾਰ ਹਾਲ, ਲੰਗਰ ਹਾਲ, ੭ ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਪੁਰਬਾਂ ਤੋਂ ਇਲਾਵਾ ਮੱਸਿਆ, ਸੰਗਰਾਂਦ ਅਤੇ ਬਾਬਾ ਬਾਰਾ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ।

ਗੁਰਦੁਆਰਾ ਭਾਈ ਦੇਸੀਆਣਾ ਤੋਂ ਅੱਧਾ ਕਿਲੋਮੀਟਰ ਘਰਾਚੋਂ ਪਿੰਡ ਦੇ ਅੰਦਰ ਭਾਈ ਦੇਸੂ ਦਾ ਘਰ ਸੀ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਸ਼ਾਦਾ ਛਕਿਆ ਦੱਸਿਆ ਜਾਂਦਾ ਹੈ। ਇੱਥੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ ਅਤੇ ਨਾਲ ਹੀ ਕਾਰ-ਸੇਵਾ ਵਾਲੇ ਇਕ ਨਵੇਂ ਦਰਬਾਰ ਦੀ ਉਸਾਰੀ ਕਰਵਾ ਰਹੇ ਹਨ।

ਹਵਾਲੇ :

੪. Gurmukh Singh, Historical Sikh Shrines, p. 168.

੫. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੧੯੭.

੬. ਧੰਨਾ ਸਿੰਘ ਚਹਿਲ ਪਟਿਆਲੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੧੮੮.

੭. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੨੧੪.

੮. ਵਿਸਾਖਾ ਸਿੰਘ, *ਮਾਲਵਾ ਇਤਿਹਾਸ*, ਭਾਗ ਪਹਿਲਾ, ਪੰਨਾ ੮੩.

੯. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸਾਖੀ ੮੪, ਪੰਨੇ ੧੬੩-੬੪.

੧੦. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਸਾਖੀ ੨੬, ਪੰਨਾ ੨੫.

੧੧. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ*, ਪੰਨਾ ੨੨੬.

*ਚਲਦਾ. . .*

# ਭਗਤ ਕਬੀਰ ਜੀ ਦੀ ਬਾਣੀ ਵਿਚਲੇ ਕਾਵਿ-ਰੂਪ ਤੇ ਛੰਦ: ਇਕ ਅਧਿਐਨ

*-ਸ. ਅਮਰੀਕ ਸਿੰਘ**

ਭਗਤ ਕਬੀਰ ਜੀ ਦੀ ਬਾਣੀ ਸਿਰੀ ਰਾਗ ਤੋਂ ਸ਼ੁਰੂ ਹੁੰਦੀ ਹੈ ਅਤੇ ਰਾਗ ਪ੍ਰਭਾਤੀ ਵਿਚ ਜਾ ਕੇ ਖ਼ਤਮ ਹੁੰਦੀ ਹੈ। ਇਸ ਤਰ੍ਹਾਂ ਕਬੀਰ ਜੀ ਦੀ ਬਾਣੀ ਮਨੁੱਖ ਨੂੰ ਹਨੇਰੇ ਤੋਂ ਪ੍ਰਕਾਸ਼ ਵੱਲ ਲਿਜਾਣ ਦਾ ਇੱਕ ਮਹੱਤਵਪੂਰਨ ਕਾਰਜ ਕਰਦੀ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਜਨ-ਪ੍ਰਚੱਲਿਤ ਕਾਵਿ-ਰੂਪਾਂ ਨੂੰ ਅਪਣਾਇਆ ਅਤੇ ਇਨ੍ਹਾਂ ਕਾਵਿ-ਰੂਪਾਂ ਨੂੰ ਆਪਣੀ ਰਚਨਾ ਲਈ ਉਪਯੁਕਤ ਸਮਝਿਆ। ਅਜਿਹੇ ਕਾਵਿ-ਰੂਪਾਂ ਨੂੰ ਆਪਣੀ ਬਾਣੀ ਵਿਚ ਵਰਤ ਕੇ ਭਗਤ ਕਬੀਰ ਜੀ ਮਾਰਗ-ਦਰਸ਼ਕ ਬਣੇ। ਭਗਤ ਕਬੀਰ ਜੀ ਨੇ ਸਬਦ (ਪਦ), ਸਲੋਕ, ਅਸਟਪਦੀ, ਥਿਤੀ, ਸਤਵਾਰਾ ਅਤੇ ਬਾਵਨ ਅਖਰੀ ਆਦਿ ਕਾਵਿ-ਰੂਪਾਂ ਵਿਚ ਕਾਵਿ-ਸ਼ੈਲੀ ਦੀ ਵਰਤੋਂ ਕੀਤੀ। ਇਨ੍ਹਾਂ ਕਾਵਿ-ਰੂਪਾਂ ਅਧੀਨ ਦੋਹਰਾ, ਸੋਰਠਾ, ਚੌਪਈ, ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਵੱਖ-ਵੱਖ ਰਾਗਾਂ ਅਧੀਨ ਵੱਖ-ਵੱਖ ਛੰਦਾਂ ਦੀ ਵਰਤੋਂ ਸਾਰਥਕ ਅਤੇ ਉੱਤਮ ਰੂਪ ਵਿਚ ਮਿਲਦੀ ਹੈ।

(ੳ) ਸਬਦ: ਭਗਤ ਕਬੀਰ ਜੀ ਨੇ 'ਸ਼ਬਦ' ਰੂਪ ਅਪਣਾ ਕੇ ਸਮਾਜਿਕ ਕਲਿਆਣ ਲਈ ਆਪਣੇ ਉੱਚਤਮ ਵਿਚਾਰ ਪ੍ਰਗਟਾਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਬਦ ਦਾ ਅਰਥ (ਧੁਨੀ) ਅਵਾਜ, ਸੁਰ ਅਤੇ ਲਫ਼ਜ ਮੰਨੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਯ 'ਸ਼ਬਦ' ਆਖੀਦੇ ਹਨ। ਛੰਦ ਸ਼ਬਦ ਦੀ ਖ਼ਾਸ ਜਾਤੀ ਨਹੀਂ ਅਨੇਕਾਂ ਛੰਦਾਂ ਦਾ ਰੂਪ ਸ਼ਬਦ ਵਿਚ ਵੇਖਿਆ ਜਾਂਦਾ ਹੈ।

ਭਾਰਤੀ ਦਰਸ਼ਨ ਵਿਚ ਸ਼ਬਦ ਅਥਵਾ ਅੱਖਰ ਨੂੰ ਬ੍ਰਹਮ ਮੰਨਿਆ ਗਿਆ ਹੈ। ਵੇਦਾਂ ਅਨੁਸਾਰ ਸ਼ਬਦ ਹੀ ਪ੍ਰਜਾਪਤੀ ਅਥਵਾ ਮੂਲ ਪੁਰਖ ਹੈ ਅਤੇ ਸ਼ਬਦ ਦੀ ਪ੍ਰਾਪਤੀ ਹੀ ਬ੍ਰਹਮ ਦੀ ਪ੍ਰਾਪਤੀ ਹੈ। ਗੁਰਬਾਣੀ ਵਿਚ ਨਾਮ ਦਾ ਸੰਕਲਪ ਵੀ 'ਸ਼ਬਦ' ਦੀ ਦੈਵੀ ਸ਼ਕਤੀ ਉੱਤੇ ਆਧਾਰਿਤ ਹੈ। ਜਿਵੇਂ:

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੩)*

ਜਾਂ

*ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੫)*

ਗੁਰਬਾਣੀ ਵਿਚ ਸ਼ਬਦ ਨੂੰ 'ਗੁਰੂ' ਅਤੇ 'ਪਾਰਬ੍ਰਮ' ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ, ਜੋ ਨਾਮ ਦਾ ਸੰਕਲਪ ਹੈ, ਉਹੀ ਸ਼ਬਦ ਦਾ। ਇਸ ਲਈ ਸ਼ਬਦ

**ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-੨੬, ਚੰਡੀਗੜ੍ਹ। ਮੋ. ੯੮੮੮੬੨੧੩੯੩*

ਇਕ ਰਹੱਸਮਈ ਸ਼ਕਤੀ ਹੈ, ਜੋ ਅਸੀਮ ਹੋ ਕੇ ਗੁਰੂ ਦਾ ਰੂਪ ਧਾਰਨ ਕਰ ਲੈਂਦੀ ਹੈ:

*ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੪)*

ਭਗਤ ਕਬੀਰ ਜੀ ਦੇ ੨੯੪ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਅਤੇ ਰਾਗਾਂ ਮਾਤਹਿਤ ਹੋਣ ਕਰਕੇ ਗਾਇਨ ਸ਼ੈਲੀ ਦਾ ਵਿਲੱਖਣ ਨਮੂਨਾ ਹਨ ਜਿਸ ਵਿਚ ਬਾਵਨ ਅਖਰੀ, ਥਿਤੀ, ਵਾਰ ਆਦਿ ਸ਼ਾਮਿਲ ਹਨ। ਜਿਵੇਂ ਭਗਤ ਕਬੀਰ ਜੀ ਦੀ ਬਾਣੀ ਵਿਚ ਉਨ੍ਹਾਂ ਦੇ ਸ਼ਬਦਾਂ ਦੀ ਗਾਇਨ ਵਿਸ਼ੇਸ਼ਤਾ ਬਾਰੇ ਪ੍ਰਮਾਣ ਇੰਝ ਮਿਲਦਾ ਹੈ। ਜਿਵੇਂ:

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥*
*ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥੩॥*
*ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥*
*ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥੪॥੧॥੪॥੫੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੫)*

(ਅ) ਸਲੋਕ: ਭਗਤ ਕਬੀਰ ਜੀ ਦੇ ੨੪੩ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਲੋਕ ਸਾਨੂੰ ਦੋ ਤੁਕਾਂ ਦੇ ਰੂਪ ਵਿਚ ਮਿਲਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਤੁਕਾਂ ਤੋਂ ਲੈ ਕਿ ੨੯ ਤੁਕਾਂ ਦੇ ਸਲੋਕ ਵੀ ਮਿਲਦੇ ਹਨ। ਭਾਈ ਕਾਨ੍ਹ ਸਿੰਘ ਨਾਭਾ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਲਿਖਦੇ ਹਨ:

"ਸਲੋਕ ਤੋਂ ਭਾਵ ਪ੍ਰਸੰਸਾ, ਉਸਤਤਿ, ਤਾਰੀਫ਼ ਜਾਂ ਯਸ਼ ਦੇ ਗੀਤ ਹਨ।"

ਇਸੇ ਤਰ੍ਹਾਂ ਭਗਤ ਕਬੀਰ ਜੀ ਦੇ ਇਹ ਸਲੋਕ ਵੀ ਪਰਮਾਤਮਾ ਦੀ ਉਸਤਤਿ ਕਰਦੇ ਹਨ ਅਤੇ ਮਨੁੱਖ ਨੂੰ ਚੰਗਾ ਜੀਵਣ ਜੀਊਣ ਦੀ ਪ੍ਰੇਰਨਾ ਦੇ ਕੇ ਪਰਮਾਤਮਾ ਨਾਲ ਅਭੇਦਤਾ ਹਾਸਲ ਕਰਨ ਲਈ ਨਸੀਅਤ ਦਿੰਦੇ ਹਨ।

ਇਕ ਪ੍ਰਸਿੱਧ ਲੋਕ-ਕਾਵਿ ਰੂਪ- ਸਲੋਕ ਦਾ ਸ਼ਾਬਦਿਕ ਅਰਥ ਪ੍ਰਸੰਸਾ, ਉਸਤਤਿ ਆਦਿ ਹੈ। ਹੌਲੀ-ਹੌਲੀ ਇਹ ਸ਼ਬਦ ਉਨ੍ਹਾਂ ਕਾਵਿ ਬੰਦਾਂ ਲਈ ਰੂੜ੍ਹ ਹੋ ਗਿਆ ਜਿਨ੍ਹਾਂ ਵਿਚ ਕਿਸੇ ਇਸਟ ਦੀ ਮਹਿਮਾ ਤੇ ਜਸ ਹੁੰਦਾ ਹੈ। ਇਹ ਕਾਵਿ-ਰੂਪ ਪੰਜਾਬੀ ਦਾ ਸਭ ਤੋਂ ਪ੍ਰਾਚੀਨ ਤੇ ਲੋਕਪ੍ਰਿਯ ਹੈ। ਇਸ ਦੀ ਪਰੰਪਰਾ ਵੈਦਿਕ ਕਾਲ ਨਾਲ ਜਾ ਜੁੜਦੀ ਹੈ। ਮੱਧਕਾਲ ਵਿਚ ਨੀਤੀ ਅਤੇ ਆਚਾਰ ਵਿਹਾਰ ਦਾ ਅਭਿਵਿਅਕਤ ਵਧੇਰੇ ਸਲੋਕਾਂ ਦੁਆਰਾ ਹੀ ਹੁੰਦਾ ਰਿਹਾ। ਭਰਥਰੀ ਹਰੀ ਦੇ ਤਿੰਨੇ ਸ਼ਤਕ ਵੀ ਸਲੋਕਾਂ ਵਿਚ ਹੀ ਹਨ।

ਸਲੋਕ ਇਕਹਰੇ ਵਿਸ਼ੇ ਦੀ ਰਚਨਾ ਹੈ, ਜਿਸ ਵਿਚ ਮੁਕੰਮਲ ਭਾਵ ਇਕ ਸੰਪੂਰਨ ਚਿਤ੍ਰ ਵਿਚ ਵਿਦਮਾਨ ਹੁੰਦਾ ਹੈ। ਇਸ ਦੀ ਸ਼ੈਲੀ ਸੂਤ੍ਰਕ ਹੁੰਦੀ ਹੈ। ਗੁਣ ਤੇ ਕਲਾਤਮਿਕ ਸੰਜਮ ਸਦਕਾ ਕਈ ਸਲੋਕ ਅਖਾਣਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਪੰਜਾਬੀ ਦੇ ਹੋਰ ਕਾਵਿ-ਭੇਦਾਂ ਵਾਂਗ ਸਲੋਕ ਦੀ ਲੈਅ, ਛੰਦ ਤੇ ਪੰਗਤੀਆਂ ਦਾ ਕੋਈ ਨਿਸ਼ਚਿਤ ਰੂਪ ਨਹੀਂ। ਸਲੋਕ ਦਾ ਪ੍ਰਧਾਨ ਛੰਦ ਤਾਂ ਦੋਹਿਰਾ ਜਾਂ ਚੌਪਈ ਰਿਹਾ ਹੈ। ਪਰ ਸਲੋਕ ਭਾਂਤ-ਸੁਭਾਂਤੇ ਛੰਦਾਂ ਵਿਚ ਵੀ ਮਿਲਦੇ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:

(੧) ਝੋਕ: ਝੋਕ ਇਕ ਮਾਤਰਿਕ ਛੰਦ ਹੈ। ਇਸ ਦੀਆਂ ੧੦ ਤੁਕਾਂ ਹੁੰਦੀਆਂ ਹਨ। ਹਰੇਕ ਤੁਕ ਵਿੱਚੋਂ ੨੫ ਤੋਂ ੨੮ ਤਕ ਦੀ ਗਿਣਤੀ ਤਕ ਮਾਤ੍ਰਾਵਾਂ ਹੋ ਸਕਦੀਆਂ ਹਨ।

ਅੰਤ ਤੇ ਗੁਰੂ ਹੁੰਦਾ ਹੈ। ਪਹਿਲੀਆਂ ਤਿੰਨ ਤੁਕਾਂ ਦਾ ਤੁਕਾਂਤ ਮੇਲ ਅਤੇ ਚੌਥੀ-ਪੰਜਵੀਂ ਤੁਕ ਦਾ ਤੁਕਾਂਤ ਮੇਲ ਮਿਲਦਾ ਹੈ। ਦਸਵੀਂ ਤੁਕ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਇਸ ਸਲੋਕ ਵਿਚ ਵਿਸ਼ਰਾਮ ਪੱਖੋਂ ਖੁੱਲ੍ਹ ਲਈ ਗਈ ਹੈ। ਜਿਵੇਂ:

*ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ॥ (੧੪+੧੧=੨੫)*
*ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ॥ ੨੨੯॥ (੧੪+੧੧=੨੫)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

(੨) ਗੀਆ ਮਾਲਿਤੀ: ਇਹ ਚਾਰ ਤੁਕਾਂ ਛੰਦ ਹੈ ਜਿਸ ਵਿਚ ੨੮ ਮਾਤਰਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ ੧੬ ਮਾਤਰਾਂ ਉੱਪਰ ਹੁੰਦਾ ਹੈ ਅਤੇ ਦੂਸਰਾ ਵਿਸ਼ਰਾਮ ੧੨ ਮਾਤਰਾਂ ਉੱਤੇ ਹੁੰਦਾ ਹੈ। ਪਹਿਲੀ ਦਾ ਦੂਜੀ ਨਾਲ ਅਤੇ ਤੀਜੀ ਦਾ ਚੌਥੀ ਨਾਲ ਤੁਕਾਂਤ ਮੇਲ ਹੁੰਦਾ ਹੈ। ਤੁਕ ਦੇ ਅਖੀਰ ਵਿਚ (ਗੁਰੂ ਲਘੂ ਗੁਰੂ) ਵਾਲੀ ਤਰਤੀਬ ਮਿਲਦੀ ਹੈ:

*ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ (੧੭+੧੧=੨੮)*
*ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥੨੨੫॥ (੧੭+੧੧=੨੮)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

(੩) ਰੱਤਾ: ਇਹ ਇਕ ਮਾਤ੍ਰਿਕ ਛੰਦ ਹੈ। ਇਸ ਵਿਚ ੨੬ ਮਾਤਰਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ ੧੪ ਮਾਤਰਾਂ ਅਤੇ ਦੂਜਾ ਵਿਸ਼ਰਾਮ ੧੨ ਮਾਤਰਾਂ 'ਤੇ ਆਉਂਦਾ ਹੈ:

*ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥ (੧੪+੧੨=੨੬)*
*ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ॥੨੨੦॥ (੧੪+੧੨=੨੬)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

(੪) ਡੂਢਾ: ਇਹ ਇਕ ਵਰਣਿਕ ਛੰਦ ਹੈ। ਇਸ ਦੀ ਹਰੇਕ ਤੁਕ ਵਿਚ ੨੧ ਵਰਨ ਹੁੰਦੇ ਹਨ। ਪਹਿਲਾ ਵਿਸ਼ਰਾਮ ੧੩ ਵਰਨਾ ਉੱਪਰ ਅਤੇ ਦੂਜਾ ੮ ਵਰਨਾ ਉੱਤੇ ਹੁੰਦਾ ਹੈ। ਇਸ ਵਿਚ ਵਿਸ਼ਰਾਮ ਪੱਖੋਂ ਖੁੱਲ ਵੀ ਹੈ:

*ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥ (੧੨+੯=੨੧)*
*ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥੫੭॥*
*(੧੦+੧੧=੨੧)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੭)*

(੫) ਦੋਹਰਾ: ਇਸ ਵਿਚ ੨੪ ਮਾਤਰਾਂ ਹੁੰਦੀਆਂ ਹਨ। ਇਹ ਦੋ ਤੁਕਾ ਛੰਦ ਹੈ। ਪਹਿਲੇ ਚਰਣ ਵਿਚ ੧੩ ਮਾਤਰਾਂ ਹੁੰਦੀਆਂ ਹਨ ਅਤੇ ਦੂਜੇ ਵਿਚ ੧੧ ਮਾਤਰਾਂ ਹਨ। ਦੂਜੀ ਤੇ ਚੌਥੀ ਦਾ ਤੁਕਾਂਤ ਮੇਲ ਹੁੰਦਾ ਹੈ ਅੰਤਿਮ ਤੁਕ ਦੇ ਅੰਤ 'ਤੇ ਲਘੂ ਹੁੰਦਾ ਹੈ:

*ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥ (੧੩+੧੧=੨੪)*
*ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੨੧॥ (੧੩+੧੧=੨੪)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਗਤ ਕਬੀਰ ਜੀ ਦੀ ਬਾਣੀ ਮੂਲ ਰੂਪ ਵਿਚ ਸਲੋਕ ਕਾਵਿ ਰੂਪ ਵਿਚ ਰਚੀ ਹੋਣ ਕਰਕੇ ਆਪਣੀ ਤੁਕਾਂਤਕ ਵਿਸ਼ੇਸ਼ਤਾ ਬਰਕਰਾਰ

ਰੱਖਦੀ ਹੈ। ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੁਝ ਸਲੋਕ ਛੰਦ-ਸ਼ਾਸਤ੍ਰੀ ਨੇਮਾਂ 'ਤੇ ਪੂਰੀ ਤਰ੍ਹਾਂ ਖਰੇ ਉੱਤਰਦੇ ਹਨ ਅਤੇ ਵਧੇਰੇ ਸਲੋਕ ਛੰਦ-ਸ਼ਾਸਤਰੀ ਨੇਮਾਂ ਦੀ ਕੱਟੜਤਾ ਤੋਂ ਮੁਕਤ ਹਨ। ਜਿਵੇਂ :

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥ (੨੦+੧੧=੩੧)*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥੧੯॥ (੧੩+੧੨=੨੫)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਇਸੇ ਤਰ੍ਹਾਂ:

*ਕਬੀਰ ਡਗਮਗ ਕਿਆ ਕਰਹਿ ਕਹਾ ਡਲਾਵਹਿ ਜੀਉ॥ (੨੦ ਵਰਨ)*
*ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ॥੩॥ (੧੭ ਵਰਨ)*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੪)*

ਦਰਅਸਲ ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਵੱਖ-ਵੱਖ ਛੰਦਾਂ ਦੀ ਵਰਤੋਂ ਤਾਂ ਕੀਤੀ ਹੈ ਪਰ ਛੰਦ-ਸ਼ਾਸਤਰੀ ਕੱਟੜਤਾ ਤੋਂ ਮੁਕਤ ਰਹੇ ਹਨ ਕਿਉਂਕਿ ਭਗਤ ਕਬੀਰ ਜੀ ਦਾ ਅਸਲ ਮਕਸਦ ਇਸ ਕਾਵਿ ਰੂਪ (ਸਲੋਕ) ਰਾਹੀਂ ਲੋਕਾਈ ਨੂੰ ਸਰਵਉੱਚ ਸੰਦੇਸ਼ ਦੇਣਾ ਸੀ। ਇਸੇ ਕਰਕੇ ਭਗਤ ਕਬੀਰ ਜੀ ਨੇ ਆਪਣੇ ਭਾਵ ਨੂੰ ਲੋਕਾਂ ਤਕ ਪਹੁੰਚਾਉਣ ਲਈ ਇਸ ਕਾਵਿ-ਰੂਪ ਦੀ ਖੁੱਲ ਕੇ ਵਰਤੋਂ ਕੀਤੀ ਹੈ।

(ੲ) ਬਾਵਨ-ਅਖਰੀ: ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਇਸ ਦੇ ਅਰਥ ਦੋ ਅਤੇ ਪਚਾਸ ਭਾਵ ਬਵੰਜਾ ਤੋਂ ਕੀਤੇ ਹਨ। ਇਸ ਬਾਣੀ ਵਿਚ ੫੨ ਅੱਖਰਾਂ ਦੀ ਵਿਆਖਿਆ ਰੂਪ ਉਪਦੇਸ਼ ਹੈ। ਭਗਤ ਕਬੀਰ ਜੀ ਨੇ ਰਾਗ ਗਉੜੀ ਵਿਚ ਜਿਹੜੀ ਬਾਵਨ ਅੱਖਰੀ ਲਿਖੀ ਹੈ, ਉਸ ਵਿਚ ਹਰ ਅੱਖਰ ਦਾ ਰੂਪ ਅਤੇ ਉਚਾਰਨ ਗੁਰਮੁਖੀ ਵਰਣਮਾਲਾ ਦੇ ਵਿਅੰਜਨ ਕ੍ਰਮ ਅਨੁਸਾਰ ਹੀ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ 'ਰਾਗ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ' ਦੇ ਸਿਰਲੇਖ ਹੇਠ ਦਰਜ ਹੈ। ਉਨ੍ਹਾਂ ਦੀ ਬਾਵਨ-ਅੱਖਰੀ ਵਿਚ 'ਕ' ਤੋਂ ਲੈ ਕੇ 'ਵ' ਤਕ ੨੯ ਵਿਅੰਜਨ 'ਅ', 'ੳ', 'ਹ', 'ਲੀ', 'ਸ', 'ਸ਼', 'ਖ', 'ਲੀ' ਅਤੇ 'ਕਸ਼ੈ' ਆਦਿ ਕੁੱਲ ੩੭ ਸੁਰਾਂ ਸੰਬੰਧੀ ਸੂਚਨਾ ਮਿਲਦੀ ਹੈ। ਜਿਵੇਂ:

*ਖਖਾ ਖਿਰਤ ਖਪਤ ਗਏ ਕੇਤੇ॥ ਖਿਰਤ ਖਪਤ ਅਜਹੂੰ ਨਹ ਚੇਤੇ॥*
*ਅਬ ਜਗੁ ਜਾਨਿ ਜਉ ਮਨਾ ਰਹੈ॥ ਜਹ ਕਾ ਬਿਛੁਰਾ ਤਹ ਥਿਰੁ ਲਹੈ॥੪੪॥*
*ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੦)*

(ਸ) ਥਿਤੀ: ਥਿਤੀ ਤਿਥੀ ਦਾ ਬਹੁ ਵਚਨ ਹੈ। ਗਉੜੀ ਰਾਗ ਵਿਚ 'ਥਿਤੀ ਕਬੀਰ ਜੀ ਕੀ' ਹੈ। ਪ੍ਰੋ. ਸਾਹਿਬ ਸਿੰਘ ਨੇ 'ਭਗਤ ਬਾਣੀ ਸਟੀਕ' ਦੇ ਚੌਥੇ ਹਿੱਸੇ ਵਿਚ ਥਿਤੀ ਬਾਰੇ ਇਉਂ ਬਿਆਨ ਕਰਦੇ ਹਨ, "ਸਾਡੇ ਦੇਸ ਵਿਚ ਸੂਰਜ ਤੇ ਚੰਦ ਦੋਹਾਂ ਦੇ ਅਨੁਸਾਰ ਸਾਲ ਦੇ ਮਹੀਨਿਆਂ ਤੇ ਦਿਨਾਂ ਦੀ ਗਿਣਤੀ ਕੀਤੀ ਜਾਂਦੀ ਹੈ। ਸੂਰਜ ੧੨ ਰਾਸਾਂ ਵਿਚ ਦੀ ਲੰਘਦਾ ਹੈ। ਜਦੋਂ ਨਵੀਂ ਰਾਸ ਵਿਚ ਅੱਪੜਦਾ ਹੈ ਨਵਾਂ ਮਹੀਨਾ ਚੜ੍ਹਦਾ ਹੈ ਚੰਦ

ਦੇ ਵਧਣ ਘਟਣ ਦੇ ਹਿਸਾਬ ਮੁਤਾਬਿਕ ਦਿਨਾਂ ਨੂੰ ਥਿਤੀ ਆਖਿਆ ਜਾਂਦਾ ਹੈ। ਸੰਸਕ੍ਰਿਤ ਲਫ਼ਜ਼ ਤਿਥਿ ਹੈ। ਚੰਦ ਦੇ ਹਿਸਾਬ ਕਰਕੇ ਮਹੀਨੇ ਦੇ ਦੋ ਹਿੱਸੇ, ਦੋ ਪੱਖ ਹੁੰਦੇ ਹਨ, ਹਨੇਰਾ ਪੱਖ ਤੇ ਚਾਨਣਾ ਪੱਖ। ਮੱਸਿਆ (ਜਿਸ ਰਾਤ ਮੁਕੰਮਲ ਹਨੇਰਾ ਹੁੰਦਾ ਹੈ ਅਤੇ ਚੰਦ ਬਿਲਕੁਲ ਨਹੀਂ ਦਿਸਦਾ) ਤੋਂ ਅਗਾਂਹ ਚਾਨਣਾ ਪੱਖ ਸ਼ੁਰੂ ਹੁੰਦਾ ਹੈ ਕਿਉਂਕਿ ਹਰ ਚੰਦਰਮਾ ਰੋਜ਼ ਵਧਦਾ ਜਾਂਦਾ ਹੈ। ਪੂਰਨਮਾਸ਼ੀ ਤਕ ਚਾਨਣਾ ਪੱਖ ਹੁੰਦਾ ਹੈ। ਪੂਰਨਮਾਸ਼ੀ ਦੀ ਰਾਤ ਨੂੰ ਚੰਦਰਮਾ ਮੁਕੰਮਲ ਹੁੰਦਾ ਹੈ। ਇਸ ਤੋਂ ਪਿੱਛੋਂ ਚੰਦਰਮਾ ਘਟਣ ਲੱਗ ਪੈਂਦਾ ਹੈ। ਇਸ ਨੂੰ ਹਨੇਰਾ ਪੱਖ ਆਖੀਦਾ ਹੈ। ਘੱਟਦਾ-ਘੱਟਦਾ ਮੱਸਿਆ ਨੂੰ ਬਿਲਕੁਲ ਲੁਕ ਜਾਂਦਾ ਹੈ। ਮੱਸਿਆ ਤੋਂ ਅਗਾਂਹ ਹੇਠ ਲਿਖੇ ਅਨੁਸਾਰ ਦਿਨਾਂ (ਥਿਤਾਂ) ਦੇ ਨਾਮ ਆਉਂਦੇ ਹਨ। ਜਿਵੇਂ:

ਏਕਮ, ਦੂਜ, ਤੀਜ, ਚੌਥ, ਪੰਚਮੀਂ, ਛਟ, ਸਤਮੀਂ, ਅਸ਼ਟਮੀਂ, ਨੌਮੀਂ ,ਦਸਮੀਂ, ਇਕਾਦਸੀ, ਦੁਆਦਸੀ, ਤ੍ਰਿਆਦਸੀ, ਚੌਦਸ, ਪੂਰਨਮਾਸ਼ੀ।"

ਇਸੇ ਤਰ੍ਹਾਂ ਪੂਰਨਮਾਸ਼ੀ ਤੋਂ ਅਗਾਂਹ ਫਿਰ ਏਕਮ ਤੋਂ ਲੈ ਕੇ ਮੱਸਿਆ ਤਕ ਇਹੀ ਥਿਤਾਂ ਹਨ। ਹਨੇਰੇ ਪੱਖ ਦੀਆਂ ਥਿਤਾਂ ਨੂੰ ਵਦੀ ਅਤੇ ਚਾਨਣ ਪੱਖ ਦੀਆਂ ਥਿਤਾਂ ਨੂੰ ਸੁਦੀ ਆਖਦੇ ਹਨ। ਜਿਵੇਂ ਜੇਠ ਸੁਦੀ ਚੌਥ ਤੋਂ ਭਾਵ ਹੈ ਜੇਠ ਦੇ ਮਹੀਨੇ ਦੀ ਮੱਸਿਆ ਤੋਂ ਅਗਾਂਹ ਚੌਥਾ ਦਿਨ। ਵਦੀ ਸੁਦੀ ਵਾਲੇ ਮਹੀਨੇ ਵਦੀ ਪੱਖ ਤੋਂ ਸ਼ੁਰੂ ਹੁੰਦੇ ਹਨ। ਪੂਰਨਮਾਸ਼ੀ ਤੋਂ ਅਗਲੇ ਦਿਨ:

*ਪੰਦ੍ਰਹ ਥਿਤੀਂ ਸਾਤ ਵਾਰ॥ ਕਹਿ ਕਬੀਰ ਉਰਵਾਰ ਨ ਪਾਰ॥*
*ਸਾਧਿਕ ਸਿਧ ਲਖੈ ਜਉ ਭੇਉ॥ ਆਪੇ ਕਰਤਾ ਆਪੇ ਦੇਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੩)*

(ਹ) ਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਜੀ ਦੀ ਬਾਣੀ ਇਕ ਹੋਰ ਰਚਨਾ 'ਵਾਰ ਕਬੀਰ ਜੀਉ ਕੀ' ਦਰਜ ਹੈ। ਵਾਰ ਤੋਂ ਭਾਵ ਹੈ ਦਿਨ। ਇਹ ਬਾਣੀ ਦਿਨਾਂ ਦੇ ਨਾਂ 'ਤੇ ਆਧਾਰਿਤ ਹੈ। ਰਚਨਾ ਦੇ ਸ਼ੁਰੂ ਵਿਚ ਹੀ 'ਰਹਾਉ' ਆ ਗਿਆ ਹੈ:

*ਬਾਰ ਬਾਰ ਹਰਿ ਕੇ ਗੁਨ ਗਾਵਉ॥*
*ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੪)*

ਇਹ ਬਾਣੀ ਆਦਿਤ ਭਾਵ ਐਤਵਾਰ ਦੇ ਜ਼ਿਕਰ ਦੁਆਰਾ ਸ਼ੁਰੂ ਹੁੰਦੀ ਹੈ। ਉਸ ਤੋਂ ਬਾਅਦ ਲੜੀਵਾਰ ਸੋਮਵਾਰ, ਮੰਗਲਵਾਰ, ਬੁੱਧਵਾਰ, ਬ੍ਰਿਹਿਸਪਤੀ (ਵੀਰਵਾਰ), ਸੁਕ੍ਰਿਤ (ਸ਼ੁਕਰਵਾਰ) ਤੇ ਥਾਵਰ (ਸ਼ਨਿੱਚਰਵਾਰ) ਦੇ ਜ਼ਿਕਰ ਉਪਰੰਤ ਇਕ ਸਲੋਕ ਸਿੱਟੇ ਵਜੋਂ ਦੇਣ ਉਪਰੰਤ ਬਾਣੀ ਸਮਾਪਤ ਹੋ ਜਾਂਦੀ ਹੈ। ਜਿਸ ਵਿਚ ਉਹ ਕਹਿੰਦੇ ਹਨ ਕਿ ਜਦੋਂ ਤਕ ਮਨੁੱਖ ਦੇ ਮਨ ਵਿਚ ਦੁਨਿਆਵੀ ਇੱਜ਼ਤ ਦੀ ਵਾਸਨਾ ਕਾਇਮ ਰਹਿੰਦੀ ਹੈ ਉਦੋਂ ਤੀਕਰ ਪ੍ਰਭੂ ਚਰਨਾਂ ਵਿਚ ਜੁੜ ਨਹੀਂ ਸਕਦਾ:

*ਜਬ ਲਗੁ ਘਟ ਮਹਿ ਦੂਜੀ ਆਨ॥ ਤਉ ਲਉ ਮਹਲਿ ਨ ਲਾਭੈ ਜਾਨ॥*

*ਰਮਤ ਰਾਮ ਸਿਉ ਲਾਗੋ ਰੰਗੁ॥ ਕਹਿ ਕਬੀਰ ਤਬ ਨਿਰਮਲ ਅੰਗ॥੮॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

(ਕ) ਅਸਟਪਦੀ: ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਸਟਪਦੀ ਤੋਂ ਭਾਵ ਅੱਠ ਪਦਾਂ ਦਾ ਇਕੱਠ ਹੈ। ਇਸੇ ਤਰ੍ਹਾਂ ਅਸਟਪਦੀ ਕਵਿਤਾ ਦਾ ਉਹ ਰੂਪ ਹੈ ਜਿਸਦੇ ਅੱਠ ਬੰਦ ਹੁੰਦੇ ਹਨ। ਇਸ ਲਈ ਚੌਪਈ ਜਾਂ ਨਿਸ਼ਾਨੀ ਛੰਦ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰੋ. ਸਾਹਿਬ ਸਿੰਘ ਜੀ ਨੇ ਅਸਟਪਦੀ ਦੇ ਅਰਥ ਅੱਠ ਬੰਦਾਂ ਵਾਲੇ ਸ਼ਬਦ ਦੇ ਕੀਤੇ ਹਨ। ਭਗਤ ਕਬੀਰ ਜੀ ਦੀ ਬਾਣੀ ਵਿਚ ਤਿੰਨ ਅਸਟਪਦੀਆਂ ਹਨ, ਇਕ ਅਸਟਪਦੀ ਰਾਗ ਗਉੜੀ ਵਿਚ ਅਤੇ ਦੋ ਰਾਗ ਭੈਰਉ ਵਿਚ ਹਨ। ਜਿਨ੍ਹਾਂ ਵਿਚ ਚੌਪਈ ਛੰਦ ਵਰਤਿਆ ਗਿਆ ਹੈ। 'ਭੈਰਉ ਕਬੀਰ ਜੀਉ ਕੀ ਅਸਟਪਦੀ ਘਰੁ ੨' ਵਿੱਚੋਂ ਅਸਟਪਦੀ ਦੇ ਅੰਸ਼ ਦੇਖੋ:

*ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥ ਮਾਨ ਸਰੋਵਰਿ ਕਰਿ ਇਸਨਾਨੁ॥*
*ਸੋਹੰ ਸੋ ਜਾ ਕਉ ਹੈ ਜਾਪ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ॥੬॥*
*ਅਬਰਨ ਬਰਨ ਘਾਮ ਨਹੀ ਛਾਮ॥ ਅਵਰ ਨ ਪਾਈਐ ਗੁਰ ਕੀ ਸਾਮ॥*
*ਟਾਰੀ ਨ ਟਰੈ ਆਵੈ ਨ ਜਾਇ॥ ਸੁੰਨ ਸਹਜ ਮਹਿ ਰਹਿਓ ਸਮਾਇ॥੭॥*
*ਮਨ ਮਧੇ ਜਾਨੈ ਜੇ ਕੋਇ॥ ਜੋ ਬੋਲੈ ਸੋ ਆਪੈ ਹੋਇ॥*
*ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ॥੮॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੨)*

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੭ ਰਾਗਾਂ ਵਿਚ ਕਬੀਰ ਜੀ ਦੇ ਕੁੱਲ ੨੯੪ ਸਬਦ, ਇਕ ਬਾਵਨ ਅਖਰੀ, ਇਕ ਥਿਤੀ, ਇਕ ਵਾਰਸਤ ਅਤੇ ੨੪੩ ਸਲੋਕ ਰਾਗ ਰਹਿਤ ਸ਼ਾਮਲ ਹਨ। ਉਨ੍ਹਾਂ ਦੀ ਬਾਣੀ ਬਾਕੀ ਸਾਰੇ ਭਗਤ ਸਾਹਿਬਾਨ ਤੋਂ ਵੱਧ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਡਾ. ਰਾਮ ਕੁਮਾਰ ਵਰਮਾ, ਡਾ. ਭਾਈ ਜੋਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ ਅਤੇ ਡਾ. ਤਾਰਨ ਸਿੰਘ ਵਰਗੇ ਵਿਦਵਾਨ ਇਹੀ ਤਰਕ ਦਿੰਦੇ ਹਨ ਕਿ ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤ ਕਬੀਰ ਜੀ ਦੀ ਬਾਣੀ ਹੀ ਸ਼ੁੱਧ ਹੈ।

## ਸਹਾਇਕ ਪੁਸਤਕਾਂ

(੧) ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ: ਮਹਾਨਕੋਸ਼।*

(੨) ਪ੍ਰੋ. ਸਾਹਿਬ ਸਿੰਘ, *ਭਗਤ ਬਾਣੀ ਸਟੀਕ ਹਿੱਸਾ ਚੌਥਾ।*

(੩) ਡਾ. ਗੁਰਨਾਮ ਕੌਰ ਬੇਦੀ, *ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ।*

(੪) ਭਾਈ ਕਾਨ੍ਹ ਸਿੰਘ ਨਾਭਾ, *ਗੁਰਛੰਦ ਦਿਵਾਕਰ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

(੫) ਜਗਬੀਰ ਸਿੰਘ, *ਗੁਰਮਤਿ ਕਾਵਿ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ। ■

# ਸਿੱਖ ਧਰਮ ਵਿਚ ਸਿਰਪਾਓ ਦੀ ਮਰਯਾਦਾ, ਮਹੱਤਵ ਅਤੇ ਪਿਛੋਕੜ

*-ਸ. ਬੀਰ ਦਵਿੰਦਰ ਸਿੰਘ**

ਸਿਰਪਾਓ ਦਾ ਭਾਵ ਹੈ, ਸਿਰ ਤੋਂ ਪੈਰਾਂ ਤੀਕਰ ਦੀ ਵਿਸ਼ੇਸ਼ ਪੁਸ਼ਾਕ ਦਾ ਵਸਤਰ ਜੋ ਮਾਣ-ਸਨਮਾਨ ਦੇ ਚਿੰਨ੍ਹ ਵਜੋਂ, ਕਿਸੇ ਆਦਰਯੋਗ ਵਿਅਕਤੀ ਦੇ ਅੰਗਰਖੇ ਵਜੋਂ ਪਹਿਨਾਇਆ ਜਾਂਦਾ ਹੈ। ਸਿੱਖ ਧਰਮ ਵਿਚ ਸਿਰਪਾਓ ਦੀ ਪਰੰਪਰਾ ਦਾ ਮੁੱਢ ਕਦੋਂ ਤੇ ਕਿਵੇਂ ਬੱਝਾ, ਸਿਰੋਪਾਓ ਦੀ ਮਰਯਾਦਾ, ਮਹੱਤਵ ਤੇ ਉਸ ਦਾ ਪਿਛੋਕੜ ਕੀ ਹੈ? ਇਹ ਮੇਰੇ ਲੇਖ ਦਾ ਵਿਸ਼ਾ ਹੈ ਜੋ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ।

ਰਾਇ ਭੋਇ ਦੀ ਤਲਵੰਡੀ ਵਿਖੇ, ਮਾਈ ਲੱਖੋ ਦੇ ਉਦਰ ਤੋਂ ਪੈਦਾ ਹੋਏ, ਬਦਰੋ ਮਿਰਾਸੀ ਦੇ ਪੁੱਤਰ, ਭਾਈ ਮਰਦਾਨਾ ਜੀ, ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਮਿੱਤਰ ਸੀ, ਉਮਰ ਵਿਚ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਵੱਡੇ ਸੀ, ਪਰ ਦੋਵਾਂ ਵਿਚ ਮਿੱਤਰਤਾ ਤੇ ਪ੍ਰੇਮ ਬਹੁਤ ਗੂੜ੍ਹਾ ਸੀ। ਬਦਰੋ ਮਿਰਾਸੀ ਦਾ ਡੇਰਾ ਪਿੰਡ ਦੀ ਵੱਸੋਂ ਤੋਂ ਬਾਹਰਵਾਰ ਕੁਝ ਵਿੱਥ 'ਤੇ ਸੀ। ਬਦਰੋ ਦੇ ਵੱਡੇ-ਵਡੇਰੇ ਮੁੱਢ-ਕਦੀਮੋਂ ਹੀ ਰਾਇ ਭੋਇ ਦੀ ਤਲਵੰਡੀ ਦੇ ਮੀਰ-ਮਿਰਾਸੀ ਤੇ ਗਵੱਈਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਬਾਲ ਅਵਸਥਾ ਵਿਚ, ਸਵੇਰ ਸਾਰ ਹੀ ਬਦਰੋ ਦੇ ਡੇਰੇ ਤੇ ਚਲੇ ਜਾਂਦੇ ਸਨ, ਸਾਰਾ ਦਿਨ ਓਥੇ ਹੀ ਖੇਡਦੇ ਰਹਿੰਦੇ, ਰਾਤ ਨੂੰ ਬੜੀ ਮੁਸ਼ਕਿਲ ਨਾਲ ਉਨ੍ਹਾਂ ਦੇ ਪਿਤਾ, ਮਹਿਤਾ ਕਾਲੂ ਜੀ ਉਨ੍ਹਾਂ ਨੂੰ ਘਰ ਲੈ ਕੇ ਆਉਂਦੇ ਸਨ। ਓਧਰ ਰਾਇ ਭੋਇ ਦੀ ਤਲਵੰਡੀ ਦੀਆਂ ਮਿਲਖਾਂ ਦੇ ਸਰਦਾਰ ਮਨਸਬਦਾਰ, ਰਾਇ ਬੁਲਾਰ, ਮਹਿਤਾ ਕਾਲੂ ਜੀ ਨੂੰ ਤਾੜਨਾ ਕਰਦੇ ਰਹਿੰਦੇ ਸਨ ਕਿ "ਨਾਨਕ ਨੂੰ ਕੁਝ ਨਹੀਂ ਆਖਣਾ, ਨਾਨਕ ਤਾਂ ਇੱਕ ਬਜ਼ੁਰਗੀ ਦਾ ਬਾਲ ਤੇ ਖੁਦਾਈ ਨੂਰ ਏ, ਇਹ ਜਿਵੇਂ ਚਾਹਵੇ ਤਿਵੇਂ ਕਰੇ, ਕਾਲੂ ਜੀ ਤੁਸਾਂ ਕਪਟ ਨਾਲ ਇਸ ਨੂੰ ਨਹੀਂ ਬੁਲਾਵਣਾ।" ਮਹਿਤਾ ਕਾਲੂ ਜੀ, ਜੋ ਰਾਏ ਬੁਲਾਰ ਦੀਆਂ ਮਿਲਖਾਂ ਦੇ ਪਟਵਾਰੀ ਸਨ, ਅੱਗੋਂ ਆਖਦੇ ਸਨ, "ਸਾਈਂ ਜੀ, 'ਨਾਨਕ' ਹਰ ਰੋਜ਼ ਸਵੇਰੇ ਉੱਠ, ਬਿਨਾਂ ਖਾਧੇ-ਪੀਤੇ ਬਦਰੋ ਦੇ ਡੇਰੇ ਨੱਸ ਜਾਂਵਦਾ, ਤਿੱਥੇ ਖਾਂਵਦਾ ਤਿੱਥੇ ਗਾਂਵਦਾ, ਘਰ ਕਾਈ ਨਹੀਂ ਆਂਵਦਾ, ਮੈਂ ਤੁਸਾਂ ਨੂੰ ਆਖਣਾ, ਹੋਰ ਕਿਸ ਨੂੰ ਆਖ ਸੁਣਾਵਾਂ'!"

ਵਰਣਨਯੋਗ ਹੈ ਕਿ ਭਾਈ ਮਰਦਾਨਾ ਜੀ ਨੇ ਆਪਣੇ ਜੀਵਨ ਦੇ ਲਗਪਗ ੩੧ ਸਾਲ, ਸ੍ਰੀ ਗੁਰੂ ਨਾਨਕ ਦੇਵ ਜੀ ਦੀ, ਹਜ਼ੂਰੀ ਸੰਗਤ ਵਿਚ ਗੁਜ਼ਾਰੇ, ਜਿਸ ਵਿਚ ੨੪ ਸਾਲ ਦਾ ਸਮਾਂ ਤਾਂ ਚਾਰ ਉਦਾਸੀਆਂ ਦਾ ਹੀ ਬਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਹੁੰ ਦਿਸ਼ਾਵਾਂ ਦਾ ਭਰਮਣ ਕਰਦੇ ਹੋਏ, ਲਗਪਗ ੨੮,੦੦੦ ਕਿਲੋਮੀਟਰ ਦਾ ਲੰਮਾ ਪੈਂਡਾ, ਪੈਦਲ ਚੱਲ ਕੇ ਤੈਅ ਕੀਤਾ। ਇਨ੍ਹਾਂ ਰੁਹਾਨੀ ਪੈਂਡਿਆਂ ਦੀ ਗਾਥਾ ਵਿਚ, ਉਹ

**ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ; ਮੋ. +੯੧੯੮੧੪੦੩੩੩੬੨*

ਸਮੇਂ ਵੀ ਸ਼ਾਮਲ ਹਨ, ਜਦੋਂ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ, ਤਰਬ-ਛੋਹਾਂ' 'ਚੋਂ ਉਤਪੰਨ ਹੁੰਦੀਆਂ ਸਰੋਦੀ ਧੁੰਨਾਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਲਾਪ ਤੇ 'ਸਬਦੁ' ਨਾਲ ਅਭੇਦ ਹੋ ਕੇ ਬੇਨੂਰ ਫਿਜ਼ਾਵਾਂ ਨੂੰ ਵਿਸਮਾਦੀ ਰਿਸ਼ਮਾਂ ਨਾਲ ਫੈਜ਼ਯਾਬ ਕਰਦੀਆਂ ਸਨ। ਇੱਥੇ ਇਹ ਉਲੇਖ ਕਰਨਾ ਜ਼ਰੂਰੀ ਹੈ ਕਿ ਇਹ ਦਰਸ਼ਨੀ-ਰਬਾਬ ਪਿੰਡ ਭੈਰੋਆਣਾ (ਸੁਲਤਾਨਪੁਰ ਨੇੜੇ) ਦੇ ਰਬਾਬੀ ਭਾਈ ਫਿਰੰਦੇ ਨੇ 'ਨਾਨਕ ਫਕੀਰ' (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਦਰਸ਼ਨ-ਦੀਦਾਰਿਆਂ ਦੀ ਤਾਂਘ ਮਨ ਵਿਚ ਰੱਖ ਕੇ ਤਿਆਰ ਕੀਤੀ ਸੀ। ਉਸ ਦਾ ਸੰਕਲਪ ਸੀ ਕਿ ਜਦੋਂ ਵੀ ਉਸ ਨੂੰ 'ਨਾਨਕ ਫਕੀਰ' ਦੇ ਦੀਦਾਰ ਨਸੀਬ ਹੋਣਗੇ, ਉਸ ਵੇਲੇ ਇਹ ਦਰਸ਼ਨੀ-ਰਬਾਬ ਉਨ੍ਹਾਂ ਦੀ 'ਦਰਸ਼ਨ ਭੇਟ' ਕਰਾਂਗਾ। ਭਾਈ ਫਿਰੰਦਾ ਰਾਗ ਵਿੱਦਿਆ ਦਾ ਇੱਕ ਪੂਰਨ ਗਿਆਨੀ ਸੀ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ, ਭਾਈ ਮਰਦਾਨਾ ਜੀ ਨੂੰ ਰਾਗ ਵਿੱਦਿਆ ਤੇ ਰਬਾਬੀ ਸੁਰ ਤੇ ਸਰੋਦ ਦੀ ਕਲਾ ਵਿਚ ਪਰਬੀਨ ਕੀਤਾ ਅਤੇ ਵਿਸ਼ੇਸ਼ ਸਾਧਨਾ ਹਿੱਤ ਤਿਆਰ ਕੀਤੀ, ਦਰਸ਼ਨੀ-ਰਬਾਬ ਗੁਰੂ ਸਾਹਿਬ ਦੀ ਨਜ਼ਰ ਕੀਤੀ ਜੋ ਲਗਪਗ ਇਕੱਤੀ ਵਰ੍ਹੇ ਭਾਈ ਮਰਦਾਨਾ ਜੀ ਦੀ ਸਪੁਰਦਦਾਰੀ ਵਿਚ ਰਹੀ।

ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਵਜਦ ਵਿਚ ਆਇ ਕੇ ਮਰਦਾਨੇ ਨੂੰ ਆਖਣ ਲੱਗੇ "ਮਰਦਾਨਿਆ ਰਬਾਬ ਉਠਾਇ, ਬਾਣੀ ਆਈ ਆ" ਤਦ ਮਰਦਾਨੇ ਨੇ ਰਬਾਬ ਉਠਾਈ ਤੇ ਉਸ ਨੂੰ ਸੁਰ ਕਰਨ ਲੱਗਾ, ਗੁਰੂ ਨਾਨਕ ਜੀ ਨੇ ਅਲਾਪ ਦਿੱਤਾ ਤਾਂ ਮਰਦਾਨੇ ਨੇ ਟੋਕ ਕੇ ਆਖਿਆ "ਬਾਬਾ ਰੁਕ, ਰਬਾਬ ਕਾ ਥਾਟ (ਸੁਰ) ਬਨਾਵਣ ਦੇ" ਤਦ ਬਾਬੇ ਆਖਿਆ, "ਮਰਦਾਨਿਆ ਤੂੰ ਰਬਾਬ ਛੇੜ, ਥਾਟ ਆਪੇ ਬਣ ਜਾਵੇਗਾ" ਗੁਰੂ ਜੀ ਨੇ ਫੇਰ ਬਾਣੀ ਦੇ ਅਲਾਪ ਨੂੰ ਸੁਰ ਦਿੱਤੀ, ਮਰਦਾਨੇ ਨੇ ਰਬਾਬ ਦੀਆਂ ਤਰਬਾਂ ਨੂੰ ਛੋਹਿਆ, ਤਾਂ ਰਬਾਬ ਉਸੇ ਸੁਰ ਵਿਚ ਸੀ, ਜਿਸ ਸੁਰ ਵਿਚ ਗੁਰੂ ਨਾਨਕ ਦੀ ਬਾਣੀ ਦਾ ਅਲਾਪ ਹੋ ਰਿਹਾ ਸੀ। ਗੁਰੂ ਨਾਨਕ ਕੁਝ ਸਮਾਂ ਪਰਮ ਅਨੰਦ ਵਿਚ ਲੀਨ ਰਹੇ, ਰਬਾਬ ਦੀਆਂ ਤਰਬਾਂ ਦਾ ਸਰੋਦ, ਗੁਰੂ ਬਾਬੇ ਦੀ ਰੂਹ ਨੂੰ ਧੁਰ ਅੰਦਰ ਤੀਕ ਛੂਹ ਗਿਆ। ਗੁਰੂ ਜੀ ਆਪਣੇ ਰੂਹਾਨੀ ਰੰਗ ਵਿਚ ਹੀ ਆਖਣ ਲੱਗੇ, "ਵਾਹ ਮਰਦਾਨਿਆ ਵਾਹ, ਮਰਦਾਨਿਆ ਹੁਣ ਤੂੰ ਮਰਦਾਨਾ ਨਾਹੀ, ਹੁਣ ਤੂੰ 'ਭਾਈ' ਹੋਇਓਂ।" 'ਭਾਈ' ਦਾ ਲਕਬ (ਪਦਵੀ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ ਕੇਵਲ ਭਾਈ ਮਰਦਾਨੇ ਲਈ ਵਰਤਿਆ ਸੀ, ਇਸੇ ਲਈ ਇਸ ਪੱਧਤੀ ਦਾ ਦਸਤੂਰ, ਅੱਜ ਤੀਕਰ ਸਜੀਵ ਹੈ ਤੇ ਅਸੀਂ ਗੁਰੂ-ਘਰ ਦੇ ਰਾਗੀ ਸਿੰਘਾਂ ਦੇ ਨਾਮ ਦੇ ਅੱਗੇ 'ਭਾਈ' ਸ਼ਬਦ ਦਾ ਅਗੇਤਰ ਸਤਿਕਾਰ ਵਜੋਂ ਪ੍ਰਯੋਗ ਕਰਦੇ ਹਾਂ।

ਪੁਰਾਤਨ ਜਨਮ ਸਾਖੀਆਂ ਦੇ ਹਵਾਲਿਆਂ ਅਨੁਸਾਰ ਭਾਈ ਮਰਦਾਨਾ ਜੀ, ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਸਮੇਂ ੭੫ ਸਾਲ ਦੀ ਅਵਧੀ ਭੋਗ ਕੇ, ਸੰਮਤ ੧੫੯੧ ਵਿਚ ਅਫ਼ਗਾਨਿਸਤਾਨ ਵਿਚ ਦਰਿਆ ਕੁਰਦ ਦੇ ਕਿਨਾਰੇ ਵੱਸੇ, ਨਗਰ ਕੁਰਦ ਦੇ ਬਾਹਰਵਾਰ, ਇੱਕ ਹਰੇ-ਕਚੂਰ ਰੁੱਖ ਦੀ ਘਣੀ ਛਾਂ ਹੇਠ ਵਫਾਤ ਪਾ ਗਏ ਅਤੇ ਆਖਰੀ ਸਵਾਸ ਲੈਣ ਸਮੇਂ ਭਾਈ ਮਰਦਾਨਾ ਜੀ ਦਾ ਸੀਸ, ਗੁਰੂ ਨਾਨਕ ਦੀ ਗੋਦੀ ਵਿਚ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਕੁਰਦ ਦਰਿਆ ਦੇ ਨਿਰਮਲ ਪਾਣੀਆਂ

ਨਾਲ ਇਸ਼ਨਾਨ ਕਰਵਾ ਕੇ, ਭਾਈ ਮਰਦਾਨਾ ਜੀ ਦੇ ਸਰੀਰਕ ਵਜੂਦ ਨੂੰ, ਉਨ੍ਹਾਂ ਦੀ ਇੱਛਾ ਅਨੁਸਾਰ, ਸਪੁਰਦ-ਏ-ਆਤਿਸ਼ ਕੀਤਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਚਿਖਾ ਨੂੰ ਅਗਨੀ ਦਿੱਤੀ। ਇਸ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ, ਚੌਥੀ ਉਦਾਸੀ ਵਿੱਚੇ ਛੱਡ ਕੇ, ਭਾਈ ਮਰਦਾਨੇ ਦੇ ਕੁਟੰਬ ਨਾਲ, ਉਸ ਦੇ ਸਦੀਵੀ ਵਿਛੋੜੇ ਦਾ ਦੁੱਖ ਸਾਂਝਾ ਕਰਨ ਲਈ, ਵਾਪਿਸ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਪੁੱਜ ਗਏ।

ਜਦੋਂ ਨਗਰ ਵਿਚ ਗੁਰੂ ਨਾਨਕ ਸਾਹਿਬ ਦੇ ਵਾਪਸ ਪਰਤਣ ਦੀ ਖਬਰ ਕੰਨੋ-ਕੰਨੀ ਸਾਰੇ ਪਿੰਡ ਵਿਚ ਫੈਲ ਗਈ ਤਾਂ ਪਿੰਡ ਦੇ ਲੋਕਾਂ ਦਾ ਗੁਰੂ ਜੀ ਦੇ ਦਰਸ਼ਨਾਂ ਲਈ ਤਾਂਤਾ ਲੱਗ ਗਿਆ ਅਤੇ ਚਾਰੇ ਬੰਨੇ ਘੁਸਰ-ਮੁਸਰ ਹੋਣ ਲੱਗੀ ਕਿ "ਨਾਨਕ ਤਪਾ ਤੇ ਦਸੀਂਦਾ, ਪਰ ਇੱਥੇ ਮਰਦਾਨਾ ਕਾਈ ਨਹੀਂ ਦਸੀਂਦਾ।" ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੇ ਸਾਰੇ ਪਰਵਾਰ ਨੂੰ ਆਪਣੇ ਪਾਸ ਸਦਵਾ ਲਿਆ। ਜਦੋਂ ਭਾਈ ਮਰਦਾਨਾ ਜੀ ਦਾ ਵੱਡਾ ਪੁੱਤਰ ਸ਼ੁਜਾਦ ਆਪਣੇ ਪਰਵਾਰ ਸਮੇਤ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਪੁੱਜਿਆ ਤਾਂ ਜਨ ਸਧਾਰਨ ਦੀ ਭੀੜ ਵਿਚ ਉਸਦੇ 'ਅੱਬੂ' (ਭਾਈ ਮਰਦਾਨਾ) ਦੀ ਅਦਮ-ਮੌਜੂਦਗੀ ਉਸਨੂੰ ਪ੍ਰੇਸ਼ਾਨ ਕਰ ਰਹੀ ਸੀ। ਭਾਈ ਮਰਦਾਨਾ ਜੀ ਨੂੰ ਕਿਧਰੇ ਵੀ ਨਜ਼ਰੀਂ ਪੈਂਦਾ ਨਾ ਵੇਖਕੇ ਬੜੀ ਹੈਰਾਨੀ ਅਤੇ ਵਿਆਕੁਲਤਾ ਨਾਲ ਗੁਰੂ ਜੀ ਨੂੰ ਪੁੱਛਦਾ ਹੈ, "ਬਾਬਾ, ਅਸਾਡ੍ਹਾ ਅੱਬੂ ਕਾਈਂ ਨਹੀਂ ਦਸੀਂਦਾ?" ਤਦ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ "ਸ਼ੁਜਾਦਿਆ, ਤੈਂਡਾ ਅੱਬੂ ਖੁਦਾਇ ਕੀ ਹਿਫ਼ਾਜਤ ਵਿਚ ਏ, ਅਸਾਂ ਉਸਨੂੰ 'ਸਿਰਪਾਓ ਪਾਇ ਕੇ', ਰਜਾਇ ਕੇ ਘੱਲਿਆ ਸੂ, ਉਸ ਕੀ ਵੱਡੀ ਘਾਲਣਾ ਹਾਈ, ਮੈਂਡੇ ਪਾਸ ਅੱਖਰ ਕਾਈ ਨਾਹੀਂ, ਮੈਂ ਤੁਸਾਂ ਕਾ ਡੇਵਣਾ ਸੂ, ਮੰਗੋ ਕੀ ਡੇਵਾਂ?" ਅੱਗੋਂ ਸ਼ੁਜਾਦ ਆਖਦਾ ਏ, "ਹੱਛਾ ਬਾਬਾ, ਅੱਲਾ ਕੀ ਰਜਾਇ ਏਹਾ, ਮੈਂਡਾ ਅੱਬੂ ਤੈਂਡਾ ਡੂਮ ਥੀ, ਬਾਬਾ; ਜੋ ਉਸ ਤਾਈ ਬਕਸ਼ਿਆ ਬਾਬਾ, ਸੋਈ ਮੈਂਡੀ ਝੋਲੀ ਪਾ।"

ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਕੋਠੜੀ ਅੰਦਰ ਗਏ, ਸਿਰਪਾਓ ਲਿਆਇ ਕੇ ਪਹਿਲਾਂ ਸ਼ੁਜਾਦ ਨੂੰ ਸਿਰ ਕੱਜਣ ਲਈ ਆਖਿਆ, ਮੁੜ ਉਸਨੂੰ ਨਗਰ-ਖੇੜੇ ਦੀ ਖ਼ਲਕ ਦੀ ਹਾਜ਼ਰੀ ਵਿਚ ਸਿਰਪਾਓ ਦੀ ਬਖ਼ਸ਼ਿਸ਼ ਕੀਤੀ, ਜਿਸ ਵਿਚ ਸਿਰ ਤੋਂ ਪੈਰਾਂ ਤੀਕਰ ਦੇ ਵਸਤਰਾਂ ਦਾ ਜੋੜਾ-ਜਾਮਾ ਸ਼ਾਮਲ ਸੀ। ਉਪਰੰਤ ਕਿੱਲੀ 'ਤੇ ਲਟਕਦੀ ਮਰਦਾਨੇ (ਭਾਈ ਮਰਦਾਨਾ ਜੀ) ਦੀ ਰਬਾਬ ਉਤਾਰੀ ਤੇ ਸ਼ੁਜਾਦੇ ਨੂੰ ਆਖਿਆ, "ਲੈ ਭਾਈ ਸ਼ੁਜਾਦਿਆ ਝੋਲੀ ਅੱਡ, ਐ ਤੈਂਡੇ ਅੱਬੂ ਦੀ ਸਗਲੀ ਕਮਾਈ, ਉਸਦੀ ਨੇਕੀ ਤੇ ਵਡਿਆਈ ਤੈਂਡੀ ਝੋਲੀ ਪਾ ਦਿੱਤੀ, ਹੁਣ ਸ਼ੁਜਾਦਿਆ ਤੈਂ ਰੋਮ (ਵਾਲ) ਕੀ ਹਜਾਮਤ ਨਾਹੀਂ ਕਰਾਵਣੀ, ਇਸ ਰਬਾਬ ਕਾ ਅਦਬ ਪਾਲਣਾ, ਇਸ ਥੀਂ ਸਬਦ-ਬਾਣੀ ਗਾਵਣਾਂ, ਅੱਲਾ ਫਜ਼ਲ ਕਰਸੀ, ਜਿੱਥੇ ਅਸਾਂ ਵੱਸਣਾ ਤਿੱਥੇ ਤੁਸਾਂ ਵੱਸਣਾਂ।"

ਉਪਰੋਕਤ ਵੇਰਵੇ ਸਾਹਿਤ ਵਿਆਖਿਆ ਦਾ ਮਕਸਦ ਕੇਵਲ ਇਹ ਦਰਸਾਉਣਾ ਸੀ, ਬਿਨਾਂ ਸੋਚੇ ਸਮਝੇ, ਹਰ ਜਣੇ-ਖਣੇ ਦੇ ਗਲੇ ਵਿਚ ਸਿਰੋਪਾ ਪਾਉਣਾ ਮਰਯਾਦਾਹੀਣਤਾ ਹੈ। ਬੇਮਕਸਦ ਅਜਿਹਾ ਕਰਨ ਤੋਂ ਪਹਿਲਾਂ, ਸਿੱਖ ਧਰਮ ਵਿਚ ਸਿਰਪਾਓ ਦੀ ਪਰਪਾਟੀ,

ਮਰਯਾਦਾ, ਮਹੱਤਵ ਅਤੇ ਮਕਸਦ ਨੂੰ ਸਹੀ ਸੰਦਰਭ ਵਿਚ ਸਮਝਣਾ ਤੇ ਵਿਚਾਰਨਾ ਜ਼ਰੂਰੀ ਹੈ। ਯਾਦ ਰਹੇ ਕਿ ਸਿੱਖ ਧਰਮ ਵਿਚ ਸਭ ਤੋਂ ਪਹਿਲੀ ਸਿਰਪਾਓ ਦੀ ਬਖਸ਼ਿਸ਼, ਭਾਈ ਮਰਦਾਨਾ ਜੀ ਦੇ ਵਫ਼ਾਤ ਪਾ ਜਾਣ ਉਪਰੰਤ, ਉਨ੍ਹਾਂ ਦੇ ਵੱਡੇ ਪੁੱਤਰ ਭਾਈ ਸ਼ੁਜਾਦ ਨੂੰ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਸਤ-ਕਮਲਾਂ ਨਾਲ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਭਾਈ ਮਰਦਾਨਾ ਜੀ ਦੀ ਸਾਰੀ ਜ਼ਿੰਦਗੀ ਦੀ ਸਮਰਪਿਤ ਭਾਵਨਾ ਅਤੇ ਘਾਲਣਾ ਦਾ ਸਤਿਕਾਰ ਕਰਦੇ ਹੋਏ ਅਤੇ ਉਸ ਦੀ ਸੇਵਾ ਨੂੰ ਪ੍ਰਵਾਨ ਕਰਦੇ ਹੋਏ, ਖੁਦ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਪੁੱਜ ਕੇ, ਭਾਈ ਮਰਦਾਨਾ ਜੀ ਦੇ ਵੱਡੇ ਪੁੱਤਰ ਭਾਈ ਸ਼ੁਜਾਦ ਨੂੰ ਬਖਸ਼ਿਸ਼ ਕੀਤਾ ਸੀ ਅਤੇ ਨਾਲ ਹੀ ਸਾਰੇ ਕੁਟੰਬ ਨੂੰ ਕਰਤਾਰਪੁਰ ਆ ਕੇ ਵੱਸਣ ਦੀ ਪ੍ਰੇਰਨਾ ਵੀ ਕੀਤੀ, ਜਿਸ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਏ, ਭਾਈ ਮਰਦਾਨਾ ਜੀ ਦੀ ਅੰਸ਼-ਵੰਸ਼ ਦੇ ਵਾਰਿਸ, ਰਬਾਬੀ ਰਾਗੀ, ਚਿਰ-ਕਾਲ ਤੀਕਰ, ਸ੍ਰੀ ਕਰਤਾਰਪੁਰ ਸਾਹਿਬ ਵਿਖੇ 'ਸ਼ਬਦ ਕੀਰਤਨ' ਦੀ ਸੇਵਾ ਕਰਦੇ ਰਹੇ। ■

---

## *ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ*

*ਸਫ਼ਾ 12 ਦਾ ਬਾਕੀ . . .*

ਉਨ੍ਹਾਂ ਨੇ ਗੁਰੂ ਜੀ ਤੋਂ ਦਿੱਲੀ ਸਰਕਾਰ ਅੱਗੇ ਰੋਸ ਪ੍ਰਗਟ ਕਰਨ ਦੀ ਮੰਗ ਕੀਤੀ। ਗੁਰੂ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤ ਚਿੱਤ ਅਤੇ ਅਡੋਲ ਸਨ। ਉਨ੍ਹਾਂ ਨੇ ਸਾਂਈ ਜੀ ਨੂੰ ਕਿਹਾ ਕਿ ਇਹ ਸਭ ਕੁਝ ਰੱਬ ਦੇ ਭਾਣੇ ਵਿਚ ਹੈ। ਭਾਣੇ ਵਿਚ ਰਹਿਣ ਵਿਚ ਹੀ ਪਰਮਾਤਮਾ ਦੀ ਖੁਸ਼ੀ ਹੈ। ਉਨ੍ਹਾਂ ਨੇ ਸੰਸਾਰ ਨੂੰ ਭਾਣੇ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਪ੍ਰਤੱਖ ਰੂਪ ਵਿਚ ਭਾਣਾ ਮੰਨ ਕੇ ਗੁਰਮੁਖ ਦੇ ਆਦਰਸ਼ ਨੂੰ ਸਾਕਾਰ ਕੀਤਾ :

*ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੬੩)*

ਤਥਾ

*ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੯੪)*

ਗੁਰੂ ਜੀ ਦੀ ਸ਼ਹੀਦੀ ਇਕ ਆਦਰਸ਼ਕ ਤੇ ਮਹਾਨ ਸ਼ਹੀਦੀ ਸੀ। ਉਨ੍ਹਾਂ ਨੇ ਮਨੁੱਖਤਾ ਦੀ ਭਲਾਈ ਵਿਚ ਸ਼ਹੀਦੀ ਦਿੱਤੀ। ਉਨ੍ਹਾਂ ਦਾ ਕੋਈ ਵੀ ਦੋਸ਼ ਨਹੀਂ ਸੀ। ਉਨ੍ਹਾਂ ਨੇ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਤੇ ਧੀਰਜ ਅਤੇ ਸ਼ਾਂਤਮਈ ਰਹਿੰਦਿਆਂ ਅਸਹਿ ਅਤੇ ਅਕਹਿ ਕਸ਼ਟ ਸਹਾਰਨ ਕੀਤੇ। ਭਾਰਤੀ ਪਰੰਪਰਾ ਵਿਚ ਇਹ ਪਹਿਲੀ ਸ਼ਹਾਦਤ ਸੀ। ਜੋ ਕਿਸੇ ਮਹਾਂਪੁਰਖ ਨੇ ਧਰਮ ਦੀ ਖਾਤਰ ਦਿੱਤੀ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਸ਼ਹੀਦਾਂ ਦੇ ਸਿਰਤਾਜ' ਆਖਿਆ ਜਾਂਦਾ ਹੈ।

ਸਾਡਾ ਵੀ ਇਹ ਫ਼ਰਜ਼ ਹੈ ਕਿ ਅਸੀਂ ਗੁਰੂ-ਚਰਨਾਂ ਵਿਚ ਆਪਣਾ ਤਨ, ਮਨ, ਧਨ ਅਰਪਨ ਕਰ ਕੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰੀਏ ਤੇ ਗੁਰਬਾਣੀ ਦਾ ਚਾਨਣ ਜਗ ਵਿਚ ਫੈਲਾਈਏ। ■

# 'ਅਨੰਦੁ ਸਾਹਿਬ' ਦਾ ਮਨੋਵਿਗਿਆਨਕ ਅਧਿਐਨ

-ਡਾ. ਸੁਰਿੰਦਰ ਸਿੰਘ*

'ਅਨੰਦੁ ਸਾਹਿਬ' ਤੀਸਰੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਹੈ, ਜੋ ਰਾਗ ਰਾਮਕਲੀ ਵਿਚ ੪੦ ਪਉੜੀਆਂ ਰਾਹੀਂ ਉਚਰੀ ਸੁੰਦਰ ਵਿਆਖਿਆਤਮਿਕ ਸ਼ੈਲੀ ਦੇ ਰੂਪ ਵਿਚ ਹੈ। ਹਰ ਖੁਸ਼ੀ ਗਮੀ 'ਤੇ ਇਸ ਪਾਵਨ ਬਾਣੀ ਦੀ ਮੂਲ ਸੁਰ ਮਨੁੱਖੀ ਮਨ ਨੂੰ ਸੰਬੋਧਿਤ ਹੈ ਤੇ ਇਸ ਦਾ ਸਮੁੱਚਾ ਸੰਚਾਰ ਵੀ ਮਨ ਦੀਆਂ ਵਿਭਿੰਨ ਪਰਤਾਂ ਦਾ ਮਨੋਵਿਸ਼ਲੇਸ਼ਣ ਹੈ। ਇਸ ਕਰਕੇ ਬਾਣੀ ਦਾ ਉਚਾਰ ਵੀ ਮਨ ਦੇ ਮਨੋਵਿਗਿਆਨਕ ਪ੍ਰਸੰਗਾਂ ਨਾਲ ਹੀ ਅੰਤਰ-ਸੰਬੰਧਿਤ ਹੈ।

ਇਸ ਬਾਣੀ ਦੀ ਮੂਲ ਸੰਰਚਨਾ ਪ੍ਰਭੂ ਮਿਲਾਪ, ਪ੍ਰਤੀਤੀ ਤੇ ਅੰਤਰ-ਅਨੁਭਵ ਨਾਲ ਜੁੜੀ ਹੋਈ ਹੈ। ਗੁਰੂ ਜੀ ਨੇ ਬਾਣੀ ਆਸ਼ੇ ਨੂੰ ਅਰੰਭ ਵਿਚ ਹੀ ਉਸਾਰ ਦਿੱਤਾ ਹੈ। 'ਅਨੰਦ' ਦੀ ਪਰਿਭਾਸ਼ਾ ਤੇ ਉਸ ਦੇ ਪਵਿੱਤਰ ਅਹਿਸਾਸ ਦੇ ਪਲ ਕਿਉਂਕਿ ਮਨੁੱਖੀ ਮਨ ਨਾਲ ਹੀ ਜੁੜੇ ਹੁੰਦੇ ਹਨ ਅਤੇ ਇਨ੍ਹਾਂ ਅਲੌਕਿਕ ਪਲਾਂ ਦਾ ਸਿੱਧਾ ਸੰਬੰਧ ਮਨੁੱਖੀ ਸਰੀਰ ਨਾਲ ਹੈ। ਗੁਰੂ ਜੀ ਨੇ ਪ੍ਰਮੁੱਖ ਰੂਪ ਵਿਚ ਮਨ ਦੇ ਸੰਵੇਗਾਂ (Emotions) ਨਾਲ 'ਅਨੰਦੁ ਸਾਹਿਬ' ਦੀ ਵਿਆਖਿਆ ਬਹੁਤ ਬਰੀਕੀ ਨਾਲ ਕੀਤੀ ਹੈ। ਜਿਸ ਨਾਲ ਅਧਿਆਤਮਿਕ ਅਨੰਦ ਦੇ ਸੰਕਲਪ, ਇਸ ਦੀ ਪ੍ਰਾਪਤੀ ਦੇ ਸਾਧਨ ਤੇ ਮਨੁੱਖੀ ਸਰੀਰ ਉੱਪਰ ਇਸ ਦੇ ਪ੍ਰਭਾਵ ਨੂੰ ਪੂਰਨ ਰੂਪ ਵਿਚ ਸਮਝਿਆ ਜਾ ਸਕਦਾ ਹੈ। ਗੁਰੂ ਜੀ ਦੀ ਬਾਣੀ ਦੇ ਅਰੰਭ ਵਿਚ ਹੀ 'ਅਨੰਦ' ਦੀ ਪ੍ਰਤੀਤੀ ਬਾਰੇ ਦੱਸ ਰਹੇ ਹਨ :

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*

ਪਾਵਨ ਬਾਣੀ ਦੀਆਂ ਇਹ ਸਤਰਾਂ ਮਨੁੱਖਾ ਸਰੀਰ, ਮਨ ਤੇ ਆਤਮਾ ਨੂੰ ਸਦਾ ਕਾਇਮ ਰਹਿਣ ਵਾਲਾ ਆਤਮਿਕ ਅਨੰਦ ਬਖਸ਼ ਕੇ ਅੰਤਰੀਵੀ ਅਨੁਭਵ ਦਾ ਅਹਿਸਾਸ ਕਰਾਉਂਦੀਆਂ ਹਨ। ਇਸ ਤੋਂ ਬਾਅਦ ਬਾਣੀ ਦੀ ਹਰੇਕ ਸਤਰ ਪਰਤ-ਦਰ-ਪਰਤ ਮਨ ਦਾ ਵਿਸ਼ਲੇਸ਼ਣ ਕਰਦੀ ਹੈ। ਅਸਲ ਵਿਚ ਮਨੁੱਖੀ ਮਨ ਦਾ ਵਰਤਾਰਾ ਗੁੰਝਲਦਾਰ ਪ੍ਰਕ੍ਰਿਤੀ ਵਾਲਾ ਹੈ। ਮਨੁੱਖਾ ਸਰੀਰ ਵਿਚ ਮਨ ਐਸਾ ਸੂਖਮ ਤੱਤ ਹੈ, ਜੋ ਆਪਣੀ ਅਦਭੁਤ ਸੰਰਚਨਾ ਰਾਹੀਂ ਸਾਰੀਆਂ ਸਰੀਰਿਕ ਕ੍ਰਿਆਵਾਂ ਨੂੰ ਨਿਯੰਤਰਣ ਕਰਨ ਵਿਚ ਇੱਕ ਮੁੱਖ ਸਰੋਤ ਵਜੋਂ ਕਾਰਜ ਕਰਦਾ ਹੈ। ਇਹ ਸਰੀਰ ਦੀਆਂ ਸਾਰੀਆਂ ਇੰਦਰੀਆਂ ਤੇ ਅੰਗਾਂ ਦਾ ਪ੍ਰੇਰਕ ਹੈ। ਇਸ ਦਾ ਕਾਰਜ ਅਸੀਮ, ਸੁਭਾਵਿਕ ਤੇ ਬਹੁਤ ਗੁੰਝਲਦਾਰ ਹੈ। ਇਸ ਦਾ ਪ੍ਰਕਾਰਜ ਭਾਵਨਾਤਮਕ, ਇਛਾਤਮਕ ਤੇ ਗਿਆਨਾਤਮਕ ਹੁੰਦਾ ਹੈ ਤੇ ਇਨ੍ਹਾਂ ਰਾਹੀਂ ਹੀ ਮਨ ਦੀ

*#1281/11 Ambala Road, Kaithal-136027 (Haryana) M. 94160-73122

ਕਾਰਜਸ਼ੀਲਤਾ ਦਾ ਅਨੁਮਾਨ ਲੱਗਦਾ ਹੈ। ਕਿਸੇ ਕੰਮ ਲਈ ਸੰਕਲਪ ਕਰਨਾ, ਤਿਆਗਣਾ, ਸੋਚਣਾ, ਮਹਿਸੂਸ ਕਰਨਾ, ਨਫ਼ਰਤ ਜਾਂ ਪਿਆਰ ਕਰਨਾ, ਨਿਰਣਾ ਕਰਨਾ, ਭੈਅ ਤੇ ਭਰਮ ਦੀ ਪ੍ਰਵਿਰਤੀ ਦਾ ਪੈਦਾ ਹੋਣਾ, ਹਿੰਸਾਤਮਕ ਰੁਚੀਆਂ ਹੋਣਾ ਆਦਿ ਭਾਵ ਅਤੇ ਕ੍ਰਿਆਵਾਂ ਵਿਚ ਮਨ ਇੱਕ ਪ੍ਰੇਰਕ ਬਣ ਕੇ ਕਾਰਜ ਕਰਦਾ ਹੈ। ਦੂਸਰੇ ਪਾਸੇ ਇਸ ਕਾਰਜਸ਼ੀਲਤਾ ਨੂੰ ਅਸੀਂ ਮਨ ਦਾ ਬਿਰਤੀ, ਇਕਾਗਰਤਾ, ਭਗਤੀ, ਸਿਮਰਨ ਤੇ ਨਿਰੰਤਰ ਜਾਪ ਰਾਹੀਂ ਵੀ ਸਰੀਰ ਤੇ ਮਨ ਵਿਚ ਅਨੁਭਵ ਕਰ ਸਕਦੇ ਹਾਂ। ਸਰੀਰ ਦੀਆਂ ਇੰਦਰੀਆਂ ਨਾਲ ਜੁੜੇ ਸੰਵੇਗ ਤੇ ਕ੍ਰਿਆਵਾਂ ਵੀ ਇਸ ਵਿਚ ਸ਼ਾਮਲ ਹਨ।

'ਅਨੰਦੁ ਸਾਹਿਬ' ਵਿਚ ਮਨ ਦੇ ਸੰਵੇਗਾਂ ਦੇ ਵਿਸਥਾਰ ਦੀ ਵਿਆਖਿਆ ਮਨੋਵਿਗਿਆਨਿਕ ਪ੍ਰਸੰਗ ਵਿਚ ਤਿੰਨ ਧਰਾਤਲਾਂ ਰਾਹੀਂ ਕੀਤੀ ਮਿਲਦੀ ਹੈ :

ੳ) ਮਨ ਦਾ ਪਸ਼ੂ-ਵਿਵਹਾਰ (Animal in Mind)

ਅ) ਮਨ ਦਾ ਮਨੁੱਖੀ ਵਿਵਹਾਰ (Man in Mind)

ੲ) ਮਨ ਦਾ ਰੱਬੀ ਅਨੁਭਵ (God in Mind)

ਮਨ ਦੇ ਇਹ ਤਿੰਨ ਧਰਾਤਲ ਪੱਛਮੀ ਮਨੋਵਿਗਿਆਨੀ ਫਰਾਇਡ ਅਨੁਸਾਰ ਤਿੰਨ ਪਰਤਾਂ ਰਾਹੀਂ ਜਾਣੇ-ਪਛਾਣੇ ਜਾਂਦੇ ਹਨ। ਇਹ ਹਨ- ਇਦਮ (Id), ਹਉਂ (Ego), ਪਰਾਹਉਂ (Super Ego), ਇਨ੍ਹਾਂ ਤਿੰਨਾਂ ਪਰਤਾਂ ਨਾਲ ਹੀ ਮਨੁੱਖੀ ਸ਼ਖ਼ਸੀਅਤ ਦੀ ਸਿਰਜਣਾ ਹੁੰਦੀ ਹੈ। ਫਰਾਇਡ ਨੇ ਇਨ੍ਹਾਂ ਤਿੰਨਾਂ ਪਰਤਾਂ ਤੋਂ ਪਹਿਲਾਂ ਮਨੁੱਖੀ ਮਨ ਦਾ ਵਿਸ਼ਲੇਸ਼ਣ ਤਿੰਨ ਭਾਗਾਂ ਚੇਤਨ, ਅਵਚੇਤਨ ਅਤੇ ਅਚੇਤਨ ਨਾਲ ਕੀਤਾ ਹੈ।

ਚੇਤਨ ਮਨ ਮਨੁੱਖੀ ਮਨ ਦਾ ਉਹ ਮਹੱਤਵਪੂਰਨ ਭਾਗ ਹੈ, ਜੋ ਜਾਗ੍ਰਿਤ ਅਵਸਥਾ ਵਿਚ ਨਿਰੰਤਰ ਪ੍ਰਵਾਹ ਵਾਂਗ ਚੱਲਦਾ ਰਹਿੰਦਾ ਹੈ। ਇਹ ਸੁਚੇਤ ਰੂਪ ਵਿਚ ਮਨੁੱਖੀ ਸੋਚ, ਕ੍ਰਿਆਸ਼ੀਲਤਾ ਤੇ ਭਾਵਨਾਵਾਂ ਨਾਲ ਅੰਤਰ-ਸੰਬੰਧਿਤ ਹੋ ਕੇ ਕਾਰਜ ਕਰਦਾ ਹੈ। ਇਹ ਮਨ ਦਾ ਅਤਿ ਛੋਟਾ ਭਾਗ ਹੈ ਜੋ ਲੱਗਭਗ ਮਨ ਦਾ ਦਸਵਾਂ ਹਿੱਸਾ ਹੀ ਹੁੰਦਾ ਹੈ।

ਇਸੇ ਤਰ੍ਹਾਂ ਅਵਚੇਤਨ ਜਾਂ ਅਰਧ ਚੇਤਨ, ਚੇਤਨ ਅਤੇ ਅਚੇਤਨ ਵਿਚਕਾਰ ਇਕ ਛੋਟੀ ਤਹਿ ਵਾਂਗ ਹੁੰਦਾ ਹੈ। ਇਹ ਪਰਤ ਵਰਤਮਾਨ ਦੀ ਜਾਣਕਾਰੀ ਤਾਂ ਨਹੀਂ ਰੱਖਦੀ, ਪਰ ਥੋੜ੍ਹੇ ਹੀ ਯਤਨ ਤੇ ਦਬਾਉ ਨਾਲ ਚੇਤਨ ਹੋ ਜਾਂਦੀ ਹੈ। ਇਹ ਅਵਚੇਤਨ ਅਤ੍ਰਿਪਤ ਤੇ ਦੱਬੀਆਂ ਘੁੱਟੀਆਂ ਇੱਛਾਵਾਂ ਨੂੰ ਚੇਤਨ ਵਿਚ ਜਾਣ ਤੋਂ ਰੋਕਣ ਲਈ ਬੈਰੀਅਰ (ਰੋਕ) ਦਾ ਵੀ ਕਾਰਜ ਕਰਦਾ ਹੈ।

ਤੀਸਰਾ ਭਾਗ ਅਚੇਤਨ ਮਨੁੱਖੀ ਮਨ ਦਾ ਸਭ ਤੋਂ ਵੱਡਾ ਭਾਗ ਹੈ। ਫਰਾਇਡ ਨੇ ਆਪਣੇ ਮਨੋਵਿਸ਼ਲੇਸ਼ਣ ਸਿਧਾਂਤ ਵਿਚ ਅਚੇਤਨ ਦੇ ਕਾਰਜ ਤੇ ਇਸ ਦੇ ਪ੍ਰਯੋਜਨ ਬਾਰੇ ਲੰਮਾ ਸਮਾਂ ਖੋਜ ਕਰ ਕੇ ਇਸ ਦੀ ਕ੍ਰਿਆਸ਼ੀਲਤਾ ਬਾਰੇ ਜਾਣੂ ਕਰਾਇਆ ਹੈ। ਡਾ. ਜਸਵੰਤ ਸਿੰਘ ਨੇਕੀ ਇਸ ਸੰਬੰਧ ਵਿਚ ਲਿਖਦੇ ਹਨ :-

> ਅਚੇਤਨ ਹੀ ਮਾਨਸਿਕ ਜੀਵਨ ਦਾ ਮੂਲਧਾਰ ਹੈ। ਇਸ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਭਾਗ ਵਿਚ ਸਾਡੀਆਂ ਐਸੀਆਂ

> ਇੱਛਾਵਾਂ ਦਮਿਤ ਪਈਆਂ ਹੁੰਦੀਆਂ ਹਨ, ਚੇਤਨ ਜਿਨ੍ਹਾਂ ਦਾ ਇਕਬਾਲ ਕਰਨ ਤੋਂ ਭੱਜਦਾ ਹੈ। ਉਹ ਇਨ੍ਹਾਂ ਨੂੰ ਵੇਖ ਨਹੀਂ ਸਕਦਾ। ਸੋ ਇਨ੍ਹਾਂ ਦਾ ਦਮਨ ਅਚੇਤਨ ਵਿਚ ਕਰ ਦਿੱਤਾ ਜਾਂਦਾ ਹੈ। ਫਿਰ ਅਵਚੇਤਨ ਇਨ੍ਹਾਂ ਨੂੰ ਚੇਤਨ ਵਿਚ ਆਉਣ ਤੋਂ ਰੋਕਣ ਦਾ ਜਤਨ ਕਰਦਾ ਹੈ, ਪਰ ਇਹ ਦਮਿਤ ਇਛਾਵਾਂ ਕਈ ਅਸਿੱਧੇ ਤਰੀਕਿਆਂ ਨਾਲ ਆਪਣੀ ਪੂਰਤੀ ਦਾ ਜਤਨ ਕਰਦੀਆਂ ਹਨ। ਇਨ੍ਹਾਂ ਅਸਿੱਧੀਆਂ ਵਿਧੀਆਂ ਵਿਚ ਸੁਪਨੇ ਵੀ ਸ਼ਾਮਿਲ ਹਨ ਤੇ ਮਨੋਰੋਗਾਂ ਦੇ ਚਿੰਨ੍ਹ ਵੀ।[੧]

ਇਸੇ ਤਰ੍ਹਾਂ ਮਨ ਦੇ ਇਦਮ ਭਾਗ ਦਾ ਮੂਲ ਸੁਭਾਅ ਸ਼ੈਤਾਨੀਅਤ ਵਾਲਾ ਹੁੰਦਾ ਹੈ, ਇਹ ਮਨ ਦਾ ਪ੍ਰਮੁੱਖ ਭਾਗ ਹੈ, ਜਿਸ ਵਿਚ ਮਨੁੱਖ ਦੀਆਂ ਪ੍ਰਾਰੰਭਿਕ ਉਮੰਗਾਂ, ਕਲਪਨਾਵਾਂ ਤੇ ਪ੍ਰਬਲ ਇੱਛਾਵਾਂ ਨਿਵਾਸ ਕਰਦੀਆਂ ਹਨ। ਇਹ ਅਤ੍ਰਿਪਤ ਇੱਛਾਵਾਂ ਉਬਲੇ ਪਾਣੀ ਵਾਂਗ ਖੌਲਦੀਆਂ ਹਨ ਤੇ ਬਾਹਰ ਨਿਕਲਣ ਲਈ ਰਾਹ ਲੱਭਦੀਆਂ ਹਨ। ਮੂਲਰੂਪ ਵਿਚ ਇਦਮ ਦਾ ਸੁਭਾਅ ਅਮੋੜ, ਅੱਖੜ, ਚਲਾਕ ਤੇ ਤੇਜ਼ ਹੁੰਦਾ ਹੈ ਤੇ ਇਹ ਖੁਸ਼ੀ ਦੀ ਪ੍ਰਾਪਤੀ ਦੇ ਸਿਧਾਂਤ ਉੱਪਰ ਕਾਰਜ ਕਰਦਾ ਹੈ। ਮਨ ਦਾ ਹਉਂ ਭਾਗ ਇੱਕ ਸੈਂਸਰ ਦੇ ਰੂਪ ਵਿਚ ਕਾਰਜ ਕਰਦਾ ਹੈ, ਜੋ ਅਤ੍ਰਿਪਤ ਤੇ ਪਸ਼ੂਪੁਣੇ ਵਾਲੀਆਂ ਇੱਛਾਵਾਂ ਨੂੰ ਬੈਰੀਅਰ ਬਣ ਕੇ ਰੋਕਦਾ ਹੈ। ਪਰਾਹਉਂ ਭਾਗ ਮਨੁੱਖੀ ਮਨ ਵਿਚ ਨੈਤਿਕ ਮੁੱਲਾਂ ਦੀ ਸਥਾਪਨਾ ਕਰਦਾ ਹੈ। ਇਸ ਭਾਗ ਨਾਲ ਹੀ ਮਨੁੱਖੀ ਮਨ ਧਾਰਮਿਕ ਤੇ ਅਧਿਆਤਮਿਕ ਤੌਰ 'ਤੇ ਜਾਗ੍ਰਿਤ ਹੁੰਦਾ ਹੈ ਤੇ ਸਿਮਰਨ-ਸਾਧਨਾ ਰਾਹੀਂ ਪ੍ਰਭੂ-ਅਨੁਭਵ ਤੇ ਲਿਵਲੀਨਤਾ ਪ੍ਰਾਪਤ ਕਰਦਾ ਹੈ।

ਉੱਪਰ ਵਰਣਿਤ ਵਿਆਖਿਆ ਮਨੁੱਖੀ ਮਨ ਦੇ ਮੂਲ ਸੁਭਾਅ, ਇਸ ਦੇ ਤੱਤਾਂ ਦੀ ਕਾਰਜ-ਸ਼ੈਲੀ ਬਾਰੇ ਜਾਣਕਾਰੀ ਲਈ ਕਾਫੀ ਹੈ। ਗੁਰਬਾਣੀ ਵਿਚਲਾ ਪ੍ਰਵਚਨ ਦੋਹਰੀ ਪ੍ਰਕ੍ਰਿਤੀ ਵਾਲਾ ਹੁੰਦਾ ਹੈ। ਇਸ ਦਾ ਇੱਕ ਪੱਖ ਸੰਸਾਰੀ ਹੈ ਤੇ ਦੂਸਰਾ ਅਧਿਆਤਮਿਕ ਸੰਚਾਰ ਹੈ। ਜੋ ਮਨੁੱਖੀ ਮਨ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਹੈ। ਇਸ ਸੰਬੋਧਨ ਤੇ ਉਚਾਰ ਰਾਹੀਂ ਗੁਰੂ ਸਾਹਿਬਾਨ ਨੇ ਆਪਣੀ ਸੰਚਾਰੀ-ਜੁਗਤਾਂ ਦੁਆਰਾ ਮਨੁੱਖੀ ਜੀਵ ਨੂੰ ਪਰਤ-ਦਰ-ਪਰਤ ਸਮਝਾਇਆ ਹੈ। ਇਸ ਤਰ੍ਹਾਂ ਬਾਣੀਕਾਰਾਂ ਨੇ ਇਕ ਗੰਭੀਰ ਮਨੋਵਿਗਿਆਨੀ ਵਾਂਗ ਮਨੁੱਖੀ ਮਨ ਦਾ ਵਿਸ਼ਲੇਸ਼ਣ ਕਰ ਕੇ ਮਨੁੱਖ ਨੂੰ ਅਧਿਆਤਮਿਕਤਾ ਦਾ ਉਪਦੇਸ਼ ਦਿੱਤਾ ਹੈ।

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚਲੇ ਸਿਧਾਂਤਾਂ ਰਾਹੀਂ ਮਨ ਦੀ ਕਈ ਤਰੀਕਿਆਂ ਨਾਲ ਵਿਆਖਿਆ ਕੀਤੀ ਹੈ। ਗਾਵੀਐ, ਸੁਣੀਐ, ਮੰਨੀਐ ਨਾਲ 'ਮਨਿ ਜੀਤੈ ਜਗੁ ਜੀਤੁ' ਵਾਲੇ ਕਿਵੇਂ ਬਣੀਦਾ ਹੈ? ਇਸ ਨੂੰ ਖ਼ੂਬਸੂਰਤ ਰੂਪਕਾਂ ਤੇ ਅਲੰਕਾਰਾਂ ਰਾਹੀਂ ਸਪੱਸ਼ਟ ਕੀਤਾ ਹੈ। ਜਪੁਜੀ ਸਾਹਿਬ ਦੇ ਪੰਜ ਅਧਿਆਤਮਿਕ ਖੰਡ ਵੀ ਮਨੁੱਖੀ ਜੀਵ ਦੇ ਮਾਨਸਿਕ ਮੰਡਲ ਦੀਆਂ ਪੰਜ ਹੀ ਮੰਜ਼ਿਲਾਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਦੇ ਨਕਾਰਾਤਮਕ ਤੇ ਸਕਾਰਾਤਮਕ ਦੋਵਾਂ ਪੱਖਾਂ ਬਾਰੇ ਮਨੁੱਖੀ ਜੀਵ ਨੂੰ ਸੁਚੇਤ ਕਰ ਕੇ ਇਸ ਦੀ ਗਹਿਰ ਗੰਭੀਰ ਪ੍ਰਕ੍ਰਿਤੀ ਬਾਰੇ ਪ੍ਰਕਾਸ਼

ਪਾਇਆ ਹੈ:

ਮਨ ਦੀ ਨਕਾਰਾਤਮਕ ਬਿਰਤੀ :

*-ਮਨੁ ਮੈਗਲੁ ਸਾਕਤੁ ਦੇਵਾਨਾ ॥*
*ਬਨ ਖੰਡਿ ਮਾਇਆ ਮੋਹਿ ਹੈਰਾਨਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੫)*
*-ਭੀਤਰਿ ਪੰਚ ਗੁਪਤ ਮਨਿ ਵਾਸੇ ॥*
*ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥*
*ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥*
*ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੯)*
*-ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੫)*
*-ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥*
*ਇਹੁ ਮਨੁ ਪੰਚ ਤਤੁ ਤੇ ਜਨਮਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੫)*

ਮਨ ਦੀ ਸਕਾਰਾਤਮਕ ਬਿਰਤੀ:

*-. . .ਮਨਿ ਜੀਤੈ ਜਗੁ ਜੀਤੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬)*
*-ਤਨ ਮਹਿ ਮਨੂਆ ਮਨ ਮਹਿ ਸਾਚਾ ॥*
*ਸੋ ਸਾਚਾ ਮਿਲਿ ਸਾਚੇ ਰਾਚਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੬)*
*-ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੫)*

ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨ ਦੇ ਗੁੰਝਲਦਾਰ ਵਰਤਾਰੇ ਬਾਰੇ ਵੱਖਰੇ-ਵੱਖਰੇ ਪ੍ਰਸੰਗਾਂ ਵਿਚ ਚਰਚਾ ਹੋਈ ਮਿਲਦੀ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ 'ਅਨੰਦੁ ਸਾਹਿਬ' ਵਿਚ ਮਨੁੱਖੀ ਮਨ ਨਾਲ ਅੰਤਰ-ਸੰਬੰਧਿਤ ਹੋ ਕੇ ਮਨੁੱਖੀ ਜੀਵਨ ਲਈ ਕਈ ਸੁਆਲ ਖੜ੍ਹੇ ਕੀਤੇ ਹਨ। ਇਨ੍ਹਾਂ ਸੁਆਲਾਂ ਵਿਚ ਹੀ ਅਸੀਂ ਮਨ ਦੇ ਅੰਤਰੀਵੀ ਸੁਭਾਅ ਤੇ ਮਨੁੱਖਾ ਦੇਹ ਤੇ ਆਤਮਾ ਨਾਲ ਇਸ ਦੇ ਆਂਤ੍ਰਿਕ ਸੰਬੰਧਾਂ ਤੇ ਕ੍ਰਿਆਸ਼ੀਲਤਾ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।

ਸ੍ਰੀ ਗੁਰੂ ਅਮਰਦਾਸ ਜੀ ਮਨ ਦੀ ਮੂਲ ਪ੍ਰਕ੍ਰਿਤੀ ਬਾਰੇ ਮਨੁੱਖੀ ਜੀਵ ਨੂੰ ਸੁਚੇਤ ਕਰਦੇ ਹਨ। ਇਹ ਪ੍ਰਕਿਰਤੀ ਜਿਵੇਂ ਕਿ ਪਿੱਛੇ ਚਰਚਾ ਕੀਤੀ ਗਈ ਹੈ, ਸ਼ੈਤਾਨੀਅਤ ਤੇ ਪਸ਼ੂਪੁਣੇ ਵਾਲੀ ਹੈ। ਇਸ ਵਿਚ ਪਾਸ਼ਵਿਕ-ਸੰਸਾਰ ਦਾ ਉਹ ਸਭ ਕੁਝ ਹੈ, ਜੋ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਉਸ ਦੀ ਸੋਚ ਤੇ ਕਾਰਜ ਸ਼ੈਤਾਨੀ ਸੁਭਾਅ ਵਾਲੇ ਹੋ ਜਾਂਦੇ ਹਨ। ਉਸ ਨੂੰ ਝੂਠ, ਪਾਪ, ਹਉਮੈਂ, ਚਲਾਕੀ, ਮਾਇਆ, ਦੁਸ਼ਮਣੀ ਸਭ ਚੰਗੇ ਚੱਲਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਇਸ ਪ੍ਰਸੰਗ ਵਿਚ ਫੁਰਮਾਉਂਦੇ ਹਨ :

*-ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*

*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥*
*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*–ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*–ਜੀਅਹੁ ਮੈਲੇ ਬਾਹਰਹੁ ਨਿਰਮਲ ॥*
*ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥*
*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੯)*

*–ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

*–ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

*–ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

ਇਹ ਮਨੁੱਖੀ ਮਨ ਦੀ ਸੰਸਾਰੀ ਬਿਰਤੀ ਹੈ। ਜੋ ਮਨੁੱਖੀ ਜੀਵ ਸੁਚੇਤ ਮਨ ਰਾਹੀਂ ਆਪਣੀ ਸੋਚ, ਭਾਵਨਾ ਤੇ ਕ੍ਰਿਆਸ਼ੀਲਤਾ ਰਾਹੀਂ ਸੰਸਾਰਕ ਪੱਧਰ 'ਤੇ ਕਰਦਾ ਹੈ। ਉਹ ਜਨਮ ਸਮੇਂ ਤੋਂ ਹੀ ਕੂੜ ਨੂੰ ਸੱਚ ਸਮਝਦਾ ਹੈ, ਰਿਸ਼ਤਿਆਂ ਦੇ ਪਸਾਰੇ ਤੇ ਮੋਹ ਮਾਇਆ ਨਾਲ ਉਸ ਦੇ ਮਨ ਵਿਚ ਸ਼ੈਤਾਨੀ ਬਿਰਤੀਆਂ ਹਾਵੀ ਹੋ ਜਾਂਦੀਆਂ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਮਨੁੱਖੀ ਦੇਹ ਵਿਚ ਮਨ ਨੂੰ ਪ੍ਰਭੂ ਜੋਤ ਦੀ ਪਛਾਣ ਕਰਨ ਵਾਲਾ ਖੂਬਸੂਰਤ ਮਾਧਿਅਮ ਦੱਸਿਆ ਹੈ। ਮਨ ਨੂੰ ਸੰਬੋਧਨ ਕਰ ਕੇ ਇਸ ਨੂੰ ਆਪਣੇ ਅਸਲੇ ਦੀ ਪਛਾਣ ਕਰਨ ਵੱਲ ਧਿਆਨ ਦਿਵਾਇਆ ਹੈ :

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)*

ਮਨ ਦੀ ਦੂਸਰੀ ਪਰਤ ਦੀ ਪਛਾਣ ਹੀ ਇਹ ਹੈ ਕਿ ਮਨੁੱਖੀ ਜੀਵ ਨੂੰ ਮਨ ਦੇ ਅਸਲੇ ਦੀ ਸਮਝ ਆ ਜਾਵੇ। ਉਹ ਸੁਚੇਤ ਹੋ ਜਾਵੇ ਕਿ ਕਿਹੜੇ ਕਰਮ ਚੰਗੇ ਹਨ? ਤੇ ਕਿਹੜੇ ਮਾੜੇ? ਸ੍ਰੀ ਗੁਰੂ ਅਮਰਦਾਸ ਜੀ ਰਾਗ ਮਲਾਰ ਵਿਚ ਮਨ ਦੇ ਸਰੂਪ, ਅਸਲੇ, ਉਸ ਦੀ ਸਥਿਤੀ ਤੇ ਸਮਰੱਥਾ ਬਾਰੇ ਮਨੁੱਖੀ ਜੀਵ ਨੂੰ ਪ੍ਰਸ਼ਨ ਕਰਦੇ ਹਨ ਤੇ ਇਸ ਬਾਰੇ ਵਿਚਾਰ ਕਰਨ ਲਈ ਸੁਚੇਤ ਕਰਦੇ ਹਨ :

*ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥*
*ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥*
*ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥*

*ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥*
*ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥*
*ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ਰਹਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੬੧)*

ਗੁਰੂ ਸਾਹਿਬ ਦਾ ਮੂਲ ਉਦੇਸ਼ ਮਨੁੱਖੀ ਜੀਵ ਨੂੰ ਮਨ ਦੀ ਸ਼ਕਤੀ, ਪ੍ਰਬਲਤਾ ਤੇ ਸਮਰੱਥਾ ਬਾਰੇ ਉਪਦੇਸ਼ ਦੇਣਾ ਹੈ। ਇਹ ਧਰਾਤਲ ਮਨੁੱਖ ਦੀ ਆਂਤ੍ਰਿਕ ਸੋਝੀ ਦੀ ਹੈ, ਜਿੱਥੇ ਮਨੁੱਖ ਨੂੰ ਬੋਧ ਹੁੰਦਾ ਹੈ ਕਿ ਮਨੁੱਖਾ ਦੇਹ ਇਕ ਛੋਟਾ ਬ੍ਰਹਿਮੰਡ ਹੈ, ਮਨ ਸੰਸਾਰਿਕ ਤੇ ਪ੍ਰਭੂ ਅਨੁਭਵ ਲਈ ਇਕ ਸ਼ਕਤੀਸ਼ਾਲੀ ਮਾਧਿਅਮ ਹੈ, ਆਤਮਾ ਪਰਮਾਤਮਾ ਦੀ ਅੰਸ਼ ਹੈ ਤੇ ਮਾਇਆ ਤੇ ਹਉਮੈਂ ਕਰ ਕੇ ਇਹ ਆਪਣੇ ਅਸਲੇ ਤੋਂ ਵਿੱਛੜੀ ਹੋਈ ਹੈ।

ਸ੍ਰੀ ਗੁਰੂ ਅਮਰਦਾਸ ਜੀ ਅਨੰਦੁ ਸਾਹਿਬ ਦੀ ੨੮ਵੀਂ ਪਉੜੀ ਵਿਚ ਉਸ ਪ੍ਰਭੂ-ਜੋਤਿ ਜੋ ਆਤਮਾ ਦੇ ਰੂਪ ਵਿਚ ਪ੍ਰਭੂ ਨੇ ਮਾਤਾ ਦੇ ਉਦਰ ਵਿਚ ਪਾਈ ਹੈ, ਦਾ ਅਹਿਸਾਸ ਮਨੁੱਖੀ ਜੀਵ ਨੂੰ ਕਰਾਉਂਦੇ ਹਨ :

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

ਇਹ ਅਹਿਸਾਸ ਦੀ ਸਥਿਤੀ ਹੈ, ਜੋ ਗੁਰੂ ਸਾਹਿਬ ਨੇ ਮਨੁੱਖੀ ਜੀਵ ਨੂੰ ਸਮਝਾਈ ਹੈ। ਅਸਲ ਵਿਚ ਗੁਰੂ ਸਾਹਿਬ ਸੰਸਾਰਿਕ ਮਾਇਆ ਨੂੰ ਮਨੁੱਖੀ ਮਨ ਦੀ ਚੰਚਲਤਾ ਨਾਲ ਜੋੜ ਕੇ ਪਰਤ-ਦਰ-ਪਰਤ ਵਿਸ਼ਲੇਸ਼ਣ ਕਰਦੇ ਹਨ। ਪਹਿਲੋਂ ਇਹ ਮਾਇਆ ਸੰਸਾਰਿਕ ਰਿਸ਼ਤਿਆਂ ਦਾ ਤਾਣਾਬਾਣਾ ਬੁਣਦੀ ਹੈ। ਫਿਰ ਮਨੁੱਖੀ ਜੀਵ ਦੇ ਮਨੋਭਾਵਾਂ ਨੂੰ ਪ੍ਰਭਾਵਿਤ ਕਰਨਾ, ਕਬਜ਼ਾ ਕਰਨ ਦੀ ਰੁਚੀ, ਪਦਾਰਥ ਤੇ ਧਨ ਸੰਚਿਤ ਕਰਨ ਦੀ ਅਭਿਲਾਸ਼ਾ, ਅਤ੍ਰਿਪਤ ਮਨੋਕਾਮਨਾਵਾਂ ਦੀ ਪੂਰਤੀ ਰਾਹੀਂ ਮਨੁੱਖੀ ਮਨ ਵਿਚ ਸੰਚਾਰ ਕਰਦੀ ਕਾਰਜਸ਼ੀਲ ਹੁੰਦੀ ਹੈ। ਗੁਰੂ ਸਾਹਿਬ ਮਨੁੱਖ ਨੂੰ ਇਸ ਸਭ ਲਈ ਸੁਚੇਤ ਕਰਦੇ ਹਨ :

*-ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

*-ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

*-ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥*
*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

ਮਨੋਸੰਵੇਗਾਂ ਨਾਲ ਮਨੁੱਖ ਦਾ ਵਿਵਹਾਰ ਅਸਾਧਾਰਨ ਬਣ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਮਨੁੱਖੀ ਮਨ ਦੀ ਨਿਰੰਤਰ ਅਤੇ ਸੁਚੇਤ ਧਾਰਾ ਬਾਰੇ ਬਹੁਤ ਚੇਤੰਨ ਸਨ। ਉਨ੍ਹਾਂ ਨੂੰ ਪਤਾ ਸੀ ਕਿ ਮਨੁੱਖੀ ਸੰਵੇਗਾਂ ਨੂੰ ਸਹੀ ਸੇਧ ਕਿਵੇਂ ਦੇਣੀ ਹੈ ? ਅਤੇ ਉਨ੍ਹਾਂ ਦੀ ਤੀਬਰਤਾ ਨੂੰ ਕਿਵੇਂ ਕਾਬੂ ਕਰਨਾ ਹੈ? ਅਤੇ ਕਿਵੇਂ ਉਨ੍ਹਾਂ ਦੀ ਉੱਚਿਤ ਪੂਰਤੀ ਕਰਨੀ ਹੈ? ਮਨ ਦੀ ਇਹ ਸਥਿਤੀ ਹੀ ਮਨੋਵਿਗਿਆਨ ਦੇ ਅਰਥਾਂ ਵਿਚ ਸਹੀ ਮਨੁੱਖ ਦੀ ਪਰਿਭਾਸ਼ਾ ਵਾਲੀ ਹੈ। ਗੁਰੂ ਸਾਹਿਬ ਨੇ ਇੱਕ ਗੰਭੀਰ ਮਨੋਵਿਗਿਆਨੀ ਵਾਂਗ ਮਨੋ-ਰੁਚੀਆਂ ਬਾਰੇ ਵਿਸਥਾਰ ਨਾਲ ਚਿਤਰਣ ਕਰ ਕੇ ਮਨੁੱਖੀ ਮਨ ਨੂੰ ਅਸਥਿਰਤਾ ਤੇ ਡਾਵਾਂਡੋਲ ਵਾਲੀ ਸਥਿਤੀ ਤੋਂ ਕੱਢ ਕੇ ਨਾਮ ਸਿਮਰਨ ਨਾਲ ਜੋੜਿਆ ਹੈ।

ਮਨੁੱਖੀ ਮਨ ਨੂੰ ਨਾਕਾਰਾਤਮਕ ਸਥਿਤੀਆਂ ਤੋਂ ਦੂਰ ਲਿਜਾ ਕੇ ਪ੍ਰਭੂ-ਅਨੁਭਵ ਦੀ ਅਨੰਦਮਈ ਅਵਸਥਾ ਵੱਲ ਲੈ ਜਾਣਾ ਗੁਰੂ ਸਾਹਿਬ ਦੀ ਇਸ ਬਾਣੀ ਦਾ ਮੂਲ ਧੁਰਾ ਹੈ। ਬਾਣੀ ਵਿਚ ਗੁਰੂ ਸਾਹਿਬ ਨੇ ਇਸ ਉੱਚ ਸਥਿਤੀ ਨੂੰ ਬਾਣੀ ਦੇ ਆਦਿ ਤੋਂ ਲੈ ਕੇ ਅੰਤ ਤਕ ਦ੍ਰਿਸ਼ਟਮਾਨ ਕੀਤਾ ਹੈ। ਇਸ ਤਸਵੀਰ ਸਥਿਤੀ ਵਿਚ ਮਨ ਦੀ ਚਤੁਰਾਈ, ਵੈਰ-ਵਿਰੋਧ ਦੀ ਭਾਵਨਾ, ਮਨੁੱਖੀ ਮੋਹ, ਦੁਸ਼ਮਣੀ, ਹੰਕਾਰ, ਕ੍ਰੋਧ, ਹਿੰਸਕ ਰੁਚੀਆਂ ਅਤੇ ਬੇਕਾਬੂ ਕਾਮ ਬਿਰਤੀਆਂ ਸਭ ਪਾਸੇ ਹਟ ਜਾਂਦੀਆਂ ਹਨ ਤੇ ਮਨੁੱਖੀ ਮਨ ਦੀਆਂ ਪਰਤਾਂ ਸਦਾਚਾਰ ਸ਼ਾਸਤਰ ਨਾਲ ਜੁੜ ਕੇ ਜਾਗ੍ਰਿਤ ਹੋ ਕੇ ਉੱਚਾ ਉੱਠ ਜਾਂਦੀਆਂ ਹਨ। ਗੁਰੂ ਸਾਹਿਬ ਦੇ ਬਾਣੀ ਸੰਸਾਰ ਵਿਚ ਇਹੋ ਗਿਆਨ ਪੱਖ ਹੈ, ਜੋ ਵਿਭਿੰਨ ਪ੍ਰਕਾਰ ਦੇ ਅਧਿਆਤਮਿਕ ਪ੍ਰਸੰਗਾਂ ਰਾਹੀਂ ਅਨੰਦੁ ਸਾਹਿਬ ਦੀ ਬਾਣੀ ਵਿਚ ਪ੍ਰਕਾਸ਼ਮਾਨ ਹੁੰਦਾ ਹੈ:

*-ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥*
*ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*-ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*-ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥*
*ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥*
*ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥*
*ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥*
*ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*-ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੯)*

ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖੀ ਮਨ ਦੀ ਅਵਸਥਾ ਨਾਮ ਸਿਮਰਨ ਰਾਹੀਂ ਦਰਸਾਈ ਹੈ। ਮੂਲ ਰੂਪ ਵਿਚ ਗੁਰੂ ਸਾਹਿਬ ਦੀ ਬਾਣੀ 'ਅਨੰਦੁ ਸਾਹਿਬ' ਉਨ੍ਹਾਂ ਦੀ ਸਿਮਰਨ ਸਾਧਨਾ ਦੀ ਉਤਕ੍ਰਿਸ਼ਟ ਅਵਸਥਾ ਹੈ। ਪ੍ਰੋ. ਰਾਮ ਸਿੰਘ ਇਸ ਅਵਸਥਾ ਤਕ ਪਹੁੰਚਣ ਲਈ ਇਸ ਬਾਣੀ ਦੇ ਆਤਮਿਕ ਸਫ਼ਰ ਨੂੰ ਗੁਰੂ ਦੀ ਬਾਣੀ, ਨਾਮ ਸਿਮਰਨ ਤੇ ਆਤਮਿਕ ਅਨੁਭਵ ਨਾਲ ਜੋੜਦੇ ਹਨ।[੨]

ਜਦੋਂ ਮਨੁੱਖੀ ਦੇਹ, ਮਨ ਅਤੇ ਆਤਮਾ ਇਕਸੁਰ ਹੋ ਜਾਂਦੇ ਹਨ ਤੇ ਫਿਰ ਮਨੁੱਖੀ ਜੀਵ ਆਪਣੇ ਅੰਤਮ ਲਕਸ਼ ਦੀ ਪ੍ਰਾਪਤੀ ਦਾ ਅਨੁਭਵ ਕਰਦਾ ਹੈ। ਇਹੋ ਹੀ ਅਨੰਦ ਦੀ ਅਵਸਥਾ ਹੈ। ਅੰਤਲੀ ਪਉੜੀ ਵਿਚ ਗੁਰੂ ਸਾਹਿਬ ਨੇ ਇਸ ਬਾਣੀ ਦੇ ਅਨੁਭਵ ਨੂੰ ਮਨੁੱਖ ਪ੍ਰਤੀ ਰੂਪਮਾਨ ਕੀਤਾ ਹੈ :

*ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥*
*ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥*
*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥*
*ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥*
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

ਗੁਰੂ ਤੇ ਬਾਣੀ ਨਾਲ ਇਕਸੁਰ ਹੋ ਕੇ ਨਾਮ ਸਿਮਰਨ ਰਾਹੀਂ ਇਸ ਅਨੰਦ ਦੀ ਪ੍ਰਤੀਤੀ ਦਾ ਮਨੋਵਿਗਿਆਨ ਵੀ ਵਿਲੱਖਣ ਹੈ। ਅਨੰਦ ਦੇ ਇਸ ਅਨੁਭਵ ਵਿਚ ਆਤਮਾ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ। ਮਨੋਵਿਗਿਆਨ ਦੇ ਸ਼ਬਦਾਂ ਵਿਚ ਇਹ ਬ੍ਰਹਮ ਅਚੇਤਨ ਦੀ ਅਵਸਥਾ ਹੈ ਤੇ ਇਸ ਅਵਸਥਾ ਦਾ ਅਨੁਭਵ ਮਨੁੱਖੀ ਮਨ ਚੇਤਨ ਅਵਸਥਾ ਦੀ ਪੱਧਰ 'ਤੇ ਕਰਦਾ ਹੈ।

ਥੋੜੇ ਸ਼ਬਦਾਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਪਾਤਸ਼ਾਹ ਨੇ ਇੱਕ ਗੰਭੀਰ ਮਨੋਵਿਗਿਆਨੀ ਵਾਂਗ ਮਨੁੱਖੀ ਜੀਵ ਨੂੰ ਮਨੁੱਖੀ ਮਨ ਦੀਆਂ ਵਿਭਿੰਨ ਪਰਤਾਂ ਦਾ ਵਿਸ਼ਲੇਸ਼ਣ ਕਰ ਕੇ ਉਸ ਨੂੰ ਮੁਕਤੀ ਦੇ ਅੰਤਮ ਲਕਸ਼ ਦੀ ਪ੍ਰਾਪਤੀ ਬਾਰੇ ਵਿਸਥਾਰਮਈ ਸ਼ੈਲੀ ਵਿਚ ਅਤੇ ਉਪਦੇਸ਼ਾਤਮਿਕ ਸੁਰ ਵਿਚ ਅਧਿਆਤਮਿਕ ਮੰਜ਼ਿਲ ਦੀ ਪਹਿਚਾਣ ਕਰਵਾਈ ਹੈ।

ਹਵਾਲੇ :

੧. *ਅਚੇਤਨ ਦੀ ਲੀਲਾ*, ਪੰਨਾ ੪੦

੨. ਪ੍ਰੋ. ਰਾਮ ਸਿੰਘ, 'ਅਨੰਦੁ ਸਾਹਿਬ' ਦੇ ਵਿਸ਼ੇ ਦਾ ਵਿਸ਼ਲੇਸ਼ਣ, *ਖੋਜ ਪੱਤ੍ਰਿਕਾ*, *ਸ੍ਰੀ* ਗੁਰੂ ਅਮਰਦਾਸ ਜੀ ਵਿਸ਼ੇਸ਼ ਅੰਕ (ਸੰਪਾ.) ਡਾ. ਰਤਨ ਸਿੰਘ ਜੱਗੀ, ਪੰਨਾ ੨੨੩

# ਖਾਲਸੇ ਦੇ ਬੋਲਬਾਲੇ ਦਾ ਦੌਰ

*-ਸ. ਕਿਰਪਾਲ ਸਿੰਘ**

ਮਿਸਕੀਨ ਲਿਖਦਾ ਹੈ ਕਿ ਉਹ ਵੀ ਆਪਣੇ ਕੁਝ ਘੋੜਸਵਾਰ ਸਾਥੀਆਂ ਨਾਲ ਉਸਦੇ ਮਗਰ ਚੱਲ ਪਿਆ ਅਤੇ ਅਜੇ ਉਹ ਦੋ ਕੋਹ ਦੂਰ ਹੀ ਗਿਆ ਤਾਂ ਇਕ ਅਜੀਬ ਮੰਜ਼ਰ ਵੇਖ ਕੇ ਹੈਰਾਨ ਹੋ ਗਿਆ ਕਿ ਕਾਸਿਮ ਖਾਨ ਤੇ ਉਸਦੀਆਂ ਫੌਜਾਂ ਵਾਪਸ ਭੱਜੀਆਂ ਆ ਰਹੀਆਂ ਸਨ ਅਤੇ ਉਨ੍ਹਾਂ ਨੂੰ ਸਿਰਫ ਤਿੰਨ ਘੋੜਸਵਾਰ ਸਿੱਖ ਲੜਾਕੂਆਂ ਨੇ ਅੱਗੇ ਲਾਇਆ ਹੋਇਆ ਸੀ। ਇਕ ਕੋਹ ਤਕ ਤਾਂ ਮੁਗ਼ਲ ਫੌਜੀਆਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ। ਇਸ ਹਾਲਤ ਵਿਚ ਮਿਸਕੀਨ ਵੀ ਆਪਣੀ ਜਾਨ ਬਚਾ ਕੇ ਵਾਪਸ ਦੌੜ ਆਇਆ ਸੀ।

ਅਠਾਰ੍ਹਵੀਂ ਸਦੀ ਵਿਚ ਜਦੋਂ ਪੰਜਾਬ ਵਿਚ ਸਿੱਖਾਂ ਨੇ ਵਿਦੇਸ਼ੀ ਮੁਸਲਿਮ ਧਾੜਵੀਆਂ ਅਤੇ ਦਿੱਲੀ ਦੀ ਮੁਗਲੀਆ ਹਕੂਮਤ ਵਿਰੁੱਧ ਸੰਘਰਸ਼ ਸ਼ੁਰੂ ਕੀਤਾ ਹੋਇਆ ਸੀ, ਉਦੋਂ ਪੰਜਾਬ ਵਿਚ ਰਾਜਨੀਤਿਕ ਅਸਥਿਰਤਾ ਪੈਦਾ ਹੋ ਚੁੱਕੀ ਸੀ। ਮੀਰ ਮੰਨੂ ਅਤੇ ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਪੰਜਾਬ ਕਦੇ ਮੁਗ਼ਲਾਂ ਅਤੇ ਕਦੇ ਅਫਗਾਨਿਸਤਾਨ ਦੇ ਧਾੜਵੀ ਅਹਿਮਦਸ਼ਾਹ ਅਬਦਾਲੀ ਦੀ ਤਾਕਤ ਥੱਲੇ ਆ ਜਾਂਦਾ ਸੀ। ਪਰ ਸਿੱਖਾਂ ਵਿਰੁੱਧ ਜਬਰ ਅਤੇ ਜ਼ੁਲਮ ਹਮੇਸ਼ਾਂ ਜਾਰੀ ਰਹਿੰਦਾ ਸੀ। ਸਿੱਖ ਲੜਾਕੂ ਜਥੇ, ਬੁੱਢਾ ਦਲ ਅਤੇ ਤਰੁਣਾ ਦਲਾਂ ਦੀ ਕਮਾਨ ਹੇਠ ਜਥੇਬੰਦ ਹੋ ਕੇ ਹਕੂਮਤ ਵਿਰੁੱਧ ਹਥਿਆਰਬੰਦ ਛਾਪਾਮਾਰ ਲੜਾਈਆਂ ਲੜ ਰਹੇ ਸਨ ਅਤੇ ਉਨ੍ਹਾਂ ਨੇ ਵਕਤ ਦੀ ਮੁਸਲਿਮ ਹਕੂਮਤ ਦੀ ਨੀਂਦ ਖਰਾਬ ਕੀਤੀ ਹੋਈ ਸੀ। ਇਨ੍ਹਾਂ ਹਾਲਾਤਾਂ ਵਿਚ ਹਕੂਮਤ ਨੇ ਹਿੰਦੂਆਂ ਅਤੇ ਸਿੱਖਾਂ ਦਰਮਿਆਨ ਧਾਰਮਿਕ ਅਤੇ ਸਮਾਜਿਕ ਲਕੀਰ ਵੀ ਖਿੱਚ ਦਿੱਤੀ ਹੋਈ ਸੀ। ਖਿੱਤੇ ਦੇ ਆਬਾਦ ਪਿੰਡਾਂ ਅਤੇ ਸ਼ਹਿਰਾਂ ਵਿਚ "ਸਿੱਖ" ਨਾਮ ਦੀ ਕੋਈ ਚੀਜ਼ ਵਿਖਾਈ ਨਹੀਂ ਦਿੰਦੀ ਸੀ। ਆਮ ਜ਼ਿੰਦਗੀ ਜਿਊਣ ਦਾ ਹੱਕ ਕੇਵਲ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹਾਸਲ ਸੀ। ਹਕੂਮਤ ਨੂੰ ਅਗਰ ਹਿੰਦੂਆਂ ਜਾਂ ਮੁਸਲਮਾਨਾਂ ਦੇ ਸੰਬੰਧਾਂ ਦਾ ਪਤਾ ਕਿਸੇ ਸਿੱਖ ਨਾਲ ਹੋਇਆ ਲੱਗ ਜਾਂਦਾ ਤਾਂ ਹਿੰਦੂਆਂ ਵਾਸਤੇ ਮੁਸਲਮਾਨ ਬਣਨਾ ਜਾਂ ਮੌਤ ਦੀ ਸਜ਼ਾ ਤੈਅ ਸੀ ਅਤੇ ਮੁਸਲਮਾਨਾਂ ਨੂੰ ਕੁਝ ਲਿਹਾਜ਼ ਵਰਤਦਿਆਂ ਕੋਰੜਿਆਂ ਦੀ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਹਕੂਮਤ ਵੱਲੋਂ ਹਰ ਪਿੰਡ ਅਤੇ ਸ਼ਹਿਰ ਵਿਚ ਆਪਣੇ ਮੁਖਬਰ ਛੱਡੇ ਹੁੰਦੇ ਸਨ ਜੋ ਉਸ ਨੂੰ ਲੁਕੇ ਛਿਪੇ ਸਿੱਖ ਬਾਬਤ ਸੂਹਾਂ ਦੇਣ ਦਾ ਕੰਮ ਕਰਦੇ ਸਨ। ਅਜਿਹੇ ਹਾਲਾਤਾਂ ਵਿਚ ਸਿੱਖਾਂ ਦੇ ਹਥਿਆਰਬੰਦ ਜਥੇ ਅਕਸਰ ਦਿਨ ਢਲਣ 'ਤੇ ਸਰਗਰਮ ਹੋ ਜਾਂਦੇ ਅਤੇ

**ਸਾਬਕਾ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. +੯੧੯੯੫੫੦੩੫੩੫੫*

ਪਹੁ ਫੁੱਟਣ ਤੋਂ ਪਹਿਲਾਂ ਹੀ ਆਪਣੀਆਂ ਲੁਕਣਗਾਹਾਂ ਵੱਲ ਚਲੇ ਜਾਂਦੇ ਸਨ। ਇਸ ਤਰ੍ਹਾਂ ਦੇ ਮਹੌਲ ਵਿਚ ਸਿੱਖਾਂ ਨੇ ਆਪਣਾ ਸੰਘਰਸ਼ ਕਦੇ ਵੀ ਸੰਪਰਦਾਇਕ ਨਹੀਂ ਹੋਣ ਦਿੱਤਾ। ਉਹ ਹਮੇਸ਼ਾਂ ਮੁਗ਼ਲਸ਼ਾਹੀ ਅਤੇ ਅਫਗਾਨ ਲੁਟੇਰਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਸਿੱਖਾਂ ਨੇ ਹਰ ਹਾਲ ਆਪਣਾ ਹਥਿਆਰਬੰਦ ਸੰਘਰਸ਼ ਜਾਰੀ ਰੱਖਿਆ ਸੀ।

ਉਦੋਂ ਪੰਜਾਬ ਦੇ ਰਾਜਨੀਤਿਕ ਮੰਜ਼ਰ 'ਤੇ ਇਕ ਅਜਿਹਾ ਮੌਕਾ ਵੀ ਆਇਆ ਜਦੋਂ ਇਸਦੀ ਵਾਗਡੋਰ ਮੁਗਲਾਨੀ ਬੇਗਮ ਨਾਮ ਦੀ ਇਕ ਤੁਰਕ ਇਸਤਰੀ ਹੱਥ ਆ ਗਈ। ਉਹ ਪੰਜਾਬ ਦੇ ਸੂਬੇਦਾਰ ਮੀਰ ਮੰਨੂ ਦੀ ਪਤਨੀ ਸੀ। ਮੀਰ ਮੰਨੂ ਦੀ ਮੌਤ ਨਵੰਬਰ ੧੭੫੩ ਈ. ਵਿਚ ਅਚਾਨਕ ਰਹੱਸਮਈ ਹਾਲਤਾਂ ਵਿਚ ਹੋਈ ਸੀ। ਇਸਦੀ ਜਾਣਕਾਰੀ ਮੀਰ ਮੰਨੂ ਦਾ ਇਕ ਘਰੇਲੂ ਤੁਰਕ ਨੌਕਰ ਮਿਸਕੀਨ ਆਪਣੀ ਪੁਸਤਕ "ਤਜ਼ਕਰਾ-ਏ-ਮਿਸਕੀਨ" ਵਿਚ ਦਿੰਦਾ ਹੈ। ਉਸ ਅਨੁਸਾਰ ਜਦੋਂ ਫੌਜ ਦਾ ਕਮਾਂਡਰ ਖਵਾਜ਼ਾ ਮਿਰਜ਼ਾ ਕੁਝ ਸਿੱਖਾਂ ਦੇ ਕੱਟੇ ਹੋਏ ਸਿਰ ਮੀਰ ਮੰਨੂ ਅੱਗੇ ਪੇਸ਼ ਕਰਦਾ ਹੈ ਤਾਂ ਅਚਾਨਕ ਉਸੇ ਸ਼ਾਮ ਉਸਦੀ ਤਬੀਅਤ ਖਰਾਬ ਹੋ ਜਾਂਦੀ ਹੈ ਅਤੇ ਉਹ ਅੱਧੀ ਰਾਤ ਤੋਂ ਕੁਝ ਸਮਾਂ ਬਾਅਦ ਤੜਫ-ਤੜਫ ਕੇ ਮਰ ਜਾਂਦਾ ਹੈ। ਉਸਦੀ ਮੌਤ ਤੋਂ ਬਾਅਦ ਮੁਗਲਾਨੀ ਬੇਗਮ ਦੇ ਦੋ ਸਾਲਾ ਲੜਕੇ ਮੁਹੰਮਦ ਅਮੀਨ ਖਾਨ ਨੂੰ ਅਹਿਮਦਸ਼ਾਹ ਅਬਦਾਲੀ ਪੰਜਾਬ ਦਾ ਹਾਕਮ ਘੋਸ਼ਿਤ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਮੁਗ਼ਲਾਨੀ ਬੇਗਮ ਹੱਥ ਪੰਜਾਬ ਦੀ ਸੱਤਾ ਆ ਗਈ ਸੀ।

ਉਸ ਨੇ ਗੱਦੀ 'ਤੇ ਬੈਠਦਿਆਂ ਹੀ ਸਿੱਖਾਂ ਉੱਪਰ ਫੌਜੀ ਮੁਹਿੰਮਾਂ ਹੋਰ ਤੇਜ਼ ਕਰ ਦਿੱਤੀਆਂ। ਉਨ੍ਹਾਂ ਦਿਨਾਂ ਵਿਚ ਮਾਝੇ ਦੇ ਸਿੱਖ ਛਾਪਾਮਾਰ ਦਸਤਿਆਂ ਨੇ ਲਾਹੌਰ ਦੇ ਆਸ-ਪਾਸ ਦੇ ਇਲਾਕਿਆਂ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ ਹੋਏ ਸਨ। ਬੇਗਮ ਨੇ ਕਾਸਿਮ ਖਾਨ ਨਾਮ ਦੇ ਇਕ ਤੁਰਕ ਨੂੰ ਆਪਣੀ ਫੌਜ ਦਾ ਜਰਨੈਲ ਥਾਪ ਦਿੱਤਾ ਜੋ ਪਹਿਲਾਂ ਲਾਹੌਰ ਦੇ ਕਿਲ੍ਹੇ ਦਾ ਜਮਾਂਦਾਰ ਸੀ। ਉਸ ਪਾਸ ਪੱਟੀ ਦੇ ਇਲਾਕੇ ਵਿੱਚੋਂ ਮਾਮਲਾ ਉਗਰਾਹੁਣ ਦੇ ਅਧਿਕਾਰ ਵੀ ਸਨ। ਹਕੂਮਤ ਨੇ ਉਸ ਨੂੰ ਸਿੱਖਾਂ ਨਾਲ ਲੜਨ ਲਈ ਹਜ਼ਾਰਾਂ ਘੋੜਸਵਾਰ ਫੌਜੀ, ਪੈਦਲ ਫੌਜੀ ਦਿੱਤੇ ਹੋਏ ਸਨ। ਹੁਣ ਅਸੀਂ ਮੁਗਲਾਨੀ ਬੇਗਮ ਦੇ ਘਰੇਲੂ ਨੌਕਰ ਮਿਸਕੀਨ ਦੀ ਪੁਸਤਕ, "ਤਜ਼ਕਰਾ-ਏ-ਤਹਮਸ" ਦੇ ਹਵਾਲੇ ਨਾਲ ਇਕ ਫੌਜੀ ਮੁਕਾਬਲੇ ਬਾਬਤ ਗੱਲ ਕਰਦੇ ਹਾਂ ਜੋ ਹਥਿਆਰਬੰਦ ਸਿੱਖ ਲੜਾਕੂਆਂ ਅਤੇ ਕਾਸਿਮ ਖਾਨ ਦੀ ਫੌਜ ਦਰਮਿਆਨ ਹੋਇਆ। ਭਾਰੀ ਲਾਮ-ਲਸ਼ਕਰ ਨਾਲ ਲੈਸ ਕਾਸਿਮ ਖਾਨ ਨੇ ਲਾਹੌਰ ਤੋਂ ਦੋ ਕੁ ਕੋਹ ਦੂਰ ਸਥਿਤ ਕੋਟ ਲਖਪਤ ਰਾਇ ਦੇ ਬਾਗ ਵਿਚ ਛਾਉਣੀ ਬਣਾ ਲਈ। ਸਵੇਰ ਵੇਲੇ ਉਹ ਫੌਜੀਆਂ ਦੀ ਨਫਰੀ ਅਤੇ ਅਸਲਾ ਵੇਖਦਾ ਅਤੇ ਸ਼ਾਮ ਢਲਦਿਆਂ ਹੀ ਸ਼ਰਾਬ, ਮੁਜਰੇ ਨਾਚ ਗਾਣੇ ਅਤੇ ਖਾਣ-ਪੀਣ ਦਾ ਦੌਰ ਸ਼ੁਰੂ ਕਰ ਦਿੰਦਾ। ਤਕਰੀਬਨ ਹਰ ਫੌਜੀ ਨੂੰ ਦੋ-ਦੋ ਮੋਹਰਾਂ ਦਿੰਦਾ ਤਾਂ ਕਿ ਉਹ ਵੀ ਆਪਣੀ ਇੱਛਾ ਅਨੁਸਾਰ ਐਸ਼ ਕਰ ਸਕੇ। ਉੱਧਰ ਸਿੱਖ ਲੜਾਕੂਆਂ ਨੂੰ ਅਜਿਹੇ ਮੌਕਿਆਂ ਦੀ ਤਲਾਸ਼ ਹਮੇਸ਼ਾਂ ਰਹਿੰਦੀ ਸੀ ਅਤੇ ਇਕ ਰਾਤ ਉਨ੍ਹਾਂ ਮੁਗ਼ਲਾਂ ਦੀ ਛਾਉਣੀ ਨੂੰ ਰਾਤ ਦੇ ਹਨ੍ਹੇਰੇ ਵਿਚ ਘੇਰਾ ਪਾ ਲਿਆ। ਜਦੋਂ ਸ਼ਰਾਬ ਵਿਚ ਮਸਤ ਹੋਏ ਕਾਸਿਮ ਖਾਨ ਨੂੰ ਸਿੱਖਾਂ ਬਾਬਤ ਪਤਾ ਲੱਗਾ ਤਾਂ ਉਹ ਉਨ੍ਹਾਂ

'ਤੇ ਹਮਲਾ ਕਰਨ ਦੀ ਬਜਾਏ ਆਪਣੀ ਫੌਜ ਨੂੰ ਢਾਲ ਬਣਾ ਕੇ ਲੁਕ ਗਿਆ, ਜਦੋਂ ਕਿ ਉਸਦੇ ਕਈ ਸੈਨਿਕਾਂ ਨੇ ਉਸਨੂੰ ਸਿੱਖਾਂ ਨਾਲ ਮੁਕਾਬਲਾ ਕਰਨ ਦੀ ਸਲਾਹ ਦਿੱਤੀ ਸੀ। ਮਿਸਕੀਨ ਲਿਖਦਾ ਹੈ ਕਿ ਸਿੱਖ ਮਾਰ-ਧਾੜ ਕਰਦੇ ਉਨ੍ਹਾਂ ਦੀ ਛਾਉਣੀ ਦੇ ਨੇੜਿਓਂ ਲਲਕਾਰੇ ਅਤੇ ਜੈਕਾਰੇ ਮਾਰਦੇ ਵਾਪਸ ਮੁੜ ਜਾਂਦੇ ਸਨ। ਉਨ੍ਹਾਂ ਨੇ ਉਹ ਭਿਆਨਕ ਰਾਤ ਬੜੀ ਬੇਚੈਨੀ ਨਾਲ ਕੱਟੀ ਸੀ। ਅਗਲੇ ਦਿਨ ਉਨ੍ਹਾਂ ਦੀ ਫੌਜ ਨੇ ਪੱਟੀ ਵੱਲ ਕੂਚ ਕੀਤਾ ਅਤੇ ਰਾਹ ਵਿਚ ਮੁਗ਼ਲਾਂ ਦੇ ਇਕ ਪਿੰਡ "ਦਮੋਦਰਣ" (ਜੋ ਲਾਹੌਰ ਤੋਂ ਬਾਰ੍ਹਾਂ ਕੂ ਕੋਹ ਦੂਰ ਸੀ। ਦੀ ਜੂਹ ਵਿਚ ਜਾ ਕੇ ਡੇਰੇ ਲਗਾ ਲਏ। ਉੱਥੋਂ ਦੇ ਵਸਨੀਕਾਂ (ਹਿੰਦੂਆਂ ਅਤੇ ਮੁਸਲਮਾਨਾਂ) ਨੇ ਡਰਦਿਆਂ ਡਰਦਿਆਂ ਕਾਸਿਮ ਖਾਨ ਅਤੇ ਉਸਦੀ ਫੌਜ ਦੀ ਬਹੁਤ ਆਓ ਭਗਤ ਕੀਤੀ, ਪਰ ਫੌਜ ਵੱਲੋਂ ਸਾਰੇ ਪਿੰਡ ਦੇ ਨਿਵਾਸੀਆਂ ਨੂੰ ਰੱਸਿਆਂ ਨਾਲ ਜੂੜ ਕੇ ਪੈਲੀਆਂ ਵਿਚ ਲੰਮੇ ਪਾ ਦਿੱਤਾ ਗਿਆ। ਫੌਜੀਆਂ ਨੇ ਪਿੰਡ ਦਾ ਹਰ ਘਰ-ਘਾਟ ਲੁੱਟ ਕੇ ਸਾੜ ਜਾਂ ਢਾਹ ਦਿੱਤਾ। ਪਿੰਡ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਤਕਰੀਬਨ ਇਕ ਮਹੀਨਾ ਬੰਧਕ ਬਣਾ ਕੇ ਰੱਖਿਆ ਅਤੇ ਉਨ੍ਹਾਂ ਤੋਂ ਕਈ ਤਰ੍ਹਾਂ ਦੇ ਭੈੜੇ ਕੰਮ ਕਰਵਾਏ। ਕਾਸਿਮ ਖਾਨ ਨੂੰ ਸ਼ੱਕ ਸੀ ਕਿ ਉਸ ਪਿੰਡ ਦੇ ਵਸਨੀਕ ਸਿੱਖ ਲੜਾਕੂਆਂ ਦੀ ਮਦਦ ਕਰਦੇ ਸਨ। ਪਰ ਸਿੱਖ ਲੜਾਕੂ ਵੀ ਚੈਨ ਨਾਲ ਨਹੀਂ ਬੈਠੇ, ਉਹ ਰੋਜ਼ਾਨਾ ਤੜਕਸਾਰ ਅਤੇ ਅੱਧੀ ਰਾਤ ਤੋਂ ਬਾਅਦ ਮੁਗ਼ਲਾਂ ਦੇ ਕੈਂਪ ਤੇ ਅਚਾਨਕ ਹਮਲੇ ਕਰਦੇ ਅਤੇ ਨੁਕਸਾਨ ਕਰ ਕੇ ਭੱਜ ਜਾਂਦੇ ਸਨ।

ਇਕ ਦਿਨ ਕਾਸਿਮ ਖਾਨ ਨੂੰ ਕਿਸੇ ਮੁਖਬਰ ਨੇ ਉੱਥੋਂ ਕੁਝ ਕੋਹ ਦੂਰ ਸਥਿਤ ਕਿਸੇ ਪਿੰਡ ਵਿਚ ਸਿੱਖ ਲੜਾਕੂਆਂ ਦੇ ਮੌਜੂਦ ਹੋਣ ਦੀ ਖ਼ਬਰ ਦਿੱਤੀ ਤਾਂ ਉਸ ਨੇ ਫੌਰਨ ਆਪਣੇ ਭਰਾ ਅਲੀਮ ਬੇਗ ਖਾਨ ਨੂੰ ਇਕ ਹਜ਼ਾਰ ਤੇਜ਼ ਤਰਾਰ ਘੋੜਸਵਾਰ ਅਤੇ ਪੈਦਲ ਫੌਜੀ ਦੇ ਕੇ ਉਨ੍ਹਾਂ 'ਤੇ ਹਮਲਾ ਕਰਨ ਲਈ ਰਵਾਨਾ ਕੀਤਾ। ਅਜੇ ਮੁਗ਼ਲ ਫੌਜਾਂ ਉਕਤ ਟਿਕਾਣੇ ਦੇ ਰਾਹ ਵਿਚ ਹੀ ਮਾਰਚ ਕਰ ਰਹੀਆਂ ਸਨ ਕਿ ਸਾਹਮਣਿਓਂ ਅਚਾਨਕ ਸਿੱਖ ਘੋੜਸਵਾਰ ਲੜਾਕੂਆਂ ਨੇ ਹਮਲਾ ਕਰ ਦਿੱਤਾ। ਹੱਥੋਂ-ਹੱਥ ਲੜਾਈ ਵਿਚ ਮਾਰ ਖਾ ਕੇ ਅਲੀਮ ਬੇਗ ਖਾਨ ਮੈਦਾਨ ਛੱਡ ਕੇ ਜਿੱਧਰ ਰਾਹ ਮਿਲਿਆ ਉੱਧਰ ਭੱਜ ਗਿਆ। ਇਸ ਤੇਜ਼ ਤਰਾਰ ਝੜਪ ਵਿਚ ਸਿੱਖ ਲੜਾਕੂਆਂ ਹੱਥੋਂ ੩੦੦ ਪੈਦਲ ਤੁਰਕ ਫੌਜੀ ਮਾਰੇ ਗਏ ਸਨ। ਜਦੋਂ ਇਸ ਕਰਾਰੀ ਹਾਰ ਦੀ ਖ਼ਬਰ ਕਾਸਿਮ ਖਾਨ ਨੂੰ ਮਿਲੀ ਤਾਂ ਉਹ ਸਿੱਖਾਂ ਤੋਂ ਬਦਲਾ ਲੈਣ ਲਈ ਆਪਣੀਆਂ ਫੌਜਾਂ ਨਾਲ ਉੱਧਰ ਰਵਾਨਾ ਹੋ ਗਿਆ। ਮਿਸਕੀਨ ਲਿਖਦਾ ਹੈ ਕਿ ਉਹ ਵੀ ਆਪਣੇ ਕੁਝ ਘੋੜਸਵਾਰ ਸਾਥੀਆਂ ਨਾਲ ਉਸਦੇ ਮਗਰ ਚੱਲ ਪਿਆ ਅਤੇ ਅਜੇ ਉਹ ਦੋ ਕੋਹ ਦੂਰ ਹੀ ਗਿਆ ਤਾਂ ਇਕ ਅਜੀਬ ਮੰਜ਼ਰ ਵੇਖ ਕੇ ਹੈਰਾਨ ਹੋ ਗਿਆ ਕਿ ਕਾਸਿਮ ਖਾਨ ਤੇ ਉਸਦੀਆਂ ਫੌਜਾਂ ਵਾਪਸ ਭੱਜੀਆਂ ਆ ਰਹੀਆਂ ਸਨ ਅਤੇ ਉਨ੍ਹਾਂ ਨੂੰ ਸਿਰਫ ਤਿੰਨ ਘੋੜਸਵਾਰ ਸਿੱਖ ਲੜਾਕੂਆਂ ਨੇ ਅੱਗੇ ਲਾਇਆ ਹੋਇਆ ਸੀ। ਇਕ ਕੋਹ ਤਕ ਤਾਂ ਮੁਗ਼ਲ ਫੌਜੀਆਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ। ਇਸ ਹਾਲਤ ਵਿਚ ਮਿਸਕੀਨ ਵੀ ਆਪਣੀ ਜਾਨ ਬਚਾ ਕੇ ਵਾਪਸ ਦੌੜ ਆਇਆ ਸੀ।

ਕਾਸਿਮ ਖਾਨ ਨਮੋਸ਼ੀ ਦਾ ਮਾਰਿਆ ਲਾਹੌਰ ਵਾਪਸ ਜਾਣ ਦੀ ਬਜਾਏ ਦਰਿਆ

ਰਾਵੀ ਦੇ ਕੰਢੇ 'ਤੇ ਆਪਣੀ ਬਚੀ-ਖੁਚੀ ਫੌਜ ਨਾਲ ਰੁਕ ਗਿਆ। ਹੁਣ ਉਸ ਨੇ ਕੁਝ ਵਿਚੋਲੇ ਪਾ ਕੇ ਸਿੱਖਾਂ ਨੂੰ ਆਪਣੇ ਨਾਲ ਗੰਢਣ ਦੀ ਸਕੀਮ ਬਣਾਈ। ਉਸਦਾ ਮਕਸਦ ਸਿੱਖਾਂ ਦੀ ਮਦਦ ਨਾਲ ਲਾਹੌਰ ਦੀ ਸੂਬੇਦਾਰੀ 'ਤੇ ਕਬਜ਼ਾ ਕਰਨਾ ਸੀ। ਉਸ ਨੇ ਇਲਾਕੇ ਦੇ ਕੁਝ ਰਸੂਖਦਾਰ ਚੌਧਰੀਆਂ ਰਾਹੀਂ ਖੜਾਕੂ ਸਿੱਖ ਜਥਿਆਂ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਕੁਝ ਸਿੱਖ ਜਥੇ ਉਸਦੀ ਗੱਲ ਮੰਨ ਗਏ ਅਤੇ ਉਸ ਤੋਂ ਹਜ਼ਾਰਾਂ ਮੋਹਰਾਂ, ਬੰਦੂਕਾਂ, ਤੀਰ-ਕਮਾਨ ਅਤੇ ਹੋਰ ਜੰਗੀ ਸਾਜ-ਓ-ਸਾਮਾਨ ਲੈ ਕੇ, ਇਕ ਦਿਨ ਅਚਾਨਕ ਹਰਣ ਹੋ ਗਏ। ਇਹ ਹਥਿਆਰਬੰਦ ਸਿੱਖ ਜਥਿਆਂ ਦੀ ਇਕ ਚਾਲ ਸੀ ਜਿਸ ਦਾ ਉਹ ਸ਼ਿਕਾਰ ਹੋ ਗਿਆ। ਸਿੱਖ ਹਥਿਆਰਬੰਦ ਜਥਿਆਂ ਦੀਆਂ ਵੱਧਦੀਆਂ ਸਰਗਰਮੀਆਂ ਅਤੇ ਤਾਕਤ ਨੂੰ ਵੇਖਦਿਆਂ ਦਿੱਲੀ ਦੀ ਮੁਗ਼ਲੀਆ ਹਕੂਮਤ ਨੇ ਮੋਮਿਨ ਖਾਨ ਨਾਮ ਦੇ ਇਕ ਮੁਗ਼ਲ ਫੌਜੀ ਨੂੰ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਅਤੇ ਇਕ ਉਜ਼ਬੇਕ ਜਰਨੈਲ ਖਵਾਜਾ ਮਿਰਜਾ ਨੂੰ ਉਸਦਾ ਫ਼ੌਜਦਾਰ ਬਣਾ ਦਿੱਤਾ। ਉਨ੍ਹਾਂ ਨੇ ਇਕ ਦਿਨ ਮੁਗਲਾਨੀ ਬੇਗਮ ਨੂੰ ਘੇਰ ਲਿਆ। ਉਸਦੇ ਪੰਜ-ਛੇ ਹਜ਼ਾਰ ਪੂਰਬੀ (ਭਈਏ) ਫੌਜੀ ਪਹਿਲਾਂ ਤਾਂ ਕੁਝ ਸਮਾਂ ਲੜੇ ਪਰ ਛੇਤੀ ਲੜਾਈ ਵਿੱਚੋਂ ਜਾਨਾਂ ਬਚਾ ਕੇ ਭੱਜ ਗਏ। ਇਹ ਘਟਨਾ ਸੰਨ ੧੭੫੪ ਦੇ ਆਸ-ਪਾਸ ਦੀ ਹੈ। ਇਸੇ ਹੀ ਦੌਰ ਵਿਚ ਅਫਗਾਨਿਸਤਾਨ ਦੇ ਅਹਿਮਦਸ਼ਾਹ ਅਬਦਾਲੀ ਨੇ ਲਾਹੌਰ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਆਪਣੇ ਇਕ ਜਰਨੈਲ ਖਵਾਜਾ ਅਬਦੁੱਲਾ ਨੂੰ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ। ਖਵਾਜਾ ਮਿਰਜ਼ਾ ਅਬਦੁੱਲਾ ਨੇ ਸਿੱਖ ਹਥਿਆਰਬੰਦ ਜਥਿਆਂ ਨੂੰ ਕੁਝ ਸਮਾਂ ਲਾਹੌਰ 'ਤੇ ਹਮਲਾ ਕਰਨ ਤੋਂ ਰੋਕੀ ਰੱਖਿਆ ਪਰ ਲਾਹੌਰ ਸ਼ਹਿਰ ਦੀ ਚਾਰ ਦੀਵਾਰੀ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਵਸਨੀਕਾਂ (ਹਿੰਦੂਆਂ, ਮੁਸਲਮਾਨਾਂ) ਪਾਸੋਂ ਸੋਨਾ, ਚਾਂਦੀ, ਨਕਦੀ, ਤਾਂਬੇ ਅਤੇ ਪਿੱਤਲ ਦੇ ਭਾਂਡੇ, ਕੀਮਤੀ ਕੱਪੜੇ ਅਤੇ ਅਨਾਜ ਤਕ ਜਬਰੀ ਖੋਹ ਲਿਆ। ਇਹ ਘਟਨਾ ਸੰਨ ੧੭੫੫ ਦੀ ਹੈ। ਉਸ ਵੇਲੇ ਲਾਹੌਰ ਸ਼ਹਿਰ ਵਿਚ ਇਹ ਅਖਾਣ ਮਸ਼ਹੂਰ ਹੋ ਗਿਆ ਸੀ, "ਹਕੂਮਤ ਨਵਾਬ ਅਬਦੁੱਲਾ ਨਾਂ ਚੱਕੀ ਰਹੀ ਨਾ ਚੁੱਲਾ।" ਤਕਰੀਬਨ ਦੋ ਸਾਲ ਦੇ ਰਾਜਨੀਤਿਕ ਰੋਲੇ ਰੱਪੇ ਦੌਰਾਨ ਜਨਵਰੀ ੧੭੫੭ ਨੂੰ ਅਹਿਮਦਸ਼ਾਹ ਅਬਦਾਲੀ ਨੇ ਅਫਗਾਨਿਸਤਾਨ ਤੋਂ ਭਾਰੀ ਲਾਮ ਲਸ਼ਕਰ ਨਾਲ ਹਿੰਦੁਸਤਾਨ ਵੱਲ ਕੂਚ ਕੀਤਾ। ਉਸ ਨੇ ੨੮ ਫਰਵਰੀ, ੧੭੫੭ ਨੂੰ ਦਿੱਲੀ ਉੱਪਰ ਹਮਲਾ ਕਰ ਕੇ ਹਰ ਅਮੀਰ ਹਿੰਦੂ ਅਤੇ ਮੁਸਲਮਾਨ ਨੂੰ ਲੁੱਟਿਆ ਅਤੇ ਕਤਲ-ਓ-ਗਾਰਤ ਕੀਤੀ। ਉਸ ਨੂੰ ਕਾਬੁਲ ਤੋਂ ਦਿੱਲੀ ਆਉਂਦਿਆਂ ਕਿਸੇ ਨੇ ਵੀ ਨਹੀਂ ਰੋਕਿਆ। ਪਰ ਜਦੋਂ ਉਹ ਲੁੱਟਮਾਰ ਦਾ ਸਾਮਾਨ ਲੈ ਕੇ ਵਾਪਸ ਪਰਤ ਰਿਹਾ ਸੀ, ਉਦੋਂ ਸਿੱਖ ਹਥਿਆਰਬੰਦ ਜਥਿਆਂ ਨੇ ਗੁਰੀਲਾ ਹਮਲੇ ਕਰ ਕੇ ਉਸ ਤੋਂ ਲੁੱਟ ਦਾ ਮਾਲ ਖੋਹਿਆ ਅਤੇ ਸੈਂਕੜੇ ਹਿੰਦੂ ਬਹੁ-ਬੇਟੀਆਂ ਵੀ ਛਡਵਾਈਆਂ। ਸਿੱਖਾਂ ਦੇ ਇਸ ਬਹਾਦਰੀ ਅਤੇ ਦੇਸ਼-ਭਗਤੀ ਨਾਲ ਭਰੇ ਕਾਰਨਾਮਿਆਂ ਨੂੰ ਕਿਸੇ ਇਕ ਵੀ ਇਤਿਹਾਸਕਾਰ ਨੇ ਸਹੀ ਤਰੀਕੇ ਨਾਲ ਕਲਮਬੰਦ ਨਹੀਂ ਕੀਤਾ। ਇਕ ਸਾਜ਼ਿਸ਼ ਤਹਿਤ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਪਿੱਠੂ ਇਤਿਹਾਸਕਾਰਾਂ ਨੇ ਖਾਲਸੇ ਦੇ ਬੋਲਬਾਲ ਵਾਲੇ ਇਸ ਦੌਰ ਨੂੰ ਅਣਗੌਲਿਆ ਕੀਤਾ ਹੈ। ■

# ਇਹੁ ਮਾਰਗੁ ਬਿਖੜਾ

*-ਡਾ. ਪਰਮਜੀਤ ਕੌਰ**

ਪ੍ਰਭੂ ਦਾ ਵਿਛੋੜਾ ਹੀ ਮਨੁੱਖ ਦੇ ਸਾਰੇ ਦੁੱਖਾਂ ਦਾ ਕਾਰਨ ਹੈ। ਕਰਤੇਪਨ ਦਾ ਹੰਕਾਰ, ਤ੍ਰਿਸ਼ਨਾ, ਵਿਖਾਵੇ ਦੀ ਭੁੱਖ, ਦੁਬਿਧਾ, ਈਰਖਾ, ਪ੍ਰੇਮ ਦਾ ਅਭਾਵ ਅਤੇ ਗੁਰਮਤਿ ਅਨੁਸਾਰ ਜੀਵਨ-ਜਾਚ ਨਾ ਬਣਾਉਣ ਦੇ ਕਾਰਨ ਹੀ ਮਨੁੱਖ ਆਪਣੇ ਵੱਲੋਂ ਭਗਤੀ ਕਰਦਾ ਹੋਇਆ ਵੀ ਸੇਵਾ ਕਰਦਾ ਹੋਇਆ ਵੀ ਅੰਤਰ-ਆਤਮੇ ਅਕਾਲ ਪੁਰਖ ਨਾਲ ਨਹੀਂ ਜੁੜਦਾ। ਮੋਹ ਦੇ ਚਿੱਕੜ ਵਿਚ ਫਸਿਆ ਹੋਇਆ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ 'ਤੇ ਨਹੀਂ ਤੁਰਦਾ। ਗੁਰਵਾਕ ਹਨ :

*-ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥*
*ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨)*

*-ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥*
*ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥*
*ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੬੭)*

*-ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੭)*

ਮਾਇਆ ਦੇ ਮੋਹ ਅਤੇ ਆਤਮਕ ਜੀਵਨ ਵੱਲੋਂ ਬੇਸਮਝੀ ਦੇ ਹਨ੍ਹੇਰੇ ਦੇ ਕਾਰਨ ਜੀਵ ਦਾ ਮਨ ਇਕਾਗਰ ਨਹੀਂ ਹੁੰਦਾ। ਸਦਾ ਡਾਵਾਂਡੋਲ ਰਹਿੰਦਾ ਹੈ, ਭਟਕਦਾ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਜੀਵ ਦੀ ਇਸ ਅਵਸਥਾ ਦਾ ਚਿਤ੍ਰਣ ਕਰਦੇ ਹੋਏ ਫੁਰਮਾਉਂਦੇ ਹਨ ਕਿ ਜੀਵ ਦਾ ਵਾਸਾ ਇਕ ਅਜਿਹੇ ਸੰਸਾਰ ਜੰਗਲ ਵਿਚ ਹੈ ਜਿੱਥੇ ਕੁੱਤੇ, ਗਿੱਦੜ, ਖੋਤੇ ਇਸ ਦੇ ਸੰਬੰਧੀ ਹਨ ਭਾਵ ਜੀਵ ਦਾ ਸੁਭਾਉ ਕੁੱਤੇ, ਗਿੱਦੜ ਅਤੇ ਖੋਤੇ ਵਰਗਾ ਹੈ। ਜੀਵ ਦਾ ਮਨ ਬੜੇ ਔਖੇ ਥਾਂ ਫਸਿਆ ਪਿਆ ਹੈ। ਮੋਹ ਦੀ ਸ਼ਰਾਬ ਵਿਚ ਮਸਤ ਹੈ। ਵੱਡੇ ਅਜਿੱਤ ਕਾਮਾਦਿਕ ਚੋਰ ਇਸਦੇ ਮਗਰ ਪਏ ਹੋਏ ਹਨ। ਹਉਮੈਂ ਦੀ ਤਿੱਖੀ ਫਾਹੀ ਇਸ ਦੇ ਗਲ਼ੇ ਵਿਚ ਪਈ ਹੋਈ ਹੈ। ਇਸ ਦੇ ਰਸਤੇ ਵਿਚ ਤ੍ਰਿਸ਼ਨਾ ਦੀ ਅੱਗ ਹੈ। ਭਿਆਨਕ ਵਿਸ਼ਿਆਂ ਦਾ ਅਥਾਹ ਪਾਣੀ ਹੈ :

*ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥*
*ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ ॥*

*ਮਕਾਨ ਨੰ. ੬੨੦ ਗਲੀ ਨੰ. ੧, ਛੋਟੀ ਲਾਈਨ , ਸੰਤਪੁਰਾ, ਯਮੁਨਾਨਗਰ, ਹਰਿਆਣਾ-੧੩੫੦੦੧;
ਮੋ. +੯੧੯੮੧੨੩੫੮੧੮੬

*ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖੵਣ ਕਠਿਨਹ ॥*
*ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ ॥*
*ਭਜੁ ਸਾਧਸੰਗਿ ਗੁੋਪਾਲ ਨਾਨਕ ਹਰਿ ਚਰਣ ਸਰਣ ਉਧਰਣ ਕ੍ਰਿਪਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੯)*

ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਇਸ ਵਿਕਾਰ ਭਰੇ ਜਗਤ ਵਿਚ ਸਹੀ ਇਨਸਾਨੀ ਜੀਵਨ ਦਾ ਰਸਤਾ ਮਾਨੋ ਇਕ ਬੜੀ ਹੀ ਤੰਗ ਗਲੀ ਵਿੱਚੋਂ ਦੀ ਲੰਘਦਾ ਹੈ ਜਿੱਥੇ ਬੜਾ ਹੀ ਸੰਕੋਚ ਕਰ ਕੇ ਤੁਰਨਾ ਪੈਂਦਾ ਹੈ। ਉਹ ਰਸਤਾ ਮਾਨੋਂ ਖੰਡੇ ਦੀ ਧਾਰ ਵਰਗਾ ਤਿੱਖਾ ਹੈ ਜਿਸ ਉੱਤੋਂ ਲੰਘਦਿਆਂ ਰਤਾ ਭਰ ਵੀ ਡੋਲਿਆਂ ਵਿਕਾਰਾਂ ਦੇ ਸਮੁੰਦਰ ਵਿਚ ਡਿੱਗ ਪਈਦਾ ਹੈ। ਕੀਤੇ ਕਰਮਾਂ ਦਾ ਹਿਸਾਬ ਵੀ ਮੁਕਾਣਾ ਪੈਂਦਾ ਹੈ। ਭਾਵ ਜਦੋਂ ਤਕ ਮਨ ਵਿਚ ਵਿਕਾਰਾਂ ਦੇ ਸੰਸਕਾਰ ਮੌਜੂਦ ਹਨ ਤਦੋਂ ਤਕ ਵਿਕਾਰਾਂ ਤੋਂ ਖਲਾਸੀ ਨਹੀਂ ਮਿਲਦੀ। ਜਿਵੇਂ ਤਿਲਾਂ ਨੂੰ ਕੋਹਲੂ ਵਿਚ ਪੀੜਿਆਂ ਹੀ ਤੇਲ ਨਿਕਲਦਾ ਹੈ ਤਿਵੇਂ ਦੁੱਖ ਦੇ ਕੋਹਲੂ ਵਿਚ ਪੈ ਕੇ ਵਿਕਾਰਾਂ ਤੋਂ ਖਲਾਸੀ ਮਿਲਦੀ ਹੈ। ਇਸ ਦੁੱਖ ਵਿਚ ਮਾਂ, ਪਿਉ, ਵਹੁਟੀ, ਪੁੱਤਰ, ਮਿੱਤਰ ਕੋਈ ਵੀ ਸਹਾਈ ਨਹੀਂ ਹੋ ਸਕਦਾ ਹੈ। ਪਰਮਾਤਮਾ ਦੇ ਨਾਮ-ਰਸ ਦੀ ਪ੍ਰਾਪਤੀ ਹੀ ਸਹਾਇਕ ਬਣਦੀ ਹੈ:

*-ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੮)*

*-ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥*
*ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥*
*ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥*
*ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੧)*

ਭਗਤ ਸ਼ੇਖ ਫਰੀਦ ਜੀ ਦੇ ਅਨੁਸਾਰ ਪਰਮਾਤਮਾ ਦੇ ਦਰ ਦੀ ਫਕੀਰੀ ਬੜਾ ਔਖਾ ਕੰਮ ਹੈ। ਸਿਰ 'ਤੇ ਚੁੱਕੀ ਹੋਈ ਦੁਨਿਆਵੀ ਮੋਹ ਦੀ ਪੋਟਲੀ ਛੱਡੀ ਨਹੀਂ ਜਾਂਦੀ। ਅਸਲ ਵਿਚ ਦੁਨੀਆ ਦੇ ਲੋਕ ਮਾਇਆ ਰੂਪ ਵਾਜੇ ਦੇ ਵਜਾਏ ਵੱਜ ਰਹੇ ਹਨ। ਉਹੀ ਜੀਵ ਨਹੀਂ ਵੱਜਦਾ ਜਿਸ 'ਤੇ ਅਕਾਲ ਪੁਰਖ ਦੀ ਕਿਰਪਾ ਹੁੰਦੀ ਹੈ :

*-ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥*
*ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੭)*
*-ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥*
*ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੩)*

ਭਗਤ ਸ਼ੇਖ ਫਰੀਦ ਜੀ ਵਿਸਥਾਰ ਨਾਲ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ

ਤੁਸੀਂ ਕਦੇ ਪੁਲਸਿਰਾਤ ਦਾ ਨਾਂ ਨਹੀਂ ਸੁਣਿਆ? ਜਿਹੜਾ ਵਾਲ ਨਾਲੋਂ ਵੀ ਬਰੀਕ ਹੁੰਦਾ ਹੈ। ਸੰਸਾਰ ਇਕ ਸਮੁੰਦਰ ਹੈ ਜਿਸ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠ ਰਹੀਆਂ ਹਨ। ਜਿਸ ਤੋਂ ਠੀਕ ਠਾਕ ਪਾਰ ਲੰਘਣ ਲਈ ਦਰਵੇਸੀ ਇਕ ਪੁਲ ਹੈ ਜਿਹੜਾ ਬੜਾ ਬਰੀਕ ਹੈ, ਸੌੜਾ ਹੈ। ਭਾਵ ਦਰਵੇਸੀ ਕਮਾਉਣਾ ਬੜਾ ਔਖਾ ਹੈ। ਵਿਕਾਰਾਂ ਤੋਂ ਬਚਣ ਲਈ ਗੁਰੂ ਪੈਗ਼ੰਬਰ ਅਵਾਜ਼ਾਂ ਦੇ ਰਹੇ ਹਨ, ਉਪਦੇਸ਼ ਦੇ ਰਹੇ ਹਨ। ਧਿਆਨ ਨਾਲ ਸੁਣ ਆਪਣੇ ਆਪ ਨੂੰ ਧੋਖੇ ਵਿਚ ਨਾ ਰੱਖ, ਜੀਵਨ ਨੂੰ ਵਿਅਰਥ ਨਾ ਗਵਾ:

*-ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥*
*ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੭)*

*-ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥*
*ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੪)*

ਸਤ ਸੰਤੋਖ, ਦਇਆ ਧਰਮ, ਨਿਮਰਤਾ, ਸਮਰਪਣ ਅਤੇ ਪਰਉਪਕਾਰ ਦੀ ਭਾਵਨਾ ਆਦਿਕ ਗੁਣਾਂ ਤੋਂ ਹੀਣ ਜੀਵ ਲਈ ਮੰਜ਼ਿਲ 'ਤੇ ਪਹੁੰਚਣਾ ਬੜਾ ਔਖਾ ਹੋ ਜਾਂਦਾ ਹੈ:

*ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥*
*ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੬)*

ਜੇਕਰ ਅਵਗੁਣਾਂ ਦਾ ਤਿਆਗ ਨਾ ਕੀਤਾ ਜਾਏ ਅਤੇ ਨਾ ਕਰਨਯੋਗ ਕੰਮਾਂ ਨੂੰ ਛੱਡਿਆ ਨਾ ਜਾਏ ਤਾਂ ਮਨ ਅੰਤਰ-ਆਤਮੇ ਅਕਾਲ ਪੁਰਖ ਨਾਲ ਨਹੀਂ ਜੁੜਦਾ, ਖਿੰਡਾਉ ਬਣਿਆ ਰਹਿੰਦਾ ਹੈ। ਇਕਾਗਰਚਿਤ ਹੋ ਕੇ ਪਰਮਾਤਮਾ ਨਾਲ ਜੁੜਨਾ ਸੌਖਾ ਕੰਮ ਨਹੀਂ। ਕਿੱਧਰੇ ਜੀਵ ਦਾ ਆਪਣਾ ਮਨ ਰੋਕਦਾ ਹੈ, ਕਿੱਧਰੇ ਲੋਕ-ਲਾਜ ਰੁਕਾਵਟ ਬਣ ਜਾਂਦੀ ਹੈ। ਇਸ ਤੋਂ ਬਿਨਾਂ ਭੂਤਕਾਲ ਦੀਆਂ ਯਾਦਾਂ ਅਤੇ ਭਵਿੱਖ ਦੀਆਂ ਚਿੰਤਾਵਾਂ ਮਨੁੱਖ ਨੂੰ ਸਦਾ ਉਸ ਦੇ ਆਪੇ ਨਾਲ ਜੋੜੀ ਰੱਖਦੀਆਂ ਹਨ, ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨਾਲ ਜੁੜਨਾ ਬੜਾ ਔਖਾ ਕੰਮ ਹੈ ਸੂਲੀ 'ਤੇ ਚੜ੍ਹਨ ਸਮਾਨ ਹੈ:

*ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ ॥*
*ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੦)*

ਇੱਥੇ ਚਤੁਰਾਈਆਂ, ਸਿਆਣਪਾਂ ਅਤੇ ਇਹ ਮਾਣ ਕਿ ਮੈਂ ਸਭ ਕੁਝ ਜਾਣਦਾ ਹਾਂ, ਆਦਿ ਗੱਲਾਂ ਰਸਤੇ ਦਾ ਰੋੜਾ ਬਣ ਜਾਂਦੇ ਹਨ। ਗੁਰੂ ਪਾਤਸ਼ਾਹ ਸਮਝਾਅ ਰਹੇ ਹਨ ਕਿ ਹੇ ਜੀਵ! ਇਹ ਮਾਣ ਨਾ ਕਰ ਕਿ ਮੈਂ ਸਿਆਣਾ ਹਾਂ। ਤੇਰੇ ਅੰਦਰ ਪਰਮਾਤਮਾ ਤੋਂ ਵਿੱਥ ਹੈ, ਤੇਰੇ ਅੰਦਰ ਮੈਂ ਮੈਂ ਕਰਨ ਵਾਲੀ ਅਕਲ ਹੈ। ਇਸ ਮੈਲ ਨੂੰ ਸਦਾ ਥਿਰ ਹਰਿ ਨਾਮ ਵਿਚ ਜੁੜ ਕੇ ਗੁਰੂ ਦੀ ਸ਼ਰਨ ਵਿਚ ਆ ਕੇ ਦੂਰ ਕਰ । ਹੇ ਮਨ! ਨਿਰਮਲ ਹੋ

ਕੇ ਗੁਰੂ ਚਰਨਾਂ ਵਿਚ ਢਹਿ ਪਉ। ਆਪਣਾ ਆਪ ਨਾ ਜਤਾਣ ਲੱਗ ਜਾਈਂ। ਹੰਕਾਰ ਵਿਚ ਆ ਕੇ ਆਪਣਾ ਨਾਸ਼ ਨਾ ਕਰ ਲਈਂ :

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥*
*ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥*
*ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥*
*ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥*
*ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥*
*ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)*

ਇਸ ਔਖੀ ਘਾਟੀ ਨੂੰ ਪਾਰ ਕਰਨ ਲਈ ਆਤਮਿਕ ਜੀਵਨ-ਮਾਰਗ ਦੀ ਸੇਧ ਦਿੰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਭਗਤੀ ਸਦਾ ਕਰਦੇ ਰਿਹਾ ਕਰੋ। ਸਦਾ ਗੁਰੂ ਦੀ ਸ਼ਰਨ ਪੈ ਕੇ ਗੁਰੂ ਪਾਸੋਂ ਸਭ ਤੋਂ ਕੀਮਤੀ ਚੀਜ਼ ਨਾਮ ਹਾਸਲ ਕਰੋ। ਜੇ ਇਸ ਜੀਵਨ ਵਿਚ ਆਪਣੀ ਮਰਜ਼ੀ ਕਰੋਗੇ ਤਾਂ ਪ੍ਰਭੂ ਪਤੀ ਪ੍ਰਸੰਨ ਨਹੀਂ ਹੋਵੇਗਾ। ਭਗਤੀ ਅਤੇ ਪ੍ਰੇਮ ਦਾ ਇਹ ਰਸਤਾ ਬਹੁਤ ਕਠਿਨਾਈਆਂ ਭਰਿਆ ਹੈ। ਕੋਈ ਵਿਰਲਾ ਹੀ ਇਸ ਰਸਤੇ 'ਤੇ ਤੁਰਦਾ ਹੈ :

*ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥*
*ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥*
*ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥*
*ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥*
*ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥*
*ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੦)*

ਖੰਨਿਅਹੁ ਤਿਖੇ ਵਾਲਹੁ ਨਿਕੇ ਇਸ ਰਸਤੇ 'ਤੇ ਤੁਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਇਕ ਅਕਾਲ ਪੁਰਖ ਦੀ ਭਗਤੀ ਕਰਨ ਦਾ ਆਦੇਸ਼ ਦਿੰਦੇ ਹੋਏ ਸੁਚੇਤ ਕਰ ਰਹੇ ਹਨ ਕਿ ਪਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਦੀ ਭਗਤੀ ਜੀਵਨ ਨੂੰ ਸਫਲ ਨਹੀਂ ਕਰਦੀ:

*ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥*
*ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੧)*

ਗੁਰਮਤਿ ਤੇ ਤੁਰਦੇ ਹੋਏ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਨਾ ਅਤੇ ਸੁਆਸ-ਸੁਆਸ ਸਿਮਰਨ ਕਰਨਾ ਹੀ ਭਗਤੀ ਹੈ :

*ਗੁਰ ਕੀ ਕੀਰਤਿ ਜਪੀਐ ਹਰਿ ਨਾਉ ॥*
*ਗੁਰ ਕੀ ਭਗਤਿ ਸਦਾ ਗੁਣ ਗਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੭)*

ਨਾਮ-ਪਦਾਰਥ ਪ੍ਰਾਪਤ ਕਰਨ ਲਈ ਗੁਰੂ ਦੀ ਸ਼ਰਨ ਜ਼ਰੂਰੀ ਹੈ। ਭਾਵੇਂ ਸੰਸਾਰ

ਵਿਚ ਜਿਤਨੇ ਵੀ ਮਿੱਤਰ ਸਾਥੀ ਬਣਾ ਲਏ ਜਾਣ ਗੁਰੂ ਤੋਂ ਬਿਨਾਂ ਵਿਕਾਰਾਂ ਵਿਚ ਡੁੱਬਦੇ ਜੀਵ ਦਾ ਕੋਈ ਮਦਦਗਾਰ ਨਹੀਂ ਹੁੰਦਾ :

*ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੨)*

ਗੁਰੂ ਦੁਆਰਾ ਪ੍ਰਾਪਤ ਆਤਮਿਕ ਜੀਵਨ ਦੀ ਸੂਝ ਜਿਸ ਮਨੁੱਖ ਦੇ ਹਿਰਦੇ ਵਿਚ ਵੱਸ ਜਾਏ ਉਸ ਦੇ ਹਿਰਦੇ ਵਿਚ ਸਹੀ ਜੀਵਨ ਦਾ ਚਾਨਣ ਹੋ ਜਾਂਦਾ ਹੈ। ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ :

*-ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੪)*

*-ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥*
*ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥*
*ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੮)*

ਗੁਰੂ ਦੇ ਦੱਸੇ ਰਾਹ 'ਤੇ ਤੁਰਿਆ ਮਨੁੱਖ ਗਿਆਨਵਾਨ ਹੋ ਜਾਂਦਾ ਹੈ, ਆਪਣੇ ਆਪ ਨੂੰ ਪਛਾਣਦਾ ਹੈ। ਮਾਇਆ ਦੀ ਭਟਕਣਾ ਦੂਰ ਹੋ ਜਾਂਦੀ ਹੈ ਤੇ ਸਦਾ ਸੱਚੇ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਇੰਦ੍ਰੀਆਂ ਨੂੰ ਵੱਸ ਵਿਚ ਕਰ ਕੇ ਬੜਾ ਔਖਾ ਸੰਸਾਰ-ਅਖਾੜਾ ਜਿੱਤਣ ਦਾ ਯਤਨ ਕਰਦਾ ਹੈ :

*ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥*
*ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ॥*
*ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੩)*

ਗੁਰੂ ਦੀ ਸ਼ਰਨ ਵਿਚ ਆਉਣ ਦਾ ਮਤਲਬ ਹੈ ਗੁਰੂ 'ਤੇ ਪੂਰਨ ਭਰੋਸਾ ਕਰਨਾ ਅਤੇ ਆਪਣੀ ਮਤਿ ਦਾ ਤਿਆਗ ਕਰ ਕੇ ਗੁਰੂ ਦੀ ਮਤਿ ਭਾਵ ਗੁਰਬਾਣੀ ਦੇ ਅਨੁਸਾਰ ਜੀਵਨ ਜਾਚ ਬਣਾਉਣਾ :

*ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥*
*ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੩)*

ਆਪਣੀ ਮਤਿ ਨੂੰ ਤਿਆਗਣ ਲਈ ਮਨ ਨੂੰ ਸਮਝਾਉਣਾ ਪੈਂਦਾ ਹੈ। ਮਨ ਜੇਕਰ ਕਿੱਧਰੇ ਲੱਗ ਜਾਏ ਤਾਂ ਉਸ ਨੂੰ ਹੋੜਨਾ ਔਖਾ ਹੋ ਜਾਂਦਾ ਹੈ। ਇਹ ਮਨ ਮਾਇਆ ਦੇ ਮੋਹ ਦੇ ਕਾਰਨ ਕਦੇ ਆਕਾਸ਼ ਵਿਚ ਪਹੁੰਚ ਜਾਂਦਾ ਹੈ ਤੇ ਕਦੇ ਪਾਤਾਲ ਵਿਚ ਜਾ ਡਿੱਗਦਾ ਹੈ:

*ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੫)*

ਪਰ ਇਹ ਮਨ ਸੁੱਚਾ ਮੋਤੀ ਹੈ ਜਿਸ ਜੀਵ ਨੇ ਗੁਰੂ ਦੇ ਸ਼ਬਦ ਦੀ ਰਾਹੀਂ ਇਸ ਸੁੱਚੇ ਮੋਤੀ ਨੂੰ ਸਮਝ ਲਿਆ ਹੈ ਪਰਖ ਲਿਆ ਹੈ ਉਹ ਹਉਮੈਂ ਤੇ ਮੇਰ-ਤੇਰ ਨੂੰ ਮਾਰ ਕੇ ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ :

*ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥*
*ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥*
*ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥*
*ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੩)*

ਗੁਰੂ ਦੀ ਮਤ 'ਤੇ ਤੁਰ ਕੇ ਹੀ ਮਨ ਨੂੰ ਸਰੀਰ ਦੇ ਮੋਹ ਦੁਨਿਆਵੀ ਪਦਾਰਥਾਂ ਦੀ ਚਮਕ-ਦਮਕ, ਮਾਣ-ਵਡਿਆਈਆਂ ਦੀ ਚਾਹਤ ਅਤੇ ਦੁਨਿਆਵੀ ਰਸਮਾਂ ਦੇ ਬੰਧਨ ਤੋਂ ਤੋੜ ਕੇ ਪਰਮਾਤਮਾ ਨਾਲ ਜੋੜਿਆ ਜਾ ਸਕਦਾ ਹੈ :

*-ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥*
*ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥*
*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੮)*

*-ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੦)*

ਹਉਮੈਂ ਮੇਰ-ਤੇਰ ਦੀ ਭਾਵਨਾ ਨੂੰ ਤਿਆਗਣਾ ਬੜਾ ਔਖਾ ਹੈ। ਆਪਣੀ ਹੋਂਦ ਨੂੰ ਮਿਟਾ ਦੇਣਾ ਹੀ 'ਮੈਂ' ਨੂੰ ਮਿਟਾਣਾ ਹੈ। ਤੀਰਥ ਯਾਤਰਾ, ਧਰਮ-ਪੁਸਤਕਾਂ ਦਾ ਰਟਨ ਮਾਤ੍ਰ, ਠਾਕੁਰ ਪੂਜਾ, ਦਾਨ-ਪੁੰਨ, ਤਿਆਗ ਜੋਗ ਸਾਧਨਾ ਆਦਿਕ ਕੁਝ ਵੀ ਇਸ ਵਿਚ ਸਹਾਇਕ ਨਹੀਂ ਹੁੰਦੇ। ਗੁਰਮਤਿ 'ਤੇ ਤੁਰਦੇ ਹੋਏ ਪਰਮਾਤਮਾ ਦੀ ਸਿਫਤਿ-ਸਾਲਾਹ ਕਰਨੀ ਹੀ ਪਰਮਾਤਮਾ ਦੇ ਚਰਨਾਂ ਤਕ ਪਹੁੰਚਣ ਲਈ ਸਭ ਤੋਂ ਉੱਚੀ ਪਉੜੀ ਹੈ :

*ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੦)*

ਜੇਕਰ ਗੁਰਮਤਿ 'ਤੇ ਤੁਰਨਾ ਆ ਜਾਏ ਤਾਂ ਪ੍ਰਭੂ ਦੀ ਸਿਫਤਿ ਸਾਲਾਹ ਕਰਨ ਨਾਲ, ਨਾਮ ਜਪਣ ਨਾਲ ਹਉਮੈਂ ਦੂਰ ਹੋ ਜਾਂਦੀ ਹੈ, ਮਨ ਭਟਕਨੋਂ ਹਟ ਜਾਂਦਾ ਹੈ ਤੇ ਪ੍ਰਭੂ ਹਿਰਦੇ ਘਰ ਵਿਚ ਹੀ ਮਿਲ ਪੈਂਦਾ ਹੈ :

*ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥*
*ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ ॥*
*ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤ ਹੀ ਠਾਇ ॥*
*ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੭)*

ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਅ ਰਹੇ ਹਨ ਕਿ ਆਪਣੇ ਇਸ ਸਰੀਰ ਨੂੰ ਧਰਤੀ ਬਣਾ ਇਸ ਵਿਚ ਬੇਅੰਤ ਪ੍ਰਭੂ ਦੀ ਸਿਫਤਿ-ਸਾਲਾਹ ਦਾ ਬੀਜ ਪਾ ਕੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਲ ਹੀ ਉਸ ਦੇ ਨਾਮ ਦਾ ਵਣਜ-ਵਾਪਾਰ ਕਰਿਆ ਕਰੋ। ਇਸ ਤਰ੍ਹਾਂ ਸਦਾ ਕਾਇਮ ਰਹਿਣ ਵਾਲਾ ਨਾਮ ਧਨ ਪੈਦਾ ਹੁੰਦਾ ਹੈ। ਜਿਹੜਾ ਇਹ ਉੱਦਮ ਕਰਦਾ ਹੈ ਉਸ ਦੇ ਅੰਦਰ ਪ੍ਰਭੂ ਦਾ ਨਾਮ ਵੱਸਿਆ ਰਹਿੰਦਾ ਹੈ :

*ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥*
*ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪੮)*

ਸ੍ਰੀ ਗੁਰੂ ਅਰਜਨ ਦੇਵ ਜੀ ਦ੍ਰਿੜ੍ਹ ਕਰਵਾ ਰਹੇ ਹਨ ਕਿ ਸਦਾ ਅਕਾਲ ਪੁਰਖ ਦਾ ਸਿਮਰਨ ਕਰਦੇ ਰਹੋ ਅਤੇ ਆਪਣੇ ਮਨ ਵਿਚ ਪਰਮਾਤਮਾ ਲਈ ਪਿਆਰ ਪੈਦਾ ਕਰੋ। ਜੋ ਕੁਝ ਗੁਰੂ ਨੇ ਦੱਸਿਆ ਹੈ ਅੰਦਰ ਵਸਾ ਲਉ। ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਵੀ ਨਾਲ ਬਣਾਈ ਹੋਈ ਪ੍ਰੀਤ ਤੋੜ ਦਿਉ, ਹੋਰ ਸਭਨਾਂ ਵੱਲੋਂ ਆਪਣੇ ਮਨ ਨੂੰ ਪਰਤਾ ਲਉ। ਜਿਸ ਨੇ ਵੀ ਪਰਮਾਤਮਾ ਨੂੰ ਲੱਭਿਆ ਹੈ ਇਸੇ ਤਰੀਕੇ ਨਾਲ ਲੱਭਿਆ ਹੈ। ਕੇਵਲ ਸਿਮਰਨ ਦੇ ਆਹਰ ਨਾਲ ਹੀ ਸੰਸਾਰ ਦੇ ਮੋਹ-ਚਿੱਕੜ ਵਿੱਚੋਂ ਬਾਹਰ ਨਿਕਲਿਆ ਜਾ ਸਕਦਾ ਹੈ। ਆਪਣੇ ਚਿੱਤ ਨੂੰ ਮਾਇਆ ਦੇ ਮੋਹ ਵੱਲੋਂ ਅਡੋਲ ਬਣਾ ਲਉ। ਇੰਨਾ ਅਡੋਲ ਕਿ ਜੰਗਲ ਅਤੇ ਘਰ ਇਕ ਸਮਾਨ ਪ੍ਰਤੀਤ ਹੋਣ। ਆਪਣੇ ਹਿਰਦੇ ਵਿਚ ਇਕ ਪ੍ਰਭੂ ਦੀ ਯਾਦ ਟਿਕਾਈ ਰੱਖੋ ਤੇ ਜਗਤ ਵਿਚ ਭਾਵੇਂ ਕਈ ਤਰ੍ਹਾਂ ਦੀ ਕਿਰਤ-ਕਾਰ ਕਰਦੇ ਰਹੋ। ਇਸ ਤਰ੍ਹਾਂ ਰਾਜ ਵੀ ਕਰੋ ਅਤੇ ਜੋਗ ਵੀ ਕਮਾਵਓ :

*-ਗੋਬਿੰਦ ਗੋਬਿੰਦ ਕਰਿ ਹਾਂ ॥ ਹਰਿ ਹਰਿ ਮਨਿ ਪਿਆਰਿ ਹਾਂ ॥*
*ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥ ਅਨ ਸਿਉ ਤੋਰਿ ਫੇਰਿ ਹਾਂ ॥*
*ਐਸੇ ਲਾਲਨੁ ਪਾਇਓ ਰੀ ਸਖੀ ॥੧॥ ਰਹਾਉ ॥. . .*
*-ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ ॥*
*ਅੰਤਰਿ ਏਕ ਪਿਰ ਹਾਂ ॥ ਬਾਹਰਿ ਅਨੇਕ ਧਰਿ ਹਾਂ ॥*
*ਰਾਜਨ ਜੋਗੁ ਕਰਿ ਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੯)*

ਜਿਹੜੇ ਜੀਵ ਗੁਰੂ ਦੇ ਹੁਕਮ 'ਤੇ ਤੁਰ ਕੇ ਅਕਾਲ ਪੁਰਖ ਦਾ ਧਿਆਨ ਕਰਦੇ ਹਨ, ਉਨ੍ਹਾਂ ਦੇ ਸਾਰੇ ਪਾਪ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ, ਅਹੰਕਾਰ ਦੂਰ ਹੋ ਜਾਂਦਾ ਹੈ। ਪ੍ਰਭੂ ਦੀ ਰਜ਼ਾ ਨੂੰ ਸਮਝ ਕੇ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਨ ਪ੍ਰਫੁਲਿਤ ਰਹਿੰਦਾ ਹੈ। ਦੁੱਖ ਆ ਜਾਏ ਭਾਵੇਂ ਸੁੱਖ ਸਦਾ ਅਡੋਲ ਅਵਸਥਾ ਬਣੀ ਰਹਿੰਦੀ ਹੈ। ਇਸ ਤਰ੍ਹਾਂ ਉਹ ਅਕਾਲ ਪੁਰਖ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ :

*-ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥*
*ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੩)*

*-ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥*
*ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੮)*

ਪ੍ਰਭੂ ਦਾ ਹੁਕਮ ਸਿਰ ਮੱਥੇ 'ਤੇ ਮੰਨਣਾ ਪਰਮਾਤਮਾ ਦੀ ਸਿਫਤਿ ਸਾਲਾਹ ਹੀ ਹੈ। ਜੋ ਪ੍ਰਭੂ ਨੂੰ ਭਾਉਂਦਾ ਹੈ ਉਸ ਨੂੰ ਭਲਾਈ ਜਾਣ ਕੇ ਖਿੜੇ ਮੱਥੇ ਪਰਵਾਨ ਕਰਨਾ ਹੀ ਅਸਲ ਗਿਆਨ ਹੈ, ਅਸਲ ਸਮਾਧੀ, ਅਸਲ ਜਪ ਤਪ ਹੈ :

*ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥*
*ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦)*

ਇਹੀ ਭਗਤਾਂ ਦੀ ਘਾਲਣਾ ਹੈ :

*ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੭)*

ਹੁਕਮ ਮੰਨਣਾ ਅਕਾਲ ਪੁਰਖ ਨੂੰ ਮਿਲਣ ਦਾ ਵਸੀਲਾ ਹੈ :

*ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੬੩)*

ਪ੍ਰਭੂ ਦੀ ਕਿਰਪਾ ਜ਼ਰੂਰੀ ਹੈ, ਕਿਰਪਾ ਤੋਂ ਬਿਨਾਂ ਹੁਕਮ-ਰਜਾਈ ਨਹੀਂ ਤੁਰਿਆ ਜਾ ਸਕਦਾ। ਅਸਲ ਵਿਚ ਮਨੁੱਖ ਦਾ ਇਹ ਮਨ ਪਰਮਾਤਮਾ ਦੇ ਹੁਕਮ ਦਾ ਬੱਝਾ ਹੋਇਆ ਹੀ ਮਾਇਆ ਦੀਆਂ ਖੇਡਾਂ ਖੇਡਦਾ ਰਹਿੰਦਾ ਹੈ। ਇਕ ਖਿਨ ਵਿਚ ਦੱਸੀਂ ਪਾਸੇ ਫਿਰ ਆਉਂਦਾ ਹੈ। ਜਦੋਂ ਸਦਾ ਥਿਰ ਪ੍ਰਭੂ ਆਪ ਹੀ ਕਿਸੇ ਵਡਭਾਗੀ ਮਨੁੱਖ ਉੱਤੇ ਕਿਰਪਾ ਕਰਦਾ ਹੈ ਤਦੋਂ ਉਸ ਦਾ ਮਨ ਗੁਰੂ ਦੀ ਸ਼ਰਨ ਦੀ ਬਰਕਤ ਨਾਲ ਬੜੀ ਜਲਦੀ ਵੱਸ ਵਿਚ ਆ ਜਾਂਦਾ ਹੈ ਤੇ ਸੰਜਮ ਵਾਲਾ ਜੀਵਨ ਬਤੀਤ ਕਰਨਾ ਸਿੱਖ ਲੈਂਦਾ ਹੈ :

*ਇਹੁ ਮਨੁ ਖੇਲੈ ਹੁਕਮ ਕਾ ਬਾਧਾ*
*ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥*
*ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ*
*ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੬੦)*

ਅਕਾਲ ਪੁਰਖ ਦੀ ਕਿਰਪਾ ਪ੍ਰਾਪਤ ਕਰਨ ਲਈ ਹਰ ਵੇਲੇ ਅਰਦਾਸ ਕਰਨੀ ਚਾਹੀਦੀ ਹੈ। ਜਿਸ ਵਡਭਾਗੀ ਮਨੁੱਖ 'ਤੇ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ ਉਸ ਦੀ ਜੀਵਨ ਜੁਗਤ ਵੱਖਰੀ ਅਤੇ ਨਿਰਾਲੀ ਹੋ ਜਾਂਦੀ ਹੈ। ਉਹ ਬਹੁਤ ਥੋੜਾ ਬੋਲਦਾ ਹੈ, ਥੋੜਾ ਖਾਂਦਾ ਹੈ ਤੇ ਥੋੜਾ ਹੀ ਸੌਂਦਾ ਹੈ। ਖੁਸ਼ਾਮਦੀ ਜਾਂ ਮੰਦੇ ਬੋਲ ਨਹੀਂ ਬੋਲਦਾ, ਸਦਾ ਸੱਚ 'ਤੇ ਪਹਿਰਾ ਦਿੰਦਾ ਹੈ। ਨਿੰਦਾ ਜਾਂ ਉਸਤਤਿ ਉਸ ਦੇ ਮਨ ਨੂੰ ਭਟਕਾਂਦੇ ਨਹੀਂ। ਉਸ ਲਈ ਪ੍ਰਾਪਤੀ ਦੀਆਂ ਮੰਜ਼ਿਲਾਂ ਦਾ ਮੋਹ ਨਿਰਾਰਥਕ ਹੋ ਜਾਂਦਾ ਹੈ। ਉਹ ਗ੍ਰਿਹਸਥ

ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਸਦਾ ਇਕ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੱਤਾ ਰਹਿੰਦਾ ਹੈ। ਮਾਇਆ ਦੇ ਮੋਹ ਆਦਿਕ ਦਾ ਹੋਰ ਕੋਈ ਰੰਗ ਉਸ 'ਤੇ ਨਹੀਂ ਚੜ੍ਹਦਾ। ਪਰਮਾਤਮਾ ਦੀ ਸਿਫਤਿ-ਸਾਲਾਹ ਹੀ ਹਰ ਵੇਲੇ ਦੀ ਬੋਲਚਾਲ ਹੋ ਜਾਂਦੀ ਹੈ:

*-ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

*-ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥*
*ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੯)*

*-ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥*
*ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੪)*

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਦੀ ਪ੍ਰਾਪਤੀ ਦਾ ਮਾਰਗ ਬਹੁਤ ਔਕੜਾਂ ਭਰਿਆ ਅਤੇ ਔਖਾ ਹੈ। ਉਹੀ ਮਨੁੱਖ ਇਸ ਰਸਤੇ 'ਤੇ ਤੁਰ ਕੇ ਜੀਵਨ ਸਫਲ ਬਣਾਉਂਦਾ ਹੈ, ਗੁਰ ਸ਼ਬਦ ਦੀ ਵਿਚਾਰ ਕਰ ਕੇ ਭਗਤੀ ਕਰ ਸਕਦਾ ਹੈ ਜਿਸ 'ਤੇ ਮਿਹਰ ਕਰ ਕੇ ਅਕਾਲ ਪੁਰਖ ਆਪ ਹੀ ਉਸ ਨੂੰ ਭਗਤੀ ਵਿਚ ਲਾਉਂਦਾ ਹੈ :

*ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੨੯)*

ਐਸੀ ਜੀਵ-ਇਸਤਰੀ ਦੇ ਮਨ ਦੀ ਅਵਸਥਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ :

*ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ*
*ਤਉ ਘਰ ਹੀ ਲਾਲਨੁ ਪਾਵਹੁ ॥*
*ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥*
*ਨਾਨਕੁ ਦੁਆਰੈ ਆਇਓ ॥ ਤਉ ਮੈ ਲਾਲਨੁ ਪਾਇਓ ਰੀ ॥੨॥*
*ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥*
*ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥*
*ਮੀਠੀ ਪਿਰਹਿ ਕਹਾਨੀ ॥ ਮੋਹਨੁ ਲਾਲਨੁ ਪਾਇਓ ਰੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੦)* ■

*(ਅੱਖੀਂ ਡਿੱਠਾ ਹਾਲ)*

# ਘੱਲੂਘਾਰਾ ਜੂਨ ੧੯੮੪

*-ਗਿਆਨੀ ਪ੍ਰੀਤਮ ਸਿੰਘ**

ਸੀ.ਆਰ.ਪੀ. ਵੱਲੋਂ ਸ੍ਰੀ ਦਰਬਾਰ ਸਾਹਿਬ ਉਤੇ ਪਹਿਲੀ ਜੂਨ ਨੂੰ ਫਾਇਰਿੰਗ ਸ਼ੁਰੂ ਕੀਤੀ ਗਈ ਸੀ। ਪਿੱਛੋਂ ਕਰਫ਼ਿਊ ਲੱਗ ਗਿਆ ਸੀ, ਜਿਸ ਵਿਚ ੩ ਜੂਨ ਨੂੰ ਕੁਝ ਸਮੇਂ ਲਈ ਢਿੱਲ ਦਿੱਤੀ ਗਈ ਸੀ। ਕਰਫ਼ਿਊ ਕਾਰਨ ਮੈਂ ੩ ਜੂਨ ਦੀ ਰਾਤ ਨੂੰ ਇਥੇ ਹੀ ਰਿਹਾ ਸੀ। ਭਾਈ ਹਰਬੰਸ ਸਿੰਘ, ਭਾਈ ਸਵਰਨ ਸਿੰਘ ਫਰਾਸ਼ ਤੇ ਭਾਈ ਹਰੀ ਸਿੰਘ ਅਖੀਰ ਤਕ ਮੇਰੇ ਨਾਲ ਰਹੇ ਸਨ। ੪ ਜੂਨ ਨੂੰ ਅੰਮ੍ਰਿਤ ਵੇਲੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਾ, ਹੁਕਮਨਾਮਾ ਲਿਆ। ਭਾਈ ਗੁਰਸ਼ਰਨ ਸਿੰਘ ਦਾ ਰਾਗੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਹੇਠਾਂ ਪਰਕਰਮਾ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਿਹਾ ਸੀ। ਲੱਗਭਗ ੪.੪੦ ਵਜੇ ਦਾ ਸਮਾਂ ਹੋਵੇਗਾ ਕਿ ਫੌਜ ਵੱਲੋਂ ਲੱਗਭਗ ੧੦-੧੧ ਗੋਲੇ ਸੁੱਟੇ ਗਏ, ਜਿਸ ਨਾਲ ਉੱਚੀਆਂ ਇਮਾਰਤਾਂ-ਸਿੰਧੀਆਂ ਦੀ ਧਰਮਸ਼ਾਲਾ, ਨਕਈ ਬੁੰਗਾ, ਉੱਚੇ ਚੁਬਾਰੇ ਅਤੇ ਬੁੰਗਾ ਰਾਮਗੜ੍ਹੀਆ ਦੇ ਮੁਨਾਰਿਆਂ ਨੂੰ ਨੁਕਸਾਨ ਪੁੱਜਾ। ਜਦੋਂ ਗੋਲਿਆਂ ਦਾ ਖੜਾਕ ਹੋਇਆ ਤਾਂ ਭਾਈ ਗੁਰਸ਼ਰਨ ਸਿੰਘ ਰਾਗੀ ਦਾ ਜਥਾ ਭੱਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਆ ਗਿਆ। ਕੁਝ ਮਿੰਟਾਂ ਪਿੱਛੋਂ ਹੀ ਗੋਲਿਆਂ ਦੀ ਵਰਖਾ ਸ਼ੁਰੂ ਹੋ ਗਈ। ਇਹ ਵੇਖ ਕੇ ਆਪਣੇ ਸਟਾਫ ਦੀ ਸਲਾਹ ਨਾਲ ਅਸੀਂ ਵਧਾਅ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਜਿੱਥੇ ਮਹਾਰਾਜ ਜੀ ਦਾ ਪ੍ਰਕਾਸ਼ ਸੀ, ਆ ਗਏ।

ਸ਼ਾਮ ਨੂੰ ਸੋਦਰ ਦੀ ਚੌਂਕੀ ਕਰਵਾ ਕੇ ਰਹਰਾਸਿ ਸਾਹਿਬ ਦਾ ਪਾਠ ਕੀਤਾ। ਮਰਯਾਦਾ ਅਨੁਸਾਰ ਸ਼ਸਤਰ ਵਿਖਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਰ ਕੇ ਕੋਠਾ ਸਾਹਿਬ ਅੰਦਰ ਬਿਰਾਜਮਾਨ ਕਰ ਦਿੱਤੇ।

ਪੰਜ ਜੂਨ ਨੂੰ ਅੰਮ੍ਰਿਤ ਵੇਲੇ ਹੁਕਮਨਾਮਾ ਲਿਆ, ਭਾਈ ਗੁਰਸ਼ਰਨ ਸਿੰਘ ਦੇ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਕਰ ਕੇ ਕੜਾਹ ਪ੍ਰਸ਼ਾਦ ਦੀ ਦੇਗ ਵੰਡੀ। ਦਿਨੇ ਅਸੀਂ ਵਾਰੀ-ਵਾਰੀ ਮਹਾਰਾਜ ਜੀ ਦੀ ਤਾਬਿਆ ਬੈਠਦੇ ਰਹੇ। ਭਾਵੇਂ ਸਾਰਾ ਦਿਨ ਚਾਰੇ ਪਾਸਿਓਂ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ ਸੀ। ਸ਼ਾਮ ਨੂੰ ਸਟਾਫ ਦੇ ਬਾਕੀ ੫-੬ ਬੰਦੇ ਚਲੇ ਗਏ, ਮੇਰੇ ਨਾਲ ਕੇਵਲ ਇਹ ਤਿੰਨ ਹੀ ਰਹੇ। ਸ਼ਾਮ ਨੂੰ ਲਾਈਟ ਨਹੀਂ ਸੀ, ਅਸੀਂ ਸੋਦਰ ਦੀ ਚੌਂਕੀ, ਰਹਰਾਸਿ ਸਾਹਿਬ ਅਤੇ ਅਰਦਾਸ ਉਪਰੰਤ ਸ਼ਸਤਰਾਂ ਨੂੰ ਮਿਆਨਾਂ ਵਿਚ ਪਾ ਕੇ ਅਲਮਾਰੀ ਵਿਚ, ਜਿੱਥੇ ਉਨ੍ਹਾਂ ਦੀ ਥਾਂ ਸੀ, ਬਿਰਾਜਮਾਨ ਕਰ ਦਿੱਤੇ।

ਰਾਤ ਦੇ ਅੰਦਾਜ਼ਨ ੮ ਵੱਜੇ ਹੋਣਗੇ। ਹਨੇਰਾ ਹੋਣ ਕਰਕੇ ਕੁਝ ਦਿਖਾਈ ਤਾਂ ਦਿੰਦਾ ਨਹੀਂ ਸੀ। ਪਰ ਪਰਕਰਮਾ ਵਿਚ ਬੂਟਾਂ ਦੇ ਖੜਾਕ ਤੋਂ ਸਾਫ਼ ਪਤਾ ਲੱਗਦਾ ਸੀ

---

**ਸਾਬਕਾ ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।*

ਕਿ ਫੌਜ ਆ ਗਈ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਕੇ ਰੋਸ਼ਨੀ ਦਾ ਗੋਲਾ ਤੇ ਫਿਰ ਅੱਥਰੂ ਗੈਸ ਛੱਡੀ। ਬਹੁਤ ਬੁਰੀ ਹਾਲਤ ਸੀ। ਅਸੀਂ ਆਪਣੇ ਗਲ ਵਾਲੇ ਪਰਨਿਆਂ ਨੂੰ ਭਿਉਂ ਕੇ ਅੱਖਾਂ ਉੱਤੇ ਫੇਰਿਆ। ਦੋਵਾਂ ਪਾਸਿਆਂ ਤੋਂ ਬਹੁਤ ਜ਼ੋਰਦਾਰ ਫਾਇਰਿੰਗ ਹੋ ਰਹੀ ਸੀ। ਹੌਲੀ-ਹੌਲੀ ਫੌਜ ਵੱਲੋਂ ਗੋਲੀ ਘਟਦੀ ਗਈ। ਇਸ ਸਮੇਂ ਉਤਲੀ ਛੱਤੋਂ ਭਿੰਡਰਾਂਵਾਲਿਆਂ ਦੇ ਸਾਥੀਆਂ ਨੇ ਜੈਕਾਰੇ ਛੱਡੇ, ਇਸ ਤੋਂ ਜਾਪਦਾ ਸੀ ਕਿ ਬਹੁਤ ਸਾਰੀ ਫੌਜ ਜੋ ਸਾਹਮਣੇ ਆਈ ਸੀ, ਮਾਰੀ ਗਈ ਹੈ। (ਸਰਕਾਰੀ ਸੂਤਰਾਂ ਅਨੁਸਾਰ ਪਹਿਲਾਂ ੬੦ ਕਮਾਂਡੋ ਉਥੇ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ੫੯ ਮਾਰੇ ਗਏ।)

ਇਸ ਪਿੱਛੋਂ ੧੦ ਵਜੇ ਦੇ ਕਰੀਬ ਟੈਂਕ ਪਰਕਰਮਾ ਵਿਚ ਦਾਖਲ ਹੋਏ ਅਤੇ 'ਦੁੱਖ ਭੰਜਨੀ ਬੇਰੀ' ਅਤੇ 'ਸ਼ਹੀਦ ਬੁੰਗਾ' ਵਾਲੇ ਪਾਸੇ ਤੋਂ ਲਗਾਤਾਰ ਟੈਂਕਾਂ ਨਾਲ ਸਾਰੀ ਰਾਤ ਗੋਲਾਬਾਰੀ ਹੁੰਦੀ ਰਹੀ। ਇਸ ਦੌਰਾਨ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਹੇਠਾਂ ਭੋਰੇ ਵਿਚ ਆ ਗਏ ਜਾਪਦੇ ਸਨ। ਅਸੀਂ ਲਾਗਲੀ ਦੀਵਾਰ ਦੇ ਓਹਲੇ ਆ ਗਏ ਸੀ। ਸਾਰੀ ਰਾਤ ਗੋਲਾ ਮੀਂਹ ਵਾਂਗ ਪੈਂਦਾ ਰਿਹਾ। ਬੇਅੰਤ ਮਲਬਾ ਖਿੱਲਰ ਕੇ ਸਾਡੇ 'ਤੇ ਵੀ ਪੈਂਦਾ ਰਿਹਾ।

ਚਾਰ ਜੂਨ ਨੂੰ ਸੰਤ ਭਿੰਡਰਾਂਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਹੀ ਗੁਣਗੁਣਾਉਂਦੇ ਫਿਰ ਰਹੇ ਸਨ, "*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*" "*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*" ੬ ਜੂਨ ਸਵੇਰੇ ੮ ਕੁ ਵਜੇ ਦਾ ਵਕਤ ਹੋਏਗਾ। ਜਿੱਥੇ ਗਿਆਨੀ ਸਾਧੂ ਸਿੰਘ ਭੌਰਾ ਦੇ ਕੁਆਰਟਰ ਦੇ ਹੇਠਾਂ ੫-੬ ਫਲੱਸ਼ਾਂ ਬਣੀਆਂ ਸਨ, ਸੰਤ ਜੀ ਆਪਣੇ ਸਾਥੀਆਂ ਨਾਲ ਜੰਗਲ-ਪਾਣੀ ਲਈ ਆਏ। ਇਥੇ ਨਲਕੇ ਤੋਂ ਹੱਥ ਧੋ ਕੇ ਸਾਥੀਆਂ ਨਾਲ ਗੱਲਾਂ ਕਰ ਰਹੇ ਸਨ। ਅਸੀਂ ਇਸ ਦੀਵਾਰ ਦੇ ਦੂਜੇ ਬੰਨੇ ਸਹਾਰਾ ਲੈ ਕੇ ਬੈਠੇ ਸੀ। ਉਹ ਫਿਰ ਭੋਰੇ ਅੰਦਰ ਚਲੇ ਗਏ। ਕੋਈ ੮.੩੦ ਵਜੇ ਦੇ ਕਰੀਬ ਭਾਈ ਅਮਰੀਕ ਸਿੰਘ ਜੰਗਲ-ਪਾਣੀ ਲਈ ਆਏ। ਕੁਦਰਤੀ ਇਕ ਗੋਲੇ ਨਾਲ ਦੀਵਾਰ ਵਿਚ ਲੱਗਾ ਦਰਵਾਜ਼ਾ ਖੁੱਲ੍ਹ ਗਿਆ, ਮੈਨੂੰ ਤੇ ਮੇਰੇ ਸਾਥੀਆਂ ਨੂੰ ਬੈਠਿਆਂ ਵੇਖ ਕੇ ਭਾਈ ਅਮਰੀਕ ਸਿੰਘ ਕਹਿਣ ਲੱਗੇ, "ਸਿੰਘ ਸਾਹਿਬ ਜੀ, ਭੁੰਜੇ ਬੈਠੇ ਤੁਸੀਂ ਚੰਗੇ ਨਹੀਂ ਲੱਗਦੇ, ਕਿਸੇ ਕਮਰੇ ਵਿਚ ਮੰਜੇ 'ਤੇ ਬੈਠ ਜਾਣਾ ਸੀ।" ਮੈਂ ਕਿਹਾ ਕਿ ਸਾਰੇ ਕਮਰਿਆਂ ਵਿਚ ਗੋਲੀਆਂ ਆ ਰਹੀਆਂ ਹਨ, ਇਹ ਜਗ੍ਹਾ ਮਹਿਫੂਜ਼ ਹੈ। ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉੱਪਰਲਾ ਹਿੱਸਾ ਢੱਠਾ ਹੋਇਆ ਸਾਫ਼ ਦਿਖਾਈ ਦੇ ਰਿਹਾ ਸੀ ਅਤੇ ਹਾਲੇ ਵੀ ਗੋਲਾਬਾਰੀ ਜਾਰੀ ਸੀ। ਮੈਂ ਉਨ੍ਹਾਂ ਨੂੰ ਪੁੱਛਿਆ, "ਤੁਹਾਡਾ ਕੀ ਪ੍ਰੋਗਰਾਮ ਹੈ?" ਉਨ੍ਹਾਂ ਨੇ ਜਵਾਬ ਦਿੱਤਾ, "ਅਕਾਲ ਤਖ਼ਤ ਸਾਹਿਬ ਦੀ ਦਸ਼ਾ ਬਹੁਤ ਖਰਾਬ ਹੋ ਗਈ ਹੈ। ਐਸੀ ਸੂਰਤ ਵਿਚ ਸਾਡਾ ਜਿਊਂਦਿਆਂ ਰਹਿਣਾ ਯੋਗ ਨਹੀਂ ਹੈ। ਅਸੀਂ ਸਵੇਰੇ ੭:੩੦ ਵਜੇ ਸ਼ਹੀਦ ਹੋਣ ਦਾ ਪ੍ਰੋਗਰਾਮ ਬਣਾਇਆ ਸੀ, ਪਰ ਹੁਣ ਸੰਤਾਂ ਨਾਲ ਸਲਾਹ ਕਰ ਕੇ ੯:੩੦ ਵਜੇ ਦਾ ਬਣਾਇਆ ਹੈ। ਕੌਮ ਵੀ ਬਹੁਤ ਮਾਰੀ ਗਈ ਹੈ, ਅਸੀਂ ਬਚ ਵੀ ਗਏ ਤਾਂ ਲੋਕ ਸਾਨੂੰ

ਨਹੀਂ ਛੱਡਣਗੇ।" ਆਪਣੇ ਸੱਚਖੰਡ ਵਾਸੀ ਪਿਤਾ ਸੰਤ ਕਰਤਾਰ ਸਿੰਘ ਜੀ ਵੱਲ ਇਸ਼ਾਰਾ ਕਰ ਕੇ ਕਿਹਾ, "ਇਹ ਵੀ ਚੰਗਾ ਹੈ ਕਿ ਛੇਤੀ-ਛੇਤੀ ਵੱਡੇ ਸੰਤਾਂ ਪਾਸ ਚੱਲਾਂਗੇ।" ਇਸ ਸਮੇਂ ਭਾਈ ਅਮਰੀਕ ਸਿੰਘ ਆਪਣੇ ਸਾਥੀਆਂ ਦੀਆਂ ਡਿਊਟੀਆਂ ਲਗਾ ਰਹੇ ਸਨ, ਕਿਸੇ ਨੂੰ ਕਿਹਾ— ਤੂੰ ਮੇਰੇ ਘਰ ਅਖੰਡ ਪਾਠ ਰਖਵਾਈਂ; ਇਕ ਸਾਥੀ ਨੂੰ ਕਿਹਾ— ਮਹੀਨੇ ਕੁ ਤਕ ਮੇਰੇ ਘਰ ਲੜਕਾ ਪੈਦਾ ਹੋਣਾ ਹੈ, ਤੂੰ ਲੱਡੂ ਵੰਡੀਂ ਆਦਿ।

ਭਾਈ ਅਮਰੀਕ ਸਿੰਘ ਨੇ ਸਾਥੋਂ ਵੀ ਪੁੱਛਿਆ, "ਤੁਹਾਡੇ ਬਾਹਰ ਨਿਕਲਣ ਦਾ ਕੋਈ ਸਾਧਨ ਹੈ?" ਮੇਰੇ ਸਾਥੀ ਮਜਬੂਰ ਕਰ ਰਹੇ ਸਨ ਕਿ ਬਾਹਰਲੇ ਲੋਹੇ ਵਾਲੇ ਦਰਵਾਜ਼ੇ ਦਾ ਜਿੰਦਰਾ ਖੋਲ੍ਹ ਕੇ ਅਸੀਂ ਬਾਹਰ ਨਿਕਲ ਜਾਈਏ। ਇਸ ਜਿੰਦਰੇ ਦੀ ਚਾਬੀ ਭਿੰਡਰਾਂਵਾਲਿਆਂ ਦੇ ਸਾਥੀਆਂ ਪਾਸ ਸੀ। ਮੈਂ ਕਿਹਾ ਕਿ ਜੇ ਤੁਸੀਂ ਆਗਿਆ ਦਿਉ ਤਾਂ ਬਾਹਰਲਾ ਜਿੰਦਰਾ ਖੋਲ੍ਹ ਕੇ ਅਸੀਂ ਬਾਹਰ ਨਿਕਲ ਜਾਈਏ। ਉਨ੍ਹਾਂ ਕਿਹਾ, "ਨਿਕਲ ਜਾਓ, ਪਰ ਫ਼ੌਜ ਨਹੀਂ ਛੱਡੇਗੀ, ਕੋਈ ਤਰੀਕਾ ਲੱਭਦਾ ਹੈ ਤਾਂ ਨਿਕਲ ਜਾਓ।" ਅਸੀਂ ਦਰਵਾਜ਼ਾ ਖੋਲ੍ਹ ਕੇ ਦੌੜ ਕੇ ਬੋਹੜ ਵਾਲੀ ਹਵੇਲੀ ਚਲੇ ਗਏ, ਜਿੱਥੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਰਹਿੰਦੇ ਸਨ। ਸੇਵਾਦਾਰ ਬਲਬੀਰ ਸਿੰਘ ਤੋਂ ਦਰਵਾਜ਼ਾ ਖੁਲ੍ਹਵਾ ਕੇ ਉਸ ਦੇ ਘਰ ਗਏ। ਇਹ ਕੋਈ ੯ ਵਜੇ ਦੀ ਗੱਲ ਹੋਏਗੀ। ਇਥੇ ਸ਼੍ਰੋਮਣੀ ਕਮੇਟੀ ਦੇ ਕੋਈ ੧੦-੧੨ ਮੁਲਾਜ਼ਮ ਤੇ ਉਹ ਸੇਵਾਦਾਰ ਆਪਣੀ ਸੁਪਤਨੀ ਸਮੇਤ ਠਹਿਰੇ ਹੋਏ ਸਨ।

ਅਸੀਂ ੬ ਅਤੇ ੭ ਜੂਨ ਦੀ ਰਾਤ ਉਥੇ ਸੇਵਾਦਾਰ ਦੇ ਹੀ ਘਰ ਰਹੇ। ੮ ਜੂਨ ਨੂੰ ਫੌਜ ਨੇ ਆ ਕੇ ਦਰਵਾਜ਼ਾ ਖੜਕਾਇਆ। ਅੰਦਰ ਆ ਕੇ ਸਾਨੂੰ ਪੁੱਛਿਆ ਕਿ ਇਥੇ ਕਿਉਂ ਠਹਿਰੇ ਹੋ? ਮੈਂ ਆਪਣੇ ਬਾਰੇ ਦੱਸਿਆ ਤੇ ਕਿਹਾ ਕਿ ਬਾਕੀ ਸਾਰੇ ਸਾਡੇ ਮੁਲਾਜ਼ਮ ਹਨ। ਆਪਣਾ ਪਛਾਣ-ਪੱਤਰ ਵਿਖਾਇਆ। ਪਰ ਉਹ ਕਹਿਣ ਲੱਗੇ ਕਿ ਤੁਸੀਂ ਸਾਰੇ ਅਤਿਵਾਦੀ ਹੋ। ਉਨ੍ਹਾਂ ਹੋਰ ਫੌਜੀ ਸੱਦ ਲਏ। ਘਰ ਦੀ ਤਲਾਸ਼ੀ ਲਈ, ਪਰ ਕੋਈ ਹਥਿਆਰ ਜਾਂ ਇਤਰਾਜ਼ਯੋਗ ਚੀਜ਼ ਨਾ ਲੱਭੀ। ਫਿਰ ਉਨ੍ਹਾਂ ਨੇ ਸਿਵਾਇ ਕਛਹਿਰਿਆਂ ਦੇ ਸਾਡੇ ਸਾਰੇ ਕੱਪੜੇ ਜ਼ਬਰਦਸਤੀ ਲੁਹਾ ਲਏ ਅਤੇ ਸਭ ਨੂੰ ਇਕ ਲਾਈਨ ਵਿਚ ਖੜ੍ਹੇ ਕਰ ਲਿਆ। ਉਨ੍ਹਾਂ ਫੌਜੀਆਂ ਪਾਸ ਇਕ ਐੱਲ.ਐੱਮ.ਜੀ. ਸੀ। ਸਾਨੂੰ ਗੋਲੀ ਮਾਰਨ ਲੱਗੇ ਸਨ ਕਿ ਉਨ੍ਹਾਂ ਵਿੱਚੋਂ ਇਕ ਨੇ ਕਿਹਾ ਕਿ ਮੈਗਜ਼ੀਨ ਵਿਚ ਸਿਰਫ ਦੋ ਹੀ ਗੋਲੀਆਂ ਹਨ, ਨਵਾਂ ਮੈਗਜ਼ੀਨ ਲੋਡ ਕਰ ਲੈ। ਹਾਂ, ਪਹਿਲੇ ਫੌਜੀਆਂ ਵਿਚ ਇਕ ਸਿੱਖ ਸਿਪਾਹੀ ਸੀ। ਉਹ ਦੌੜ ਕੇ ਬੀ.ਐੱਸ.ਐੱਫ. ਦੇ ਮੇਜਰ ਰਤਨ ਸਿੰਹੁ (ਹਰਿਆਣਵੀ ਜਾਟ) ਨੂੰ ਸਾਡੇ ਬਾਰੇ ਦੱਸ ਕੇ ਲੈ ਆਇਆ। ਸਾਨੂੰ ਗੋਲੀ ਮਾਰਨ ਹੀ ਲੱਗੇ ਸਨ ਕਿ ਰਤਨ ਸਿੰਹੁ ਨੇ ਆ ਕੇ ਕਿਹਾ, "ਠਹਿਰੋ, ਇਨ੍ਹਾਂ ਨੂੰ ਮੇਰੇ ਪਾਸ ਮੰਦਰ (ਕਾਠੀਆਂ ਵਾਲਾ ਬਜ਼ਾਰ) ਭੇਜ ਦਿਉ।" ਅਸੀਂ ਦੁਬਾਰਾ ਕੱਪੜੇ ਪਹਿਨ ਲਏ।

ਉਧਰ ਗਏ। ਗਲੀ ਵਿਚ ੩੦-੪੦ ਸਿੱਖਾਂ ਨੂੰ ਪਿੱਛੇ ਬਾਹਾਂ ਬੰਨ੍ਹ ਕੇ ਪਹਿਲਾਂ ਹੀ ਬਿਠਾਇਆ ਹੋਇਆ ਸੀ ਤੇ ਰਾਈਫਲਾਂ ਦੇ ਬੱਟਾਂ, ਸੋਟੀਆਂ ਜਾਂ ਬੂਟਾਂ ਦੇ ਠੁੱਡਿਆਂ ਨਾਲ ਬੁਰੀ ਤਰ੍ਹਾਂ ਮਾਰ ਰਹੇ ਸਨ। ਰਤਨ ਸਿੰਹੁ ਨੇ ਪੁੱਛਿਆ, "ਤੁਸੀਂ ਅਤਿਵਾਦੀ ਹੋ?" ਮੈਂ ਦੱਸਿਆ ਕਿ ਮੈਂ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਹਾਂ। ਉਹ ਕਹਿਣ ਲੱਗਾ, "ਅਸੀਂ

ਅਨਾਊਂਸਮੈਂਟ ਕੀਤੀ ਸੀ, ਤੁਸੀਂ ਪਹਿਲਾਂ ਕਿਉਂ ਗ੍ਰਿਫਤਾਰ ਨਹੀਂ ਹੋਏ?" ਮੈਂ ਦੱਸਿਆ ਕਿ ਅਸੀਂ ਸ਼੍ਰੋਮਣੀ ਕਮੇਟੀ ਦੇ ਕੁਆਰਟਰ ਵਿਚ ਸਾਂ, ਸਾਨੂੰ ਕੋਈ ਆਵਾਜ਼ ਨਹੀਂ ਸੁਣੀ। ਉਸ ਨੇ ਕਿਹਾ ਕਿ ਅੱਜ ਸਾਰੇ ਹੀ ਅਤਿਵਾਦੀ ਹਨ, ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ ਜਾਏਗਾ। ਸਾਡੀ ਤਲਾਸ਼ੀ ਲਈ; ਜੇਬਾਂ ਵਿੱਚੋਂ ਪੈਸੇ ਕੱਢ ਲਏ। ਇਕ ਫੌਜੀ ਹਵਾਲਦਾਰ ਮੈਨੂੰ ਪੁੱਛਣ ਲੱਗਾ, "ਤੂੰ ਸਿੱਖ ਏਂ ਕਿ ਮੁਸਲਮਾਨ?" ਮੈਂ ਕਿਹਾ, "ਮੈਂ ਸ੍ਰੀ ਗੁਰੂ ਰਾਮਦਾਸ ਦਾ ਸਿੱਖ ਹਾਂ ਅਤੇ ਆਪਣੇ ਗੁਰੂ ਦੀ ਸੇਵਾ ਕਰ ਰਿਹਾ ਹਾਂ।" ਉਸ ਹਵਾਲਦਾਰ ਨੇ ਮੈਨੂੰ ਗਾਲ੍ਹ ਕੱਢੀ, ਮੇਰੀ ਛਾਤੀ 'ਤੇ ਬੰਦੂਕ ਰੱਖ ਕੇ ਕਹਿਣ ਲੱਗਾ, "ਸੱਦ ਆਪਣੇ ਗੁਰੂ ਰਾਮਦਾਸ ਨੂੰ ਤੇਰੀ ਮਦਦ ਕਰੇ।" ਮੇਰੇ ਮਨ ਹੀ ਮਨ 'ਚੋਂ ਇਕ ਹੂਕ ਨਿਕਲੀ ਕਿ ਅੱਜ ਇਹ ਫੌਜ ਮੇਰੇ ਗੁਰੂ ਨੂੰ ਵੰਗਾਰ ਰਹੀ ਹੈ। ਮਨ ਹੀ ਮਨ ਵਿਚ ਗੁਰੂ ਨੂੰ ਧਿਆਇਆ, "ਹੇ ਸੱਚੇ ਪਾਤਸ਼ਾਹ! ਆਪਣੇ ਨਾਂ ਦੀ ਲਾਜ ਰੱਖੋ, ਆਪਣੇ ਬਿਰਦ ਦੀ ਪੈਜ ਰੱਖੋ।" ਰਤਨ ਸਿੰਘ ਰਾਊਂਡ ਕਰਦਾ-ਕਰਦਾ ਉਥੇ ਆਇਆ। ਇਤਨੇ ਨੂੰ ਫੌਜੀਆਂ ਨੂੰ ਚਾਹ-ਪਾਣੀ ਪਿਆਉਣ ਆਏ ਕੁਝ ਹਿੰਦੂਆਂ ਨੇ ਮੈਨੂੰ ਪਹਿਚਾਣ ਲਿਆ ਸੀ ਤੇ ਮੇਜਰ ਪਾਸ ਮੇਰੀ ਸਿਫਾਰਿਸ਼ ਕੀਤੀ। ਉਸ ਨੇ ਮੈਨੂੰ ਆਪਣੇ ਪਾਸ ਬੁਲਾਇਆ ਤੇ ਬੈਠਣ ਲਈ ਕੁਰਸੀ ਵੀ ਦਿੱਤੀ। ਇਹ ਮੇਰੇ ਗੁਰੂ ਨੇ ਆਪ ਪਹੁੰਚ ਕੇ ਬਿਰਦ ਦੀ ਪੈਜ ਰੱਖੀ ਸੀ।

ਮੈਂ ਮੇਜਰ ਨੂੰ ਕਿਹਾ, "ਫੌਜ ਨੂੰ ਬੜੀ ਜ਼ਾਬਤੇ ਵਾਲੀ ਸਮਝਿਆ ਜਾਂਦਾ ਹੈ, ਪਰ ਤੁਹਾਡੇ ਵਿਚ ਫ਼ੌਜ ਵਾਲਾ ਕੋਈ ਅਸੂਲ ਨਹੀਂ ਹੈ, ਸਭ ਨੇ ਕਸਾਈਆਂ ਵਾਲ ਕੰਮ ਫੜਿਆ ਹੋਇਆ ਹੈ।" ਉਸ ਦੇ ਦਿਲ ਵਿਚ ਸ਼ਾਇਦ ਦਇਆ ਆਈ, ਮੈਨੂੰ ਗਲਵਕੜੀ ਵਿਚ ਲੈ ਕੇ ਕਹਿਣ ਲੱਗਾ, "ਮੈਂ ਤੁਹਾਨੂੰ ਬਚਾਉਣ ਲਈ ਵੱਧ ਤੋਂ ਵੱਧ ਜਤਨ ਕਰਾਂਗਾ।" ਫਿਰ ਉਸ ਨੇ ਏਰੀਆ ਇੰਚਾਰਜ ਨਾਲ ਵਾਇਰਲੈੱਸ 'ਤੇ ਗੱਲ ਕੀਤੀ। ਪਿੱਛੋਂ ਮੈਨੂੰ ਕਹਿਣ ਲੱਗਾ, "ਤੁਸੀਂ ਧਾਰਮਿਕ ਵਿਅਕਤੀ ਹੋ, ਇਸ ਲਈ ਮੈਂ ਜੋ ਕੁਝ ਪੁੱਛਾਂਗਾ, ਸੱਚ-ਸੱਚ ਦੱਸਣਾ?" ਮੈਂ ਜਵਾਬ ਦਿੱਤਾ, "ਬਿਲਕੁਲ ਸੱਚ ਦੱਸਾਂਗਾ।" ਉਸ ਨੇ ਪੁੱਛਿਆ, "ਕੀ ਮੇਰੇ ਨਾਲ ਦੇ ੧੨-੧੩ ਵਿਅਕਤੀ ਵਾਕਈ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ?" ਮੈਂ ਸ਼ਾਹਦੀ ਭਰੀ। ਫਿਰ ਉਸ ਨੇ ਮੇਰੇ ਪਾਸੋਂ ਬਾਕੀ ੪੦-੫੦ ਬੰਦਿਆਂ ਬਾਰੇ ਪੁੱਛਿਆ। ਉਨ੍ਹਾਂ ਵਿੱਚੋਂ ਮੈਂ ਕਿਸੇ ਨੂੰ ਵੀ ਨਹੀਂ ਜਾਣਦਾ ਸੀ, ਇਸ ਲਈ ਕਹਿ ਦਿੱਤਾ ਕਿ ਹੋ ਸਕਦਾ ਹੈ ਇਨ੍ਹਾਂ ਵਿਚ ਕੁਝ ਨਵੇਂ ਮੁਲਾਜ਼ਮ ਹੋਣ ਜਿਨ੍ਹਾਂ ਨੂੰ ਮੈਂ ਨਾ ਜਾਣਦਾ ਹੋਵਾਂ। ਉਸ ਨੇ ਕਿਹਾ, "ਨਹੀਂ, ਇਹ ਸਾਰੇ ਅਤਿਵਾਦੀ ਹਨ।" (ਪਿੱਛੋਂ ਉਹ ਸਾਰੇ ਮਾਰ ਦਿੱਤੇ ਗਏ)

ਮੇਜਰ ਨੇ ਕਿਹਾ ਕਿ ਮੈਂ ਤੁਹਾਨੂੰ ਕਿਸੇ ਵੀ ਸੂਰਤ ਵਿਚ ਛੱਡ ਨਹੀਂ ਸਕਦਾ। ਇਸ ਲਈ ਬਿਹਤਰ ਰਹੇਗਾ ਕਿ ਤੁਹਾਨੂੰ ਮਿਲਟਰੀ ਕੈਂਪ ਭੇਜ ਦਿੱਤਾ ਜਾਏ, ਉਥੋਂ ਕੁਝ ਦਿਨਾਂ ਪਿੱਛੋਂ ਤੁਹਾਨੂੰ ਛੱਡ ਦਿੱਤਾ ਜਾਏਗਾ। ਫਿਰ ਇਕ ਫੌਜੀ ਸਾਨੂੰ ਮਾਈ ਸੇਵਾਂ ਦੇ ਬਜ਼ਾਰ ਵੱਲ ਲੈ ਕੇ ਤੁਰ ਪਿਆ। ਰਾਹ ਵਿਚ ਅਸੀਂ ਅਨੇਕਾਂ ਹੀ ਸਿੱਖਾਂ ਦੀਆਂ ਰੁਲਦੀਆਂ ਲਾਸ਼ਾਂ ਵੇਖੀਆਂ। ਬਾਜ਼ਾਰ ਵਿੱਚੋਂ ਫਕੀਰ ਸਿੰਘ ਦੀ ਦੁਕਾਨ ਸਾਹਮਣਿਓਂ ਸਾਨੂੰ ਇਕ ਟਰੱਕ ਰਾਹੀਂ ਕੈਂਪ 'ਚ ਲਿਆਂਦਾ ਗਿਆ। ਇਥੋਂ ੧੭ ਜੂਨ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਸਮੇਂ ਸ੍ਰੀ ਦਰਬਾਰ ਸਾਹਿਬ ਲਿਆਂਦਾ ਗਿਆ ਅਤੇ ਪਿੱਛੋਂ ਰਿਹਾਅ ਕੀਤਾ ਗਿਆ। ■

# ੧੯੮੪ ਈ. ਦਾ ਦੁਖਾਂਤ

*-ਡਾ. ਤੇਜਿੰਦਰ ਪਾਲ ਸਿੰਘ**

ਅਗਸਤ ੧੯੮੨ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਅਰਦਾਸ ਕਰ ਕੇ ਅਕਾਲੀਆਂ ਨੇ ਧਰਮ ਯੁੱਧ ਮੋਰਚਾ ਅਰੰਭ ਕੀਤਾ। ਉਨ੍ਹਾਂ ਪ੍ਰਣ ਕੀਤਾ ਕਿ ਜਿੰਨਾ ਚਿਰ ਉਨ੍ਹਾਂ ਦੀਆਂ ਮੰਗਾਂ- ਅਨੰਦਪੁਰ ਸਾਹਿਬ ਦਾ ਮਤਾ, ਐਸ.ਵਾਈ.ਐਲ ਨਹਿਰ ਦੀ ਖੁਦਾਈ ਰੋਕਣਾ (ਕਿਉਂਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਨਹੀਂ ਕਿ ਹੋਰ ਰਾਜਾਂ ਨੂੰ ਦਿੱਤਾ ਜਾ ਸਕੇ) ਅਤੇ ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਿਲ ਕਰਨਾ ਆਦਿ, ਪੂਰੀਆਂ ਨਹੀਂ ਹੋਣਗੀਆਂ, ਉਨਾ ਚਿਰ ਉਹ ਆਪਣਾ ਮੋਰਚਾ ਖਤਮ ਨਹੀਂ ਕਰਨਗੇ। ਦਮਦਮੀ ਟਕਸਾਲ, ਬੱਬਰ ਖਾਲਸਾ, ਦਲ ਖਾਲਸਾ, ਅਖੰਡ ਕੀਰਤਨੀ ਜਥਾ ਅਤੇ ਸਾਰੇ ਅਕਾਲੀ ਜਥਿਆਂ ਨੇ ਏਕਤਾ ਕਰ ਕੇ ਇਸ ਮੋਰਚੇ ਵਿਚ ਹਿੱਸਾ ਲਿਆ, ਪਰੰਤੂ ਸਰਕਾਰ ਨੇ ਇਹ ਮੰਗਾਂ ਮੰਨਣ ਦੀ ਬਜਾਏ ਟਾਲ-ਮਟੋਲ ਕੀਤੀ ਕਿਉਂਕਿ ਇੰਦਰਾ ਗਾਂਧੀ ਦੇ ਮਨ ਵਿਚ ੧੯੭੪ ਈ. (ਐਮਰਜੈਂਸੀ) ਵਾਲੀ ਕੁੜੱਤਣ ਇਕ ਸਾਜ਼ਿਸ਼ ਦਾ ਰੂਪ ਧਾਰਨ ਕਰ ਚੁੱਕੀ ਸੀ।

ਮੀਡੀਆ ਨੇ ਸਿੱਖਾਂ ਨੂੰ ਬਦਨਾਮ ਕਰਨ ਹਿੱਤ ਇਕ ਸੰਘਰਸ਼ ਅਰੰਭਿਆ, ਜਿਸ ਤਹਿਤ ਇਸ ਧਰਮ ਯੁੱਧ ਮੋਰਚੇ ਨੂੰ ਪੰਜਾਬ ਦੇ ਹਿੰਦੂਆਂ ਦੇ ਵਿਰੋਧ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਮੁਤਾਬਿਕ ਇਹ ਇਕ ਕਬਜ਼ੇ ਦੀ ਲਹਿਰ ਸੀ। ਐਸੀ ਮਾੜੀ ਸੋਚ ਲੈ ਕੇ ਵਿਰੋਧੀਆਂ ਨੇ ਮਰੀਆਂ ਗਊਆਂ ਦੇ ਅੰਗ ਮੰਦਰਾਂ ਵਿਚ ਸੁੱਟਣੇ ਸ਼ੁਰੂ ਕੀਤੇ। ਇੱਥੋਂ ਤਕ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਵੀ ਸਿਗਰਟਾਂ ਤੇ ਬੀੜੀਆਂ ਸੁੱਟੀਆਂ ਗਈਆਂ। ਇਹ ਅਫਵਾਹਾਂ ਫੈਲਾਅ ਦਿੱਤੀਆਂ ਗਈਆਂ ਕਿ ਸੈਂਕੜੇ ਹਜ਼ਾਰਾਂ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ ਹੈ ਅਤੇ ਸਿੱਖ ਇਕ ਹਥਿਆਰਬੰਦ ਲਹਿਰ ਚਲਾਉਣ ਦੀ ਤਿਆਰੀ ਵਿਚ ਹਨ ਤਾਂ ਜੋ ਹਿੰਦੂਆਂ ਨੂੰ ਪੰਜਾਬ ਤੋਂ ਬਾਹਰ ਕੱਢਿਆ ਜਾ ਸਕੇ। ਸਿੱਟੇ ਵਜੋਂ, ਜਦੋਂ ਧਰਮ ਯੁੱਧ ਮੋਰਚੇ ਦੇ ਮੁੱਖ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਹ ਬਿਆਨ ਦਿੱਤਾ ਕਿ ਆਉਣ ਵਾਲੀਆਂ ਏਸ਼ੀਅਨ ਖੇਡਾਂ (੧੯੮੨ ਈ.) ਵਿਚ ਸਿੱਖ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਇਹ ਦੱਸਣਗੇ ਕਿ ਕਿਵੇਂ ਸਿੱਖਾਂ ਨੂੰ ੧੯੪੭ ਈ. ਤੋਂ ਬਾਅਦ ਆਪਣੇ ਦੇਸ਼ ਵਿਚ ਹੀ ਗੁਲਾਮੀ ਸਹਿਣੀ ਪੈ ਰਹੀ ਹੈ ਅਤੇ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੀ ਵੰਡ ਸਮੇਂ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ। ਇਸ ਬਿਆਨ ਦੇ ਬਦਲ ਵਜੋਂ ਦੇਸ਼ ਦੀ ਪ੍ਰਧਾਨ ਮੰਤਰੀ

**ਅਸਿਸਟੈਂਟ ਪ੍ਰੋਫ਼ੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ ਮੀਰਾਂਪੁਰ, ਪਟਿਆਲਾ। ਮੋ: ੯੯੮੮੦੦੪੭੩੩*

ਇੰਦਰਾ ਗਾਂਧੀ ਨੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਰਾਹੀਂ ਸਿੱਖਾਂ ਨੂੰ ਜ਼ਲੀਲ ਕਰਨ ਦੀ ਤਿਆਰੀ ਕਰ ਲਈ ਗਈ। ਦਿੱਲੀ ਜਾਣ ਵਾਲੇ ਹਰੇਕ ਸਿੱਖ ਨੂੰ ਰੋਕ ਕੇ ਪਰੇਸ਼ਾਨ ਕੀਤਾ ਜਾਣ ਲੱਗਾ। ਸਿੱਖਾਂ ਦੀ ਤਲਾਸ਼ੀ ਲਈ ਜਾਣ ਲੱਗੀ ਤੇ ਉਨ੍ਹਾਂ ਨਾਲ ਭੈੜਾ ਸਲੂਕ ਕੀਤਾ ਜਾਣ ਲੱਗਾ। ਇੱਥੋਂ ਤਕ ਕਿ ਬਹੁਚਰਚਿਤ ਸਿੱਖ ਜਿਵੇਂ ਕਿ ਸਾਬਕਾ ਮੰਤਰੀ ਸ. ਸਵਰਨ ਸਿੰਘ, ਏਅਰ ਚੀਫ ਮਾਰਸ਼ਲ ਅਰਜਨ ਸਿੰਘ, ਜਰਨਲ ਸੁਬੇਗ ਸਿੰਘ ਅਤੇ ਲੈਫਟੀਨੈਂਟ ਜਰਨਲ ਜੇ.ਐਸ. ਅਰੋੜਾ ਆਦਿ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸ ਸਭ ਕੁਝ ਪਿੱਛੇ ਸਰਕਾਰ ਦਾ ਮਨੋਰਥ ਸਿੱਖਾਂ ਨੂੰ ਇਹ ਦੱਸਣਾ ਸੀ ਕਿ ਸਿੱਖ ਨਾ ਕੇਵਲ ਭਾਰਤ ਵਿਚ ਤੀਜੇ ਦਰਜੇ ਦੇ ਲੋਕ ਹਨ, ਬਲਕਿ ਇਸ ਦੇਸ਼ ਦੇ ਨਾ-ਪਸੰਦ ਨਾਗਰਿਕ ਵੀ ਹਨ। ਇਸ ਸਭ ਕੁਝ ਦੇ ਵਿਰੋਧ ਵਿਚ ਕਿਸੇ ਨੇ ਅਵਾਜ਼ ਨਹੀਂ ਉਠਾਈ। ਨਾ ਹੀ ਪੰਜਾਬ ਸਰਕਾਰ ਨੇ, ਨਾ ਕੇਂਦਰ ਸਰਕਾਰ ਨੇ ਅਤੇ ਨਾ ਹੀ ਕੌਮੀ ਪ੍ਰੈੱਸ ਨੇ। ਵਧੇਰੇ ਕਰਕੇ ਅਖਬਾਰਾਂ ਨੇ ਸਿੱਖਾਂ ਨਾਲ ਹੋ ਰਹੇ ਇਸ ਬਦਸਲੂਕ ਬਾਰੇ ਕੋਈ ਖ਼ਬਰ ਨਾ ਲਾਈ, ਜਿਵੇਂ ਕਿ ਇਹ ਕਿਸੇ ਵੀ ਤਰ੍ਹਾਂ ਕੰਮ ਦੀਆਂ ਖ਼ਬਰਾਂ ਹੀ ਨਾ ਹੋਣ। ਕਿਸੇ ਵੀ ਕਾਂਗਰਸੀ ਸਿੱਖ ਨੇ ਆਪਣੇ ਅਹੁਦੇ ਤੋਂ ਇਸ ਦੇ ਰੋਸ ਵਜੋਂ ਅਸਤੀਫਾ ਨਹੀਂ ਦਿੱਤਾ ਅਤੇ ਨਾ ਹੀ ਕੋਈ ਅਵਾਜ਼ ਉਠਾਈ। ਇੰਦਰਾ ਗਾਂਧੀ ਨੂੰ ਯਕੀਨ ਹੋ ਗਿਆ ਕਿ ਕਾਂਗਰਸੀ ਸਿੱਖ ਪੂਰੀ ਤਰ੍ਹਾਂ ਉਸ ਦੇ ਅਧੀਨ ਹਨ ਅਤੇ ਕੋਈ ਵੀ ਇੰਦਰਾ ਦੁਆਰਾ ਅਕਾਲੀਆਂ ਅਤੇ ਸਿੱਖਾਂ ਉਤੇ ਕੀਤੇ ਗਏ ਕਿਸੇ ਵੀ ਹਮਲੇ ਜਾਂ ਜ਼ੁਲਮ ਦੇ ਰੋਸ ਵਜੋਂ ਉਂਗਲ ਨਹੀਂ ਚੁੱਕੇਗਾ। ਫਰਵਰੀ ੧੯੮੩ ਵਿਚ ਗੁਰਦੁਆਰਾ ਬੰਗਲਾ ਸਾਹਿਬ (ਦਿੱਲੀ) ਵਿਖੇ ਇੰਦਰਾ ਗਾਂਧੀ ਨੇ ਕੇਵਲ ਤਿੰਨ ਧਾਰਮਿਕ ਮੰਗਾਂ ਛੱਡ ਕੇ ਬਾਕੀ ਸਾਰੀਆਂ ਮੰਗਾਂ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ। ਇਹ ਤਿੰਨ ਮੰਗਾਂ ਸਨ: ਅੰਮ੍ਰਿਤਸਰ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਦੇਣਾ, ਜਹਾਜ਼ ਵਿਚ ਸਿੱਖਾਂ ਨੂੰ ੪ ਇੰਚ ਦੀ ਕਿਰਪਾਨ ਨਾਲ ਸਫਰ ਕਰਨ ਦੀ ਆਗਿਆ ਦੇਣੀ ਅਤੇ ਜਲੰਧਰ ਰੇਡੀਓ ਸਟੇਸ਼ਨ ਵਲੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ। ਮਿਤੀ ੦੧.੦੪.੧੯੮੩ ਨੂੰ ਸਿੱਖਾਂ ਨੇ ਸ਼ਾਂਤਮਈ ਢੰਗ ਨਾਲ ਰਸਤਾ ਰੋਕੋ ਮੋਰਚੇ ਦਾ ਅਰੰਭ ਕੀਤਾ, ਪਰੰਤੂ ਪ੍ਰਦਰਸ਼ਨਕਾਰੀਆਂ ਉੱਤੇ ਪੁਲਿਸ ਨੇ ਬਿਨਾਂ ਕਿਸੇ ਚੇਤਾਵਨੀ ਦੇ ਅੰਧਾ-ਧੁੰਧ ਗੋਲੀਬਾਰੀ ਕੀਤੀ। ਵਿਰੋਧੀ ਧਿਰ ਦੀ ਇਕ ਟੀਮ ਨੇ, ਜਿਸ ਵਿਚ ਕਿ ਭਾਜਪਾਈ ਏ.ਬੀ. ਵਾਜਪਾਈ ਤੇ ਕਾਮਰੇਡ ਹਰਿਕ੍ਰਿਸ਼ਨ ਸੁਰਜੀਤ ਵੀ ਸ਼ਾਮਿਲ ਸਨ, ਆਪਣੀ ਰਿਪੋਰਟ ਵਿਚ ਇਸ ਘਟਨਾ ਨੂੰ ਬਹੁਤ ਮੰਦਭਾਗੀ ਦੱਸਿਆ ਅਤੇ ਕਿਹਾ ਕਿ ਇਹ ਪੁਲਿਸ ਦੁਆਰਾ ਕੁਪ ਕਲਾਂ ਅਤੇ ਮਲੇਰਕੋਟਲੇ ਵਿਖੇ ਬਹੁਤ ਹੀ ਦਿਲ ਨੂੰ ਕੰਬਾਉਣ ਵਾਲੀਆਂ ਵਧੀਕੀਆਂ ਕੀਤੀਆਂ ਗਈਆਂ ਹਨ।[੧]

ਇਸੇ ਲੜੀ ਵਿਚ ਸੰਤ ਲੌਂਗੋਵਾਲ ਦੇ ਕਹਿਣ ਉਤੇ ੦੮.੦੨.੧੯੮੪ ਨੂੰ ਪੂਰਾ ਪੰਜਾਬ ਬੰਦ ਰਿਹਾ। ਉਧਰੋਂ ਹਿੰਦੂ ਸੁਰੱਕਸ਼ਾ ਸਮਿਤੀ ਨੇ ਵੀ ੧੪.੦੨.੧੯੮੪ ਨੂੰ

ਪੰਜਾਬ ਬੰਦ ਦਾ ਐਲਾਨ ਕਰ ਦਿੱਤਾ। ਸਿੱਟੇ ਵਜੋਂ ਸਿੱਖਾਂ ਵਿਰੁੱਧ ਬਹੁਤ ਹੀ ਵੱਡੇ ਪੱਧਰ ਉਤੇ ਖ਼ੂਨ ਖਰਾਬਾ ਹੋਇਆ। ਸਾਰੇ ਹਿਮਾਚਲ, ਹਰਿਆਣਾ ਅਤੇ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਦੀ ਬੇਅਦਬੀ ਕੀਤੀ ਗਈ। ਬਦਮਾਸ਼ਾਂ ਨੇ ਇਕੱਲੇ ਸ੍ਰੀ ਅੰਮ੍ਰਿਤਸਰ ਵਿਚ ੫੯ ਥਾਵਾਂ ਉੱਤੇ ਸਿੱਖਾਂ ਉੱਪਰ ਹਮਲਾ ਕੀਤਾ। ਬਦਮਾਸ਼ਾਂ ਦੇ ਇਕ ਇਕੱਠ, ਜਿਸ ਦੀ ਅਗਵਾਈ ਸਾਬਕਾ ਬੀ.ਜੇ.ਪੀ. ਐਮ.ਐਲ.ਏ. ਕੇਵਲ ਕ੍ਰਿਸ਼ਨ ਕਰ ਰਿਹਾ ਸੀ, ਨੇ ਰੇਲਵੇ ਸਟੇਸ਼ਨ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਨੂੰ ਲੱਤ ਮਾਰ ਕੇ ਤੋੜ ਦਿੱਤਾ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਜੋ ਸਟੇਸ਼ਨ ਉੱਤੇ ਲਗੀ ਹੋਈ ਸੀ, ਉਤੇ ਸਿਗਰਟਾਂ ਲਗਾ ਕੇ ਆਪਣੀ ਮਾੜੀ ਸੋਚ ਦਾ ਪ੍ਰਗਟਾਵਾ ਕੀਤਾ।

੩ ਜੂਨ, ੧੯੮੪ ਈ. ਨੂੰ ਸਾਰੇ ਪੰਜਾਬ ਅੰਦਰ ਕਰਫਿਊ ਲਗਾ ਦਿੱਤਾ ਗਿਆ। ਹਿੰਦੁਸਤਾਨ ਦੇ ਇਤਿਹਾਸ ਵਿਚ ਤਾਂ ਕੀ, ਇਹ ਸ਼ਾਇਦ ਸਾਰੇ ਏਸ਼ੀਆ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ ਕਿ ੫੦,੦੦੦ ਵਰਗ ਕਿਲੋਮੀਟਰ ਤੋਂ ਵੱਧ ਖੇਤਰ ਵਿਚ ਕਰਫਿਊ ਲਗਾਇਆ ਗਿਆ ਹੋਵੇ। ਇਸ ਕਰਫਿਊ ਦੌਰਾਨ ਸਾਰੇ ਪੰਜਾਬ ਵਿਚ ਸੜਕਾਂ ਉਤੇ ਹਰ ਤਰ੍ਹਾਂ ਦੀ ਆਵਾਜਾਈ ਉੱਤੇ ਪਾਬੰਦੀ ਲਗਾ ਦਿੱਤੀ ਗਈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੰਨੇ ਵੱਡੇ ਇਲਾਕੇ ਵਿਚ ਅਜਿਹਾ ਕਰਫਿਊ ਭਾਰਤ-ਪਾਕਿ ਅਤੇ ਭਾਰਤ-ਚੀਨ ਜੰਗਾਂ ਵੇਲੇ ਵੀ ਨਹੀਂ ਸੀ ਲਗਾਇਆ ਗਿਆ। ਇੰਨੇ ਵੱਡੇ ਖੇਤਰ ਵਿਚ ਕਰਫਿਊ ਲਗਾਉਣਾ ਕਿਸੇ ਪਹਿਲਾਂ ਮਿੱਥੀ ਸਾਜ਼ਿਸ਼ ਅਧੀਨ ਹੀ ਸੀ।

ਧਰਮ ਯੁੱਧ ਮੋਰਚੇ ਨੂੰ ਖਤਮ ਕਰਨ ਲਈ ਸਮੇਂ ਦੀ ਸਰਕਾਰ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਮੁਖੀ, ਦਮਦਮੀ ਟਕਸਾਲ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਥਿਤ ਅਤਿਵਾਦੀਆਂ ਦਾ ਮੁਖੀ ਗਰਦਾਨਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ੩ ਜੂਨ, ੧੯੮੪ ਈ. ਨੂੰ ਹਿੰਦੁਸਤਾਨੀ ਫੌਜ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਉਤੇ ਇਹ ਕਹਿ ਕੇ ਹਮਲਾ ਕਰਵਾ ਦਿੱਤਾ ਕਿ ਦਰਬਾਰ ਸਾਹਿਬ ਅੰਦਰ ਅਤਿਵਾਦੀ ਲੁਕੇ ਹੋਏ ਹਨ। ਉਸ ਦਿਨ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ। ਇਸ ਦਿਹਾੜੇ ਨੂੰ ਮੁੱਖ ਰੱਖ ਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਉਥੇ ਮੌਜੂਦ ਸੀ। ਸ੍ਰੀ ਦਰਬਾਰ ਸਾਹਿਬ ਦੇ ਅੰਦਰ ਮੌਜੂਦ ਸੰਗਤ ਨੂੰ ਫੌਜ ਨੇ ਕਿਸੇ ਵੀ ਤਰ੍ਹਾਂ ਦੀ ਕੋਈ ਚੇਤਾਵਨੀ ਦਿਤੇ ਬਿਨਾਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਸੈਂਕੜੇ ਬੇਕਸੂਰ ਸ਼ਰਧਾਲੂ ਸਿੱਖ ਸ਼ਹੀਦ ਕਰ ਦਿੱਤੇ ਗਏ।

ਲਗਾਤਾਰ ਤਿੰਨ ਦਿਨ ਇਹ ਗੋਲਾਬਾਰੀ ਜਾਰੀ ਰਹੀ, ਜਿਸ ਦੇ ਸਿੱਟੇ ਵਜੋਂ ਜੋ ਜਾਨੀ, ਮਾਲੀ, ਧਾਰਮਿਕ, ਸਭਿਆਚਾਰਕ ਤੇ ਇਤਿਹਾਸਿਕ ਨੁਕਸਾਨ ਹੋਇਆ ਅਤੇ ਜੋ ਬੇਅਦਬੀ ਸਿੱਖਾਂ ਦੇ ਮਹਾਨ ਕੇਂਦਰ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੋਈ, ਕਹਿਣੀ ਕਥਨੀ ਤੋਂ ਬਾਹਰ ਹੈ। ਇੱਥੇ ਹੀ

ਬਸ ਨਹੀਂ, ਵੈਰੀਆਂ ਨੇ ਸਿੱਖਾਂ ਦੇ ਪਿਛਲੇ ੪੦੦ ਸਾਲ ਦਾ ਸੰਭਾਲਿਆ ਖ਼ਜਾਨਾ ਹੱਥ-ਲਿਖਤ ਖਰੜੇ ਤੇ ਹੋਰ ਅਨਮੋਲ ਵਸਤਾਂ ਨੂੰ ਅਗਨ ਭੇਟ ਕਰਕੇ ਆਪਣੀ ਸੌੜੀ ਤੇ ਫਿਰਕੂ ਸੋਚ ਦਾ ਪੁਖਤਾ ਸਬੂਤ ਦਿੱਤਾ। ਇਸ ਤੋਂ ਇਲਾਵਾ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚਲੀਆਂ ਦੁਰਲੱਭ ਪੁਸਤਕਾਂ ਫੌਜ ਨੇ ਚੁੱਕ ਕੇ ਕਿਸੇ ਅਗਿਆਤ ਸਥਾਨ ਉੱਤੇ ਪਹੁੰਚਾ ਦਿੱਤੀਆਂ।

ਅਸਲ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਅਖਤਿਆਰ ਕੀਤੀ ਗਈ ਨੀਤੀ ਸਦਕਾ ਸਾਕਾ ਨੀਲਾ ਤਾਰਾ ਦਾ ਮੁੱਖ ਮੰਤਵ ਸਿੱਖਾਂ ਦਾ ਸਮੂਹਿਕ ਕਤਲ-ਏ-ਆਮ (genocide) ਕਰਨਾ ਸੀ। ਇੰਦਰਾ ਨੇ ਭਾਰਤੀ ਸਰਹੱਦਾਂ ਉਤੇ ਗੋਲੀ ਬਾਰੂਦ ਇਕੱਠਾ ਕਰਵਾਇਆ ਤਾਂ ਜੋ ਪਾਕਿਸਤਾਨ ਉਤੇ ਹਮਲਾ ਕਰਨ ਦੇ ਚੱਕਰ ਵਿਚ ਸਿੱਖ ਵਸੋਂ ਵਾਲੇ ਸਾਰੇ ਸਰਹੱਦੀ ਪਿੰਡ ਤੇ ਸ਼ਹਿਰ ਵੀ ਤਬਾਹ ਹੋ ਜਾਣ। ਭਾਰਤੀ ਫੌਜਾਂ ਨੇ ੩ ਜੂਨ ਨੂੰ ਹੀ ਉਸੇ ਸਮੇਂ ਪੰਜਾਬ ਅੰਦਰ ੪੦ ਹੋਰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਉਤੇ ਹਮਲਾ ਕੀਤਾ, ਜਿਸ ਤੋਂ ਕਿ ਸਰਕਾਰ ਦੇ ਖ਼ਤਰਨਾਕ ਮਨਸੂਬਿਆਂ ਬਾਰੇ ਸਾਫ ਪਤਾ ਚਲਦਾ ਹੈ।

ਸੰਤ ਜਰਨੈਲ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਬੜੀ ਬਹਾਦਰੀ ਨਾਲ ਸੈਨਾ ਦਾ ਮੁਕਾਬਲਾ ਕੀਤਾ, ਜਿਸ ਵਿਚ ਸੈਨਾ ਦਾ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋਇਆ। ਦੋ ਦਿਨ ਲਗਾਤਾਰ ਭਾਰਤੀ ਫੌਜ ਨੇ ਗੋਲਾਬਾਰੀ ਕੀਤੀ ਤੇ ਸੋਚਿਆ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀ ਡਰ ਕੇ ਆਤਮ-ਸਮਰਪਣ ਕਰ ਦੇਣਗੇ। ਪਰੰਤੂ ਭਾਰਤੀ ਫੌਜ ਦੇ ਇਹ ਮਨਸੂਬੇ ਪੂਰੇ ਨਾ ਹੋ ਸਕੇ, ਬਲਕਿ ੬ ਜੂਨ ਨੂੰ ਭਾਰਤੀ ਫੌਜ ਵੱਲੋਂ ਟੈਂਕ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਵੀ ਦਾਖਲ ਕੀਤੇ ਗਏ। ੭ ਜੂਨ ਨੂੰ ਸ਼ਾਮ ਦੀਆਂ ਖ਼ਬਰਾਂ ਵਿਚ ਭਾਰਤੀ ਫੌਜ ਦੇ ਇਕ ਅਫਸਰ (ਲੈਫ. ਕਰਨਲ ਇਸਰਾਰ ਅਹਿਮਦ) ਨੇ ਬਿਆਨ ਦਿੱਤਾ ਕਿ ਉਹ ਸਾਰੇ (ਸਿੰਘ) ਲੜਦੇ ਹੋਏ ਮਾਰੇ ਗਏ ਅਤੇ ਕਿਸੇ ਇਕ ਨੇ ਵੀ ਹਥਿਆਰਾਂ ਨਾਲ ਆਤਮ-ਸਮਰਪਣ ਨਹੀਂ ਕੀਤਾ।

ਜਰਨਲ ਕੇ.ਐਸ.ਬਰਾੜ, ਜਿਸ ਨੂੰ ਕਿ ਫੌਜ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਸੀ, ਨੂੰ ਇਸ ਗੱਲ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਾਰੇ ਸਿੱਖ ਦੋ ਘੰਟਿਆਂ ਵਿਚ ਹੀ ਆਤਮ-ਸਮਰਪਣ ਕਰ ਦੇਣਗੇ। ਇਹ ਵਿਚਾਰ ਉਸ ਨੇ ੩ ਜੂਨ ਨੂੰ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਗੁਰਦੇਵ ਸਿੰਘ ਨਾਲ ਇਕ ਖਾਸ ਮੁਲਾਕਾਤ ਸਮੇਂ ਪੇਸ਼ ਕੀਤੇ। ਜਦੋਂ ਸ. ਗੁਰਦੇਵ ਸਿੰਘ ਨੇ ਪੂਰਨ ਵਿਸ਼ਵਾਸ ਨਾਲ ਇਹ ਕਿਹਾ ਕਿ ਸੰਤ ਭਿੰਡਰਾਂਵਾਲੇ ਆਤਮ-ਸਮਰਪਣ ਨਹੀਂ ਕਰਨਗੇ ਤਾਂ ਅੱਗੋਂ ਜਰਨਲ ਬਰਾੜ ਨੇ ਬੜੇ ਹੰਕਾਰ ਨਾਲ ਜਵਾਬ ਦਿੱਤਾ ਕਿ ਚਲਦੇ ਟੈਂਕਾਂ, ਕੂਕਦੇ ਜਹਾਜ਼ਾਂ ਅਤੇ ਚਲਦੀਆਂ ਗੋਲੀਆਂ ਦੀਆਂ ਅਵਾਜ਼ਾਂ ਬਹਾਦਰ ਤੋਂ ਬਹਾਦਰ ਕਮਾਂਡਰਾਂ ਨੂੰ ਡਰ ਨਾਲ ਕੰਬਣ ਲਾ ਦਿੰਦੀਆਂ ਹਨ। ਉਹ ਉਨ੍ਹਾਂ ਨੂੰ ਬੜੀ ਅਸਾਨੀ ਨਾਲ ਫੜ ਲੈਣਗੇ। ਡਿਪਟੀ ਕਮਿਸ਼ਨਰ

ਸ. ਗੁਰਦੇਵ ਸਿੰਘ ਨੇ ਸਰਕਾਰ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਕਿ ਲੋਕ ਸਰਕਾਰ ਦੀਆਂ ਹੋਰ ਵਧੀਕੀਆਂ ਨੂੰ ਸਮੇਂ ਦੇ ਬੀਤਣ ਨਾਲ ਭੁਲ ਸਕਦੇ ਹਨ, ਪਰੰਤੂ ਸ੍ਰੀ ਦਰਬਾਰ ਸਾਹਿਬ ਉੱਪਰ ਕੀਤਾ ਹਮਲਾ ਲੋਕਾਂ ਦੀ ਚੇਤੰਨਤਾ ਵਿਚ ਸਦੀਆਂ ਬੱਧੀ ਵੱਸਿਆ ਰਹੇਗਾ।[੨]

ਸਰਕਾਰ ਅਤੇ ਫੌਜ ਦੁਆਰਾ ਲਗਾਏ ਗਏ ਸਾਰੇ ਹਿਸਾਬ-ਕਿਤਾਬ ਗ਼ਲਤ ਸਾਬਤ ਹੋਏ ਅਤੇ ਤਿੰਨ ਦਿਨਾਂ ਦੀ ਲਗਾਤਾਰ ਗੋਲੀ-ਬਾਰੀ ਵਿਚ ਭਾਰਤੀ ਫੌਜ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ। ਰਾਜੀਵ ਗਾਂਧੀ ਨੇ ਬਾਅਦ ਵਿਚ ਆਪਣੇ ਇਕ ਭਾਸ਼ਣ ਵਿਚ ਇਨ੍ਹਾਂ ਮਾਰੇ ਗਏ ਸੈਨਿਕਾਂ ਦੀ ਗਿਣਤੀ ੭੦੦ ਦੱਸੀ ਸੀ। ਇਸ ਹਮਲੇ ਤੋਂ ਇਕ ਦਮ ਬਾਅਦ ਫੌਜੀ ਪ੍ਰਬੰਧਕਾਂ ਨੇ ਇਹ ਸ਼ਿਕਾਇਤ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਸੰਤਾਂ ਵੱਲੋਂ ਤਿਆਰੀਆਂ ਦਾ ਵੇਰਵਾ ਸੰਬੰਧਿਤ ਪ੍ਰਬੰਧਕੀ ਢਾਂਚੇ ਨੇ ਪੂਰੀ ਤਰ੍ਹਾਂ ਨਹੀਂ ਦਿੱਤਾ ਸੀ।

੩੧ ਜੁਲਾਈ, ੧੯੮੪ ਈ. ਦੇ 'ਇੰਡੀਆ ਟੂਡੇ' ਦੇ ਅੰਕ ਵਿਚ ਅਮਰੀਕ ਸਿੰਘ ਪੂਨੀ, ਗ੍ਰਹਿ ਸਕੱਤਰ, ਪੰਜਾਬ ਅਤੇ ਹੋਰ ਪੰਜਾਬ ਦੇ ਉਚ ਅਧਿਕਾਰੀਆਂ ਨੇ ਇਹ ਸਾਫ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਫੌਜ ਨੂੰ ਪੂਰੀ ਜਾਣਕਾਰੀ ਪ੍ਰਦਾਨ ਕੀਤੀ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਫੌਜੀ ਅਧਿਕਾਰੀ ਆਪਣੀ ਵੱਡੀ ਸ਼ਰਮਨਾਕ ਹਾਰ, ਨਾਕਾਮਯਾਬੀ ਤੇ ਨੁਕਸਾਨ ਉਤੇ ਪਰਦਾ ਪਾਉਣ ਲਈ ਬਹਾਨੇ ਘੜ੍ਹ ਰਹੇ ਹਨ। ਲੈਫ਼. ਜਨ. ਕੇ. ਐਸ. 'ਬਰਾੜ' ਆਪਣੀ ਕਿਤਾਬ ਵਿਚ ਲਿਖਦਾ ਹੈ ਕਿ :

> ਇਸ ਫੌਜੀ ਹਮਲੇ ਦਾ ਨਤੀਜਾ ਇਹ ਹੋਇਆ ਕਿ ਕੇਵਲ ਸਿੱਖਾਂ ਲਈ ਹੀ ਨਹੀਂ, ਬਲਕਿ ਉਨ੍ਹਾਂ ਲੋਕਾਂ ਲਈ ਵੀ ਜਿਹੜੇ ਕਿ ਸੰਤਾਂ ਨੂੰ ਘ੍ਰਿਣਾ ਕਰਦੇ ਸਨ 'ਤੇ ਉਨ੍ਹਾਂ ਦੀ ਨਿੰਦਾ ਕਰਦੇ ਸਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਰਾਤੋ-ਰਾਤ ਹੀਰੋ ਬਣ ਗਏ।[੩]

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਸੱਚਮੁਚ ਇਹ ਜੰਗ ਬੜੀ ਬਹਾਦਰੀ ਨਾਲ ਜਿੱਤੇ, ਕਿਉਂਕਿ ਉਨ੍ਹਾਂ ਨੇ ਆਤਮ ਸਮਰਪਣ ਨਹੀਂ ਕੀਤਾ, ਬਲਕਿ ਲੜਦੇ-ਲੜਦੇ ਸ਼ਹੀਦ ਹੋ ਗਏ। ਜਿਸ ਬਹਾਦਰੀ ਅਤੇ ਦਲੇਰੀ ਨਾਲ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਰਤੀ ਫੌਜ ਦਾ ਟਾਕਰਾ ਕੀਤਾ, ਉਸ ਜਜ਼ਬੇ ਨੇ ਅਠਾਰ੍ਹਵੀਂ ਸਦੀ ਦੇ ਸਿੱਖਾਂ ਵਾਲੀ ਸੂਰਬੀਰਤਾ ਮੁੜ ਸੁਰਜੀਤ ਕਰ ਦਿੱਤੀ ।

ਇਤਿਹਾਸਿਕ ਸੰਦਰਭ ਵਿਚ ਸਾਨੂੰ ਘੱਲੂਘਾਰਾ ਜੂਨ ੧੯੮੪ ਨੂੰ ਖਾਲਸਾ ਪੰਥ ਦੀ ਤੀਜੀ ਮਹਾਨ ਜਿੱਤ ਦੇ ਰੂਪ ਵਿਚ ਦੇਖਣਾ ਚਾਹੀਦਾ ਹੈ। ਬੇਸ਼ਕ ਇਸ ਘੱਲੂਘਾਰੇ ਦੇ ਰਲਵੇਂ-ਮਿਲਵੇਂ ਸਿੱਟੇ ਨਿਕਲੇ, ਪਰੰਤੂ ਫਿਰ ਵੀ ਇਕ ਵਿਸ਼ੇਸ਼ ਨਜ਼ਰੀਏ ਤੋਂ ਇਹ ਸਿੱਖ ਪੰਥ ਦੀ ਮਹਾਨ ਜਿੱਤ ਸੀ, ਜਿਸ ਉਤੇ ਸਿੱਖ ਵਿਰੋਧੀਆਂ ਨੇ ਜਾਣ-ਬੁਝ ਕੇ ਇਕ ਸਾਜ਼ਿਸ਼ ਅਧੀਨ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਮੀਡੀਆ ਦਾ ਵੀ

ਵਿਸ਼ੇਸ਼ ਯੋਗਦਾਨ ਰਿਹਾ। ਮੀਡੀਆ ਨੇ ਇਸ ਘੱਲੂਘਾਰੇ ਦੇ ਵੱਖੋ-ਵੱਖਰੇ ਪਹਿਲੂਆਂ ਨੂੰ ਤੋੜ-ਮਰੋੜ ਕੇ ਲੋਕਾਂ ਸਾਹਮਣੇ ਪੇਸ਼ ਕੀਤਾ, ਪਰੰਤੂ ਫਿਰ ਵੀ ਸੱਚ ਤਾਂ ਸੱਚ ਹੀ ਹੈ, ਜਿਸ ਨੂੰ ਕੋਈ ਝੁਠਲਾ ਨਹੀਂ ਸਕਦਾ। ਇੰਨਾ ਜ਼ਰੂਰ ਹੈ ਕਿ ਸਮੇਂ ਦੀਆਂ ਆਪਣੀਆਂ ਮਜ਼ਬੂਰੀਆਂ ਕਰਕੇ ਕੁਝ ਚਿਰ ਲਈ ਸੱਚ ਉੱਤੇ ਪਰਦਾ ਜ਼ਰੂਰ ਪਾਇਆ ਜਾ ਸਕਦਾ ਹੈ।

ਇਸ ਖ਼ੂਨ-ਭਿੱਜੇ ਇਤਿਹਾਸ ਬਾਰੇ ਅੱਜ ਦੀ ਨੌਜਵਾਨ ਪੀੜ੍ਹੀ ਬਿਲਕੁਲ ਅਣਜਾਣ ਹੈ। ਜੇਕਰ ਕੁਝ ਨੌਜਵਾਨ ਚੇਤੰਨ ਹੋਣਾ ਵੀ ਚਾਹੁਣ ਤਾਂ ਉਨ੍ਹਾਂ ਦਾ ਚੌਗਿਰਦਾ ਰੁੱਖੀ ਮਾਨਸਿਕਤਾ ਕਾਰਨ ਇਸ ਬਾਰੇ ਚੇਤੰਨ ਹੋਣ ਨਹੀਂ ਦਿੰਦਾ। ਦੋਸ਼ ਉਨ੍ਹਾਂ ਦਾ ਵੀ ਨਹੀਂ ਕਿਉਂਕਿ ਹਾਲਾਤ ਹੀ ਕੁਝ ਅਜਿਹੇ ਸਨ, ਜਿਨ੍ਹਾਂ ਨੇ ਲੋਕ-ਮਾਨਸਿਕਤਾ ਨੂੰ ਇੰਨਾ ਜ਼ਿਆਦਾ ਪ੍ਰਭਾਵਿਤ ਕੀਤਾ ਕਿ ਉਹ ਲੋਕ ਜਿਨ੍ਹਾਂ ਨੇ ਇਸ ਸੰਤਾਪ ਨੂੰ ਹੱਡੀਂ ਹੰਢਾਇਆ ਹੈ, ਉਸ ਸਮੇਂ ਨੂੰ ਚੇਤਾ ਤਕ ਨਹੀਂ ਕਰਨਾ ਚਾਹੁੰਦੇ।

ਅਸਲ ਵਿਚ ਸਾਕਾ ਨੀਲਾ ਤਾਰਾ ਨੂੰ ਬਹੁਤੇ ਸਿੱਖ ਚਿੰਤਕਾਂ ਨੇ ਪਿਛਲੇ ਇਤਿਹਾਸ ਨਾਲ ਜੋੜ ਕੇ ਨਹੀਂ ਵੇਖਿਆ। ਸਾਡਾ ਗੌਰਵਮਈ ਇਤਿਹਾਸ ਤਾਂ ਭਰਿਆ ਹੀ ਐਸੀਆਂ ਮਿਸਾਲਾਂ ਨਾਲ ਹੈ, ਜਿੱਥੇ ਸਿੱਖ ਕੁਝ ਗਿਣਤੀ ਮਾਤਰ ਸਨ ਤੇ ਵੈਰੀਆਂ ਦੀ ਤਾਦਾਦ ਦਾ ਕੋਈ ਅੰਦਾਜ਼ਾ ਨਹੀਂ ਸੀ। ਉਹ ਫਿਰ ਚਾਹੇ ਚਮਕੌਰ ਦੀ ਗੜ੍ਹੀ ਹੋਵੇ ਜਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਜੰਗ-ਏ-ਮੈਦਾਨ। ਸਾਕਾ ਨੀਲਾ ਤਾਰਾ ਦੌਰਾਨ ਵੀ ਸੰਤ ਜਰਨੈਲ ਸਿੰਘ ਨਾਲ ਕੁਝ ਕੁ ਸਿੰਘ ਸਨ ਪਰ ਫਿਰ ਵੀ ਉਨ੍ਹਾਂ ਨੇ ਇਹ ਜੰਗ ਲੜੀ, ਤੇ ਜਿੱਤੀ ਵੀ। ਇਸ ਘਟਨਾਕ੍ਰਮ ਦੀ ਵਿਆਖਿਆ ਇਸ ਤਰ੍ਹਾਂ ਨਹੀਂ ਕਰਨੀ ਚਾਹੀਦੀ ਕਿ ਸਿੱਖਾਂ ਨਾਲ ਧੱਕਾ ਹੋਇਆ। ਸਿੱਖਾਂ ਨੂੰ ਤਾਂ ਜੰਗਾਂ ਯੁੱਧਾਂ ਦੀ 'ਦਾਤਿ' ਵਿਰਸੇ ਵਿੱਚੋਂ ਹੀ ਮਿਲੀ ਹੈ। ਅਸਲ ਵਿਚ ਸਾਕਾ ਨੀਲਾ ਤਾਰਾ ਸਿੱਖਾਂ ਦੀ ਇਕ ਵੱਡੀ ਜਿੱਤ ਸੀ, ਜਿਸ ਨੂੰ ਕਿ ਅਸੀਂ ਸਹੀ ਢੰਗ ਨਾਲ ਪ੍ਰਚਾਰ ਨਹੀਂ ਸਕੇ।

ਅਫਸੋਸ ਇਸ ਗੱਲ ਦਾ ਹੈ ਕਿ ਇਸ ਸਮੁੱਚੀ ਜੰਗ ਨੂੰ ਕੇਵਲ ਨੁਕਸਾਨ ਦੇ ਰੂਪ ਵਿਚ ਹੀ ਪ੍ਰਗਟ ਕੀਤਾ ਜਾ ਰਿਹਾ ਹੈ। ਬਹੁਤੇ ਲੋਕਾਂ ਦਾ ਇਹ ਕਹਿਣਾ ਹੈ ਕਿ ਇਸ ਹਥਿਆਰਬੰਦ ਲੜਾਈ ਵਿਚ ਸਿਰਫ ਜਵਾਨੀ ਦਾ ਘਾਤ ਹੀ ਹੋਇਆ ਹੈ, ਇੰਨਾ ਜ਼ਿਆਦਾ ਨੁਕਸਾਨ ਹੋਣ ਦੇ ਬਾਵਜੂਦ ਸਿੱਖਾਂ ਨੇ ਕੀ ਖਟਿਐ? ਉਨ੍ਹਾਂ ਭੋਲੇ ਲੋਕਾਂ ਨੂੰ ਇਹ ਨਹੀਂ ਸਮਝ ਕਿ ਇਸ ਹਥਿਆਰਬੰਦ ਲੜਾਈ ਦਾ ਇਕ ਵੱਡਾ ਲਾਭ ਸਿੱਖਾਂ ਦੀ ਅੰਤਰਰਾਸ਼ਟਰੀ ਪਧਰ 'ਤੇ ਪਹਿਚਾਣ ਬਣਨਾ ਹੈ।

ਹਵਾਲੇ

੧. ਟ੍ਰਿਬਿਊਨ ਅਪ੍ਰੈਲ ੧੦, ਇੰਡੀਆ ਟੂਡੇ ਅਪ੍ਰੈਲ ੩੦, ੧੯੮੩.

੨. Ram Narayan Kumar, *The Sikh Unrest and the Indian State,* 1997, P-180-83.

੩. *Operation Blue Star : The True Story,* P-127.

# ਭਾਈ ਇੰਦਰ ਸਿੰਘ ਜੀ ਸ਼ਹੀਦ

*-ਸ. ਮੋਹਨ ਸਿੰਘ ਉਰਲਾਣਾ**

ਲੇਖ 'ਭਾਈ ਇੰਦਰ ਸਿੰਘ ਜੀ ਸ਼ਹੀਦ' ਲੇਖਕ ਸ. ਮੋਹਨ ਸਿੰਘ ਉਰਲਾਣਾ ਨੇ ਆਪਣੇ ਪਿਤਾ ਜੀ ਦੇ ਜੀਵਨ ਬਾਰੇ ਲਿਖਿਆ ਹੈ।

*-ਸੰਪਾਦਕ*

ਸ੍ਰੀ ਗੁਰੂ ਨਾਨਕ ਦੇ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਜਿੱਥੇ ਸਤਿਗੁਰੂ ਜੀ ਨੇ ਰੋੜਾਂ 'ਤੇ ਬਿਰਾਜਮਾਨ ਹੋ ਕੇ ਤਪੱਸਿਆ ਕੀਤੀ ਸੀ, ਸਿੱਖਾਂ ਵੱਲੋਂ ਉੱਥੇ ਗੁਰਦੁਆਰਾ ਰੋੜੀ ਸਾਹਿਬ ਬਣਵਾਇਆ ਗਿਆ, ਜਿੱਥੇ ਹਰ ਪੂਰਨਮਾਸ਼ੀ ਦੇ ਦਿਹਾੜੇ ਸੰਗਤ ਦਾ ਭਾਰੀ ਜੋੜ-ਮੇਲਾ ਹੁੰਦਾ। ਉਸ ਦੇ ਨਾਲ ਲੱਗਦਾ ਪਿੰਡ ਲੱਧੇਵਾਲਾ ਗੁਰਾਇਆ ਵਿਖੇ ਸੰਨ ੧੯੨੨ ਦੇ ਨੇੜੇ-ਤੇੜੇ ਚੇਤ ਸਿੰਘ ਜੀ "ਭਾਈ" ਦੀ ਧਰਮ ਪਤਨੀ ਬੀਬੀ ਧਰਮ ਕੌਰ ਜੀ ਦੀ ਦੂਜੀ ਸੰਤਾਨ ਦਾ ਜਨਮ ਹੋਇਆ ਜਿਸ ਦਾ ਨਾਮ ਇੰਦਰ ਸਿੰਘ ਰੱਖਿਆ ਗਿਆ। ਇਹ ਪਿੰਡ ਗੁਜਰਾਂਵਾਲੇ ਜ਼ਿਲ੍ਹੇ ਦੀ ਤਹਿਸੀਲ ਸੈਦਪੁਰ/ਏਮਨਾਬਾਦ ਦਾ ਸੀ।

ਤਕਰੀਬਨ ਸੰਨ ੧੯੪੩ ਈ. ਨੂੰ ਆਪ ਜੀ ਦਾ ਵਿਆਹ ਗੁਰਦਾਸਪੁਰ/ਸਿਆਲਕੋਟ ਅੰਦਰਲੇ ਪਿੰਡ ਬੂੜੇ ਡੱਲੇ ਦੀ ਜੰਮਪਲ ਬੀਬੀ ਸੁਰਜੀਤ ਕੌਰ ਜੀ (ਸਰਦਾਰ ਤੇਜਾ ਸਿੰਘ ਜੀ ਤੇ ਬੀਬੀ ਇੰਦਰ ਕੌਰ ਜੀ ਦੀ ਧੀ) ਨਾਲ ਹੋਇਆ। ਤਕਰੀਬਨ ਸੰਨ ੧੯੪੪ ਵਿਚ ਆਪ ਜੀ ਦੇ ਗ੍ਰਹਿ ਜਨਮੇ ਬਾਲ ਦਾ ਨਾਂ ਕਰਨੈਲ ਸਿੰਘ ਰੱਖਿਆ। ੧੫ ਅਗਸਤ, ੧੯੪੭ ਈ. ਭਾਰਤ ਦੀ ਵੰਡ ਹੋਣ 'ਤੇ ਪਾਕਿਸਤਾਨ ਨਾਂ ਦਾ ਦੇਸ਼ ਹੋਂਦ ਵਿਚ ਆਇਆ। ਇਹ ਪਿੰਡ ਨਵੇਂ ਬਣੇ ਦੇਸ਼ ਵਿਚ ਆਉਣ ਕਰਕੇ ਆਪ ਜੀ ਦਾ ਪਰਵਾਰ ਕਾਫਲੇ ਵਿਚ ਸ਼ਾਮਲ ਹੋ ਕੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੋਇਆ ਸ੍ਰੀ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿਚ ਪਹੁੰਚਿਆ। ਏਥੇ ਆਪ ਜੀ ਛੇ ਮਹੀਨੇ ਰਹੇ।

ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕੋਟ ਈਸੇ ਖਾਂ ਦੇ ਨਾਲ ਪੈਂਦੇ ਮਸੀਤੀਂ ਨਗਰ ਵਿਚ ਚਲੇ ਗਏ ਤੇ ਪੁੱਤਰ ਕੈਲੇ ਦੀ ਮੌਤ ਉਪਰੰਤ ਏਸ ਪਿੰਡੋਂ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਸੁਨਾਮ ਦੇ ਪਿੰਡ ਤੋਲਾਵਾਲ ਜਾ ਵੱਸੇ। ਸੰਨ ੧੯੬੬ ਈ. ਵਿਚ ਆਪਣੀ ਜ਼ਮੀਨ ਵੇਚ ਕੇ ਨਵੇਂ ਬਣੇ ਸੂਬੇ ਹਰਿਆਣੇ ਦੇ ਜ਼ਿਲ੍ਹੇ ਕਰਨਾਲ/ਪਾਨੀਪਤ ਦੇ ਪਿੰਡ ਛੋਟੇ ਉਰਲਾਣੇ

*#ਐਲ ੬/੯੦੫, ਗਲੀ ਨੰ:੩/੪ ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੬; ਮੋ: +੯੧੯੭੭੯੬੦੮੦੫੦

ਚਲੇ ਗਏ ਜਿੱਥੇ ਆਪ ਜੀ ਸੰਨ ੧੯੭੪ ਈ. ਤਕ ਰਹੇ। ਇਸ ਤੋਂ ਮਗਰੋਂ ਆਪ ਜੀ ਪਠਾਨਕੋਟ ਦੇ ਨਜ਼ਦੀਕ ਰਾਵੀ ਦਰਿਆ ਕੰਢੇ ਵੱਸੇ ਪਿੰਡ ਕਥਲੌਰ ਵਿਚ ਆ ਗਏ, ਇੱਥੇ ਆਪ ਜੀ ਆਪਣੇ ਸਹੁਰਾ ਸਾਹਿਬ ਦੀ ਜ਼ਮੀਨ 'ਤੇ ਖੇਤੀ ਕਰਨ ਲੱਗ ਪਏ।

ਸੰਨ ੧੯੭੭ ਈ. ਵਿਚ ਆਪ ਜੀ ਸੰਤ ਜਰਨੈਲ ਸਿੰਘ ਜੀ ਖਾਲਸਾ ਪਾਸ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਵਿਖੇ ਆ ਗਏ ਅਤੇ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸਿੰਘ ਸਜ ਗਏ। ਸੰਤਾਂ ਨੇ ਆਪ ਜੀ ਨੂੰ ਜਥੇ ਦੇ ਲੰਗਰ ਤਿਆਰ ਕਰਨ ਦੀ ਸੇਵਾ ਸੰਭਾਲ ਦਿੱਤੀ ਜਿਸ ਨੂੰ ਆਪ ਜੀ ਪੂਰੀ ਤਨਦੇਹੀ ਨਾਲ ਕਰਨ ਲੱਗ ਪਏ। ਆਪ ਜੀ ਦਾ ਆਸਣ/ਮੰਜਾ ਬਿਸਤਰਾ ਬਾਬਾ ਠਾਕੁਰ ਸਿੰਘ ਜੀ ਦੇ ਨਾਲ ਹੁੰਦਾ ਕਿਉਂਕਿ ਬਾਬਾ ਜੀ ਲੰਗਰ ਦੇ ਇੰਚਾਰਜ ਸਨ। ਜਦੋਂ ਦੋ ਵਜੇ ਬਾਬਾ ਜੀ ਉੱਠਦੇ ਤਾਂ ਆਪ ਜੀ ਵੀ ਓਸੇ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਲੰਗਰ ਦੀ ਸੇਵਾ ਵਿਚ ਲੱਗ ਜਾਂਦੇ। ਇਸ ਦੇ ਨਾਲ ਹੀ ਆਪ ਮੂਲ ਮੰਤ੍ਰ ਤੇ ਗੁਰਮੰਤ੍ਰ ਦਾ ਜਾਪ ਕਰਦੇ ਰਹਿੰਦੇ।

੧੩ ਅਪ੍ਰੈਲ, ੧੯੭੮ ਈ. ਨੂੰ ਵੈਸਾਖੀ ਵਾਲੇ ਦਿਨ ਨਿਰੰਕਾਰੀ ਗੁਰਬਚਨ ਸਿੰਹੁ ਨੇ ਰੇਲਵੇ ਕਲੋਨੀ, ਬੀ ਬਲਾਕ, ਸ੍ਰੀ ਅੰਮ੍ਰਿਤਸਰ ਵਿਖੇ ਆਪਣਾ ਗੁਰੂ ਡੰਮ ਰਚਾਇਆ। ਸ਼ਾਂਤਮਈ ਰੋਸ ਕਰਨ ਗਏ ਭਿੰਡਰਾਂ ਵਾਲੇ ਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਉੱਪਰ ਗੋਲੀਆਂ ਦਾ ਮੀਂਹ ਵਰ੍ਹਾ ਕੇ ਤੇਰ੍ਹਾਂ ਸਿੰਘ ਸ਼ਹੀਦ ਅਤੇ ਅਨੇਕਾਂ ਜ਼ਖ਼ਮੀ ਕਰ ਦਿੱਤੇ। ਆਪ ਜੀ ਨੇ ਭੂਰਿਆਂ ਵਾਲੇ ਭਾਈ ਗੁਰਮੁਖ ਸਿੰਘ ਜੀ ਗੜਵਈ ਦੇ ਪਿਤਾ ਬਾਬਾ ਹਰਨਾਮ ਸਿੰਘ ਜੀ ਜੋ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਸਨ ਅਤੇ ਜਿਨ੍ਹਾਂ ਦੇ ਦੋਵੇਂ ਹੱਥ ਤਕਰੀਬਨ ਨਕਾਰਾ ਹੋ ਗਏ ਸਨ; ਦੀ ਸਰੀਰਿਕ ਕਿਰਿਆ ਦੀ ਸੇਵਾ-ਸੰਭਾਲ ਉਨ੍ਹਾਂ ਦੇ ਠੀਕ ਹੋਣ ਤਕ ਕੀਤੀ।

੯ ਸਤੰਬਰ ੧੯੮੧ ਈ. ਨੂੰ ਹਿੰਦ ਸਮਾਚਾਰ ਦੇ ਸੰਪਾਦਕ ਲਾਲਾ ਜਗਤ ਨਾਰਾਇਣ ਦਾ ਕਤਲ ਹੋ ਗਿਆ। ਪੁਲਿਸ ਨੇ ਸ਼ੱਕ ਕਰਦਿਆਂ ਹਰਿਆਣੇ ਦੇ ਪਿੰਡ ਚੰਦੋ ਕਲਾਂ ਨੂੰ ਘੇਰਾ ਪਾ ਲਿਆ ਤੇ ਜਥੇ ਦੇ ਸਿੰਘਾਂ ਅਤੇ ਨਗਰ-ਵਾਸੀਆਂ ਉੱਪਰ ਭਾਰੀ ਜ਼ੁਲਮ ਢਾਹੇ। ਜਥੇ ਦੀਆਂ ਦੋਵੇਂ ਗੱਡੀਆਂ ਵੱਡੀ ਤੇ ਮਿੰਨੀ ਬੱਸ ਸਾੜ ਦਿੱਤੀਆਂ। ਸੰਤ ਜੀ ਹੱਥ ਨਾ ਆਏ ਤਾਂ ਪੁਲਿਸ ਨੇ ਬਾਬਾ ਠਾਕੁਰ ਸਿੰਘ ਜੀ, ਡਰਾਇਵਰ ਭਾਈ ਦਲੀਪ ਸਿੰਘ ਜੀ ਰੋਡੇ ਅਤੇ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਪਿਤਾ ਜੀ ਨੂੰ ਕਥਲੌਰ ਵੀ ਲਿਆਂਦਾ ਗਿਆ ਸਾਰੇ ਪਿੰਡ ਨੇ ਸਾਡੇ ਪਰਵਾਰ ਦਾ ਬੜਾ ਸਾਥ ਦਿੱਤਾ। ੨੦ ਸਤੰਬਰ ਨੂੰ ਸੰਤਾਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਤਿੰਨਾਂ ਨੂੰ ਮਹਿਤੇ ਆ ਕੇ ਸੰਤ ਜੀ ਦੇ ਹਵਾਲੇ ਕੀਤਾ। ਭਾਈ ਅਮਰੀਕ ਸਿੰਘ ਜੀ ਤੇ ਬਾਬਾ ਠਾਹਰਾ ਸਿੰਘ ਜੀ ਜਦੋਂ ਫੜੇ ਗਏ ਸਿੰਘਾਂ ਦੀ ਪੈਰਵਾਈ ਕਰਨ ਗਏ ਤਾਂ ਪੁਲਿਸ ਨੇ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ, ਜਿੱਥੇ ਸਰੀਰਿਕ ਯਾਤਨਾਵਾਂ ਦਿੱਤੀਆਂ ਗਈਆਂ। ੯ ਜੁਲਾਈ, ੧੯੮੨ ਈ. ਨੂੰ ਸੰਤ ਜਰਨੈਲ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰ ਕੇ ਧਰਮ ਯੁੱਧ ਮੋਰਚਾ ਅਰੰਭ

*ਬਾਕੀ ਸਫ਼ਾ 79 'ਤੇ*

# ਗੁਰਮਤਿ ਵਿਚ ਇਸਨਾਨ

*-ਡਾ. ਪਲਵਿੰਦਰ ਕੌਰ**

ਹਰੇਕ ਧਰਮ ਦਾ ਪਹਿਲਾ ਨਿਯਮ ਬਾਹਰੀ ਸ਼ੁੱਧੀਕਰਨ ਹੈ। ਆਤਮਿਕ ਸ਼ੁੱਧੀ ਤੋਂ ਪਹਿਲਾਂ ਸਰੀਰਕ ਸੁਚਤਾ ਇਸਨਾਨ ਹੈ। ਇਸਨਾਨ ਉਪਰੰਤ ਹੀ ਧਿਆਨ ਸਾਧਨਾ ਕਰਵਾਈ ਜਾਂਦੀ ਹੈ। ਸਿੱਖ-ਜੀਵਨ ਜਾਚ ਵਿਚ ਵੀ ਇਸਨਾਨ ਦਾ ਬਹੁਤ ਮਹੱਤਵ ਹੈ। ਇਸ ਲੇਖ ਦਾ ਮਨੋਰਥ ਸਿੱਖ ਧਰਮ ਵਿਚ ਇਸਨਾਨ ਦਾ ਸਰੂਪ ਦ੍ਰਿੜ੍ਹ ਕਰਵਾਉਣਾ ਹੈ। ਲੇਖ ਵਿਚਲੇ 'ਇਸਨਾਨ' ਦੇ ਸ਼ਬਦ-ਜੋੜ ਵਿਚ 'ਸ' ਬਿੰਦੀ ਰਹਿਤ ਰੱਖਿਆ ਗਿਆ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ਇਸਨਾਨ' ਸ਼ਬਦ ਇਸੇ ਤਰ੍ਹਾਂ ਹੀ ਵਰਤਿਆ ਗਿਆ ਹੈ।

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਇਸਨਾਨ ਦਾ ਅੰਤਹਕਰਣ ਦੀ ਪਵਿੱਤਰਤਾ ਅਤੇ ਸ਼ਾਂਤੀ 'ਤੇ ਬਹੁਤ ਅਸਰ ਪੈਂਦਾ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਹੁਕਮ ਕੀਤਾ ਹੈ ਕਿ ਇਸਨਾਨ ਕਰ ਕੇ ਪਰਮਾਤਮਾ ਦੀ ਸਿਫਤਿ ਸਾਲਾਹ ਕਰਨ ਨਾਲ ਮਨ ਅਤੇ ਤਨ ਅਰੋਗ ਹੋ ਜਾਂਦੇ ਹਨ :

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੧)*

ਗੁਰਮਤਿ ਵਿਚ ਅੰਮ੍ਰਿਤ ਵੇਲੇ ਦੇ ਇਸਨਾਨ ਦੀ ਸਭ ਤੋਂ ਵੱਧ ਮਹੱਤਤਾ ਹੈ। ਇਸ ਦੇ ਨਾਲ ਹੀ ਗੁਰਮਤਿ ਅਨੁਸਾਰ ਜੇਕਰ ਇਸਨਾਨ ਕੇਵਲ ਦਿਖਾਵਾ ਹੈ, ਪਾਖੰਡ ਹੈ ਤਾਂ ਅਜਿਹੇ ਇਸਨਾਨ ਦਾ ਕੋਈ ਲਾਭ ਨਹੀਂ। ਅਜਿਹਾ ਇਸਨਾਨ ਕਿਸੇ ਲੇਖੇ ਨਹੀਂ ਪੈਂਦਾ। ਪਰਮਾਤਮਾ ਦੇ ਗੁਣਾਂ ਨੂੰ ਜੀਵਨ ਵਿਚ ਅਪਣਾਏ ਬਿਨਾਂ ਅਤੇ ਗੁਰਬਾਣੀ ਨਾਲ ਪ੍ਰੀਤ ਪਾਏ ਬਿਨਾਂ ਕੀਤਾ ਇਸਨਾਨ ਵਿਅਰਥ ਹੈ :

*ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥*
*ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪)*

ਇਸ ਲਈ ਸਿੱਖ ਧਰਮ ਵਿਚ ਕੇਵਲ ਸਰੀਰਕ ਇਸਨਾਨ ਪ੍ਰਵਾਨ ਨਹੀਂ। ਇਸ ਦੇ ਨਾਲ-ਨਾਲ ਸਿੱਖ ਨੇ ਮਨ ਦਾ ਇਸਨਾਨ ਵੀ ਕਰਨਾ ਹੈ। ਮਨ ਤੇ ਤਨ ਦੋਨਾਂ ਨੂੰ ਮੈਲ-ਰਹਿਤ ਕਰਨ ਬਾਰੇ ਗੁਰਬਾਣੀ ਵਿਚ ਵਾਰ-ਵਾਰ ਆਦੇਸ਼ ਦਿੱਤਾ ਗਿਆ ਹੈ। ਬਾਹਰੀ, ਤਨ ਦਾ ਇਸਨਾਨ ਪਾਣੀ ਨਾਲ ਕੀਤਾ ਜਾਂਦਾ ਹੈ, ਜਦੋਂ ਕਿ ਮਨ ਦਾ ਇਸਨਾਨ, ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਨ ਉਪਰੰਤ ਮਨ ਦੀ ਮੈਲ ਧੋ ਕੇ

**ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ। ਮੋ. ੯੬੪੬੦੦੪੧੫੧*

ਪਵਿੱਤਰ ਕਰਨਾ ਹੈ।

ਸਿੱਖ ਇਤਿਹਾਸਿਕ ਅਸਥਾਨਾਂ ਅੰਦਰ ਬਣੇ ਸਰੋਵਰਾਂ ਦਾ ਮੁੱਖ ਮਨੋਰਥ ਇਹੋ ਹੈ ਕਿ ਵਿਅਕਤੀ ਪਹਿਲਾਂ ਸਰੀਰਕ ਸ਼ੁੱਧੀ ਕਰ ਕੇ ਫਿਰ ਗੁਰਬਾਣੀ, ਪਾਠ, ਕੀਰਤਨ ਅਤੇ ਸੇਵਾ ਆਦਿ ਦੁਆਰਾ ਮਨ ਦੀ ਸ਼ੁੱਧੀ ਕਰੇ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਬਣਵਾਉਣ ਦੀ ਯੋਜਨਾ ਬਣਾਈ। 'ਮਹਿਮਾ ਪ੍ਰਕਾਸ਼' ਨੇ ਇਸ ਸਰੋਵਰ ਨੂੰ 'ਮੁਕਤਛੇਤ੍ਰ' ਦੀ ਸੰਗਿਆ ਦਿੱਤੀ ਹੈ, ਜਿੱਥੋਂ ਸਮਾਜਿਕ ਤੌਰ 'ਤੇ ਲੋਕਾਂ ਦੀ ਮੁਕਤੀ ਹੋ ਸਕੇ। ਗੁਰੂ ਸਾਹਿਬ ਦਾ ਇਹ ਦੈਵੀ ਮਿਸ਼ਨ ਸੀ, ਜਿਸ ਅਧੀਨ ਉਨ੍ਹਾਂ ਨੇ ਲੋਕਾਂ ਦੀ ਆਪਸੀ ਵੰਡ ਦੂਰ ਕਰਨ ਲਈ, ਸਭ ਤੋਂ ਉੱਤਮ ਵਸੀਲਾ, ਪਾਣੀ ਨੂੰ ਬਾਉਲੀ ਤੋਂ ਬਾਅਦ ਸਰੋਵਰ ਰੂਪ ਵਿਚ ਵਰਤਿਆ।

ਗੁਰਬਾਣੀ ਦੀ ਸੇਧ *ਪਹਿਲਾ ਪਾਣੀ ਜੀਉ ਹੈ...* ਅਨੁਸਾਰ ਗੁਰੂ ਸਾਹਿਬ ਨੇ ਮਨੁੱਖ ਦੀ ਮੁਢਲੀ ਜ਼ਰੂਰਤ (ਪਾਣੀ) ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ। ਲੋਕਾਂ ਦੇ ਮਨਾਂ ਵਿੱਚੋਂ ਜਾਤੀ ਸੁਚ-ਭਿਟ ਨੂੰ ਦੂਰ ਕਰਨ ਹਿੱਤ ਸਰੋਵਰ ਦੀ ਤਿਆਰੀ ਅਰੰਭ ਕੀਤੀ ਗਈ। 'ਮਹਿਮਾ ਪ੍ਰਕਾਸ਼' ਦਾ ਕਰਤਾ ਬਿਆਨ ਕਰਦਾ ਹੈ ਕਿ ਦਇਆਲੂ ਸਤਿਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਦੀ ਸੰਗਤ ਨੂੰ ਆਗਿਆ ਦਿੱਤੀ ਅਤੇ ਕਿਹਾ ਕਿ ਸੰਗਤ ਵਿੱਚੋਂ ਜਿਹੜਾ ਵੀ ਪ੍ਰਾਣੀ ਇਸ ਸਰੋਵਰ ਦੀ ਖੁਦਾਈ ਕਰੇਗਾ, ਉਸ ਨੂੰ ਮਨ ਬਾਂਛਤ ਫਲ ਦੀ ਪ੍ਰਾਪਤੀ ਹੋਵੇਗੀ :

*...ਆਗਿਆ ਕੀਨੀ ਸਤਿਗੁਰ ਦਇਆਲ।*
*ਯਹ ਧਰਮ ਛੇਤ੍ਰ ਖੋਦੋ ਤੁਮ ਤਾਲ ॥*
*ਜੋ ਖੋਦੇ ਮਨ ਪ੍ਰੀਤ ਬਢਾਇ।*
*ਜੋ ਚਿਤਵੈ ਸੋਈ ਫਲ ਪਾਇ ॥*

*(ਮਹਿਮਾ ਪ੍ਰਕਾਸ਼, ਅਧਿਆਇ/ਬੰਦ/ਪੰਨਾ- ੫/੧੮/੨੯੫)*

ਬਾਣੀ ਅਤੇ ਪਾਣੀ ਦਾ ਅਧਿਆਤਮਕ ਸੰਬੰਧ ਹੈ। ਗੁਰਬਾਣੀ ਵਿਚ ਕਈ ਥਾਈਂ 'ਨਾਮੁ, ਦਾਨ, ਇਸਨਾਨ' ਦਾ ਸੁਮੇਲ ਦ੍ਰਿੜ੍ਹ ਕਰਵਾਇਆ ਗਿਆ ਹੈ। ਦਾਨ ਤੋਂ ਭਾਵ ਵੰਡ ਛਕਣਾ ਹੈ। ਇਸਨਾਨ ਨਾਮੁ ਲਈ ਤਿਆਰੀ ਹੈ। ਕਿਸੇ ਕੰਮ ਦੇ ਕਰਨ ਲਈ ਜ਼ਰੂਰੀ ਹੈ ਕਿ ਪਹਿਲੋਂ ਉਸ ਦੇ ਕਰਨ ਲਈ ਯੋਗ ਤਿਆਰੀ ਕੀਤੀ ਜਾਵੇ, ਅਥਵਾ ਉਸ ਕੰਮ ਵਾਸਤੇ ਸੁਚੇਤ ਹੋਇਆ ਜਾਵੇ। ਇਸ ਲਈ ਅੰਮ੍ਰਿਤ ਵੇਲੇ ਜਾਗਣਾ, ਸੁਚੇਤ ਹੋ ਕੇ ਇਸਨਾਨ ਕਰਨਾ, ਇਹ ਸਭ ਨਾਮੁ ਲਈ ਤਿਆਰੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

*ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੦)*

ਇਸੇ ਤਰ੍ਹਾਂ ਗੁਰ ਫੁਰਮਾਨ ਹੈ :

*ਸੁਣਿ ਗਲਾ ਗੁਰ ਪਹਿ ਆਇਆ॥*
*ਨਾਮੁ ਦਾਨੁ ਇਸਨਾਨੁ ਦਿੜਾਇਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)*

ਇਸਨਾਨ : ਅਰਥ

ਇਸਨਾਨ ਦੇ ਸ਼ਾਬਦਿਕ ਅਰਥ ਮੈਲ ਉਤਾਰਨੀ, ਸਾਫ ਕਰਨਾ, ਨ੍ਹਾਉਣਾ, ਗੁਸਲ, ਸਰੀਰ ਧੋਣਾ ਆਦਿ ਹਨ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਇਸਨਾਨ' ਸੰਸਕ੍ਰਿਤ ਦੇ ਸਨਾਨ ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਮੂਲ ਭਾਵ ਜਲ ਨਾਲ ਸਰੀਰ ਨੂੰ ਧੌਣਾ ਹੈ।

ਇਸਨਾਨ : ਪਰਿਭਾਸ਼ਾ

ਇਸਨਾਨ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ, 'ਇਸਨਾਨ ਤੋਂ ਭਾਵ ਹੈ ਕਿ ਮਨ, ਸਰੀਰ, ਬਸਤ੍ਰ, ਘਰ ਆਦਿਕ ਸਭ ਸਾਮਗ੍ਰੀ ਸ੍ਵਛ ਰੱਖਣੀ, ਜਿਸ ਕਰਕੇ ਖੋਟੀਆਂ ਵਾਸ਼ਨਾਵਾਂ ਦਾ ਅਸਰ ਨਾ ਹੋਵੇ ਅਤੇ ਸਰੀਰ ਰੋਗਾਂ ਤੋਂ ਬਚਿਆ ਰਹੇ।'

ਇਸਨਾਨ : ਸਮਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਗੁਰਸਿੱਖ ਨੂੰ ਪ੍ਰਭਾਤ ਸਮੇਂ, ਭਾਵ ਅੰਮ੍ਰਿਤ ਵੇਲੇ ਉਠ ਕੇ ਅਕਾਲ ਪੁਰਖ ਦੀ ਭਗਤੀ ਕਰ ਕੇ ਇਸਨਾਨ ਕਰਨ ਦੀ ਤਾਕੀਦ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਭਾਈ ਗੁਰਦਾਸ ਜੀ ਵੀ ਅੰਮ੍ਰਿਤ ਵੇਲੇ ਦੇ ਇਸਨਾਨ ਦੀ ਮਹੱਤਤਾ ਦ੍ਰਿੜ੍ਹ ਕਰਵਾਉਂਦੇ ਹਨ :

*ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।*
*ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।*

*(ਵਾਰ ੬:੩)*

ਅੰਮ੍ਰਿਤ ਵੇਲੇ ਉੱਠ ਕੇ ਇਸਨਾਨ ਕਰਨਾ, ਪਰਮਾਤਮਾ ਦੇ ਨਾਮ ਨਾਲ ਸੁਰਤਿ ਜੋੜਨਾ ਹੈ, ਜਿਸ ਦਾ ਮਹਾਤਮ ਅੰਮ੍ਰਿਤ ਸਰੋਵਰ ਦੇ ਇਸਨਾਨ ਬਰਾਬਰ ਹੈ। ਅੰਮ੍ਰਿਤ ਵੇਲਾ 'ਅੰਮ੍ਰਿਤਮਈ' ਹੁੰਦਾ ਹੈ। ਇਸ ਵੇਲੇ ਦਾ ਇਸਨਾਨ ਅੰਮ੍ਰਿਤ ਨਾਮ ਵਾਲੀ ਸੁਰਤੀ ਵਿਚ ਹੁੰਦਾ ਹੈ। ਅੰਮ੍ਰਿਤ ਨਾਮ ਦੀ ਸੁਰਤੀ ਬਿਰਤੀ ਵਿਚ ਕੀਤੇ ਇਸਨਾਨ ਨਾਲ ਖੰਡਾਂ ਬ੍ਰਹਿਮੰਡਾਂ ਵਿਚ ਹੋ ਰਹੀ ਅੰਮ੍ਰਿਤ ਵਰਖਾ ਦਾ ਪ੍ਰਤੱਖ ਨਜ਼ਾਰਾ ਮਾਣਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਅੰਮ੍ਰਿਤ ਵੇਲੇ ਦਾ ਇਸਨਾਨ ਕਰਨਾ ਹਰ ਇਕ ਸਿੱਖ ਦਾ ਮੁਢਲਾ ਧਰਮ ਹੈ। ਜਦੋਂ ਗੁਰਸਿਖ ਬਿਨਾਂ ਕਿਸੇ ਰੁਤ ਦੀ ਪਰਵਾਹ ਕਰਦਿਆਂ (ਰੁਤ ਭਾਵੇਂ ਗਰਮੀ, ਸਰਦੀ, ਵਰਖਾ, ਬਰਫ ਵਾਲੀ ਹੋਵੇ) ਅੰਮ੍ਰਿਤ ਵੇਲੇ ਦੇ ਇਸਨਾਨ ਨੂੰ ਨੇਮ ਅਤੇ ਪ੍ਰੇਮ ਨਾਲ ਨਿਭਾਉਂਦਾ ਹੈ ਤਾਂ ਉਹ ਪਰਮਾਤਮਾ ਨਾਲ ਜੁੜਦਾ ਹੈ।

ਪ੍ਰੋ. ਸਾਹਿਬ ਸਿੰਘ ਅੰਮ੍ਰਿਤ ਵੇਲੇ ਦੀ ਮਹੱਤਤਾ ਬਾਰੇ ਲਿਖਦੇ ਹਨ, "ਅੰਮ੍ਰਿਤ ਵੇਲਾ ਹੀ ਹੈ ਜਦੋਂ ਮਨੁੱਖ ਦਾ ਮਨ ਇਕਸਾਰ ਹੋ ਕੇ ਪਰਮਾਤਮਾ ਦੀ ਯਾਦ ਵਿਚ ਜੁੜ ਸਕਦਾ ਹੈ। ਪਰ ਅੰਮ੍ਰਿਤ ਵੇਲੇ ਦਾ ਇਹ ਅਭਿਆਸ ਇਹੋ ਜਿਹਾ ਬਣਨਾ ਚਾਹੀਦਾ ਹੈ ਕਿ ਅੱਠੇ ਪਹਰ ਪਰਮਾਤਮਾ ਦਾ ਡਰ-ਅਦਬ ਮਨ ਵਿਚ ਟਿਕਿਆ ਰਹੇ। ਸੁਰਤਿ ਦਾ ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿਣਾ ਹੀ ਮਨੁੱਖ ਵਾਸਤੇ ਆਤਮਕ ਇਸ਼ਨਾਨ ਹੈ।" ਗੁਰਬਾਣੀ ਦੀ ਸੇਧ ਅਨੁਸਾਰ ਅੰਮ੍ਰਿਤ ਵੇਲੇ ਜਾਗ ਕੇ ਨਾਮ ਜਪਣ ਨਾਲ ਜੀਵ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ, ਝਗੜਾ, ਕਲੇਸ਼ ਨਹੀਂ ਰਹਿੰਦੇ :

*ਝਾਲਾਘੇ ਊਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੫)*

ਇਤਿਹਾਸਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਨਿਰਣੇ ਤੇ ਭਾਈ ਜੋਧ ਨੂੰ ਅੰਮ੍ਰਿਤ ਵੇਲੇ ਦੇ ਇਸਨਾਨ ਸੰਬੰਧੀ ਉਪਦੇਸ਼ ਦਿੱਤਾ ਸੀ ਕਿ, "ਮਨ ਨੀਵੇਂ ਕਰ ਸਿਖੀ ਪ੍ਰਾਪਤ ਹੁੰਦੀ ਹੈ, ਜੋ ਤੁਸਾਡੇ ਸਰੀਰ ਪਾਸੋਂ ਸੇਵਾ ਸਿਖਾਂ ਦੀ ਹੋਇ ਆਵੈ ਸੋ ਕਰਨੀ ਤੇ ਪਿਛਲੀ ਰਾਤ ਉਠ ਕੇ ਅਸਨਾਨ ਕਰ ਕੈ ਸਬਦ ਦਾ ਅਭਯਾਸ ਕਰਨਾ ਤੇ ਵਾਹਿਗੁਰੂ ਨੂੰ ਸ੍ਵਾਮੀ ਅਤੇ ਆਪ ਨੂੰ ਸੇਵਕ ਜਾਣਨਾ ਤੇ ਸਾਧੂ ਸੰਗਤਿ ਵਿਚ ਜਾਇਕੈ ਪ੍ਰੀਤਿ ਕਰਕੇ ਗੁਰੂ ਕਾ ਸਬਦ ਸੁਣਨਾ ਤੇ ਆਪਸ ਵਿਚ ਬਾਣੀ ਦਾ ਮੰਨਣ ਕਰਨਾ।"

### ਇਸਨਾਨ : ਕਿਸਮਾਂ

ਡਾ. ਰਤਨ ਸਿੰਘ ਜੱਗੀ ਨੇ ਸ਼ਾਸਤਰਾਂ ਦੇ ਹਵਾਲੇ ਨਾਲ ਤਿੰਨ ਤਰ੍ਹਾਂ ਦੇ ਇਸਨਾਨ ਦਾ ਵਰਣਨ ਕੀਤਾ ਹੈ :

੧. ਨਿਤਯ, ਭਾਵ ਹਰ ਰੋਜ਼ ਕਰਨ ਵਾਲਾ ਇਸਨਾਨ।
੨. ਗ੍ਰਹਿਣ ਲੱਗਣ ਤੋਂ ਬਾਅਦ ਕਰਨ ਵਾਲਾ ਇਸਨਾਨ।
੩. ਇੱਛਾ ਦੀ ਪੂਰਤੀ ਲਈ ਤੀਰਥਾਂ ਉਤੇ ਕਰਨ ਵਾਲਾ ਇਸਨਾਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਨਾਨ ਸਬੰਧੀ ਦੋ ਪੱਖ ਉਜਾਗਰ ਹੁੰਦੇ ਹਨ, ਜਿਨ੍ਹਾਂ ਦੇ ਆਧਾਰ ਉਤੇ ਇਸਨਾਨ ਦੀਆਂ ਕਿਸਮਾਂ ਨਿਸ਼ਚਿਤ ਕੀਤੀਆਂ ਜਾ ਸਕਦੀਆਂ ਹਨ। ਇਹ ਦੋ ਕਿਸਮਾਂ ਹਨ : ਤਨ ਦਾ ਇਸਨਾਨ ਅਤੇ ਮਨ ਦਾ ਇਸਨਾਨ। ਇਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਹੇਠ ਦਿੱਤੇ ਅਨੁਸਾਰ ਹੈ :

### ੧. ਤਨ ਦਾ ਇਸਨਾਨ

ਤਨ ਦੇ ਇਸਨਾਨ ਤੋਂ ਭਾਵ ਹੈ ਕਿ ਸਰੀਰ ਸਾਫ-ਸੁਥਰਾ ਕਰਨਾ। ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਗੁਰੂ ਦਾ ਸੱਚਾ ਸਿੱਖ ਉਹ ਹੈ, ਜਿਹੜਾ *ਭਲਕੇ ਉਠਿ ਹਰਿ ਨਾਮੁ ਧਿਆਵੈ ॥* ਤਥਾ *ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* ਸੱਚੇ ਸਿੱਖ ਦਾ ਪਹਿਲਾ ਉਦਮ ਵੀ ਇਹੋ ਹੈ ਕਿ

ਉਹ ਤੜਕੇ ਉਠ ਕੇ ਪਹਿਲਾਂ ਤਨ ਦਾ ਇਸਨਾਨ ਕਰੇ।

ਹਰੇਕ ਸਿੱਖ ਨੂੰ ਰੋਜ਼ਾਨਾ ਤਨ ਦਾ ਇਸਨਾਨ ਕਰਨ ਦਾ ਹੁਕਮ ਹੈ। ਸਿੱਖ ਧਰਮ ਵਿਚ ਤਨ ਦਾ ਇਸਨਾਨ ਆਮ ਤੌਰ 'ਤੇ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ : ਪੰਜ ਇਸਨਾਨਾ ; ਪਿੰਡੇ ਇਸਨਾਨ ਅਤੇ ਕੇਸੀ ਇਸਨਾਨ। ਇਨਾਂ ਦੀ ਸੰਖੇਖ ਵਿਚਾਰ ਇਸ ਪ੍ਰਕਾਰ ਹੈ :

### ੧.੧ ਪੰਜ ਇਸਨਾਨਾ

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਪੰਜ ਇਸਨਾਨਾ ਨੂੰ 'ਪੰਜ ਸਨਾਨ' ਲਿਖਿਆ ਹੈ। ਭਾਈ ਸਾਹਿਬ ਨੇ ਪੰਜ ਸਨਾਨਾ ਵਿਚ ਦੋ ਹੱਥ, ਦੋ ਪੈਰ ਅਤੇ ਇਕ ਮੂੰਹ ਨੂੰ ਗਿਣਿਆ ਹੈ, ਜਿਨ੍ਹਾਂ ਨੂੰ ਤਾਜੇ ਪਾਣੀ ਨਾਲ ਸਵੱਛ ਕਰਨਾ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮਤ ਮਾਰਤੰਡ' (ਪੰਨਾ, ੬੯੦) ਵਿਚ ਪੰਜ ਸਨਾਨਾਂ ਨੂੰ ਦੂਜੇ ਦਰਜੇ ਦਾ ਸੁਧੀ ਸਾਧਨ ਕਿਹਾ ਹੈ। ਸਰੀਰ ਨੂੰ ਸ਼ੁੱਧ ਕਰਨ ਦਾ ਪਹਿਲਾ ਸਾਧਨ ਅੰਮ੍ਰਿਤ ਵੇਲੇ ਦਾ ਇਸਨਾਨ ਹੈ। ਭਾਈ ਸਾਹਿਬ ਨੇ ਪੰਜ ਸਨਾਨਾਂ ਦਾ ਵਿਧਾਨ ਪਵਿੱਤਰ ਸਥਾਨਾਂ ਦੇ ਅੰਦਰ ਦਾਖ਼ਲ ਹੋਣ ਲਈ ਅਤੇ ਸ਼ੁਭ ਕਾਰਜ ਕਰਨ ਤੋਂ ਪਹਿਲਾਂ ਦਾ ਦੱਸਿਆ ਹੈ।

ਇਸ ਤੋਂ ਇਲਾਵਾ ਵੀ ਸਿੱਖ ਧਰਮ ਵਿਚ ਪੰਜ ਸਨਾਨਾ ਦੇ ਵਿਧਾਨ ਨੂੰ ਸਵੀਕਾਰ ਕੀਤਾ ਗਿਆ ਹੈ। ਪਰੰਪਰਾ ਅਧਾਰਿਤ ਪੰਜ ਸਨਾਨਾ ਦਾ ਵਿਧਾਨ ਇਸ ਪ੍ਰਕਾਰ ਹੈ :

#### ੧.੧.੧ ਸਰੀਰ ਅਸੁਵਾਸਥ

ਰਹਿਤਨਾਮਿਆਂ ਵਿਚ ਜ਼ਿਕਰ ਮਿਲਦਾ ਹੈ ਕਿ ਜੇਕਰ ਵਿਅਕਤੀ ਸਰੀਰਕ ਤੌਰ 'ਤੇ ਠੀਕ ਨਹੀਂ, ਸਰੀਰਕ ਢਿਲ-ਮੱਠ ਹੈ ਤਾਂ ਇਸ ਹਾਲਤ ਵਿਚ 'ਪੰਜ ਸਨਾਨਾ' ਕਰਨ ਦਾ ਆਦੇਸ਼ ਹੈ। ਸਰੀਰ ਜਦੋਂ ਸਿਹਤਮੰਦ ਨਹੀਂ, ਉਸ ਸਮੇਂ ਵਿਅਕਤੀ ਪੰਜ ਸਨਾਨਾ ਕਰਕੇ ਆਪਣਾ ਨਿੱਤਨੇਮ, ਅਰਦਾਸ, ਗੁਰਦੁਆਰਾ ਸਾਹਿਬ ਜਾਣਾ ਅਤੇ ਸੰਗਤ ਕਰਨਾ ਆਦਿ ਕਿਰਿਆਵਾਂ ਨਿਭਾ ਸਕਦਾ ਹੈ।

#### ੧.੧.੨ ਸਫ਼ਰ ਦੌਰਾਨ

ਰਹਿਤਨਾਮਿਆਂ ਅਨੁਸਾਰ ਵਿਅਕਤੀ ਜਦੋਂ ਘਰ ਤੋਂ ਬਾਹਰ ਕਿਸੇ ਦੂਜੀ ਥਾਂ ਉਤੇ ਜਾਂਦਾ ਹੈ, ਤਾਂ ਸਫ਼ਰ ਦੌਰਾਨ ਜੇਕਰ ਇਸਨਾਨ ਦੀ ਸਹੂਲਤ ਨਾ ਹੋਵੇ ਤਾਂ ਪੰਜ ਸਨਾਨਾ ਕਰ ਕੇ ਉਹ ਆਪਣਾ ਧਰਮ ਕਰਮ ਕਰ ਸਕਦਾ ਹੈ। ਖਾਸਕਰ ਲੰਬੇ ਸਫ਼ਰ ਦੌਰਾਨ, ਰੇਲਗੱਡੀਆਂ, ਹਵਾਈ ਜਹਾਜ਼ਾਂ ਆਦਿ ਵਿਚ ਇਸਨਾਨ ਦੀ ਸਹੂਲਤ ਅਸੰਭਵ ਹੁੰਦੀ ਹੈ। ਇਸ ਵਕਤ ਪੰਜ ਸਨਾਨਾ ਕਰਨ ਦਾ ਵਿਧਾਨ ਹੈ।

#### ੧.੧.੩ ਪਾਣੀ ਦੀ ਕਮੀ

ਕਈ ਵਾਰ ਪਾਣੀ ਦੀ ਕਮੀ ਕਾਰਨ ਇਸਨਾਨ ਕਰਨਾ ਸੰਭਵ ਨਹੀਂ ਹੁੰਦਾ। ਪਾਣੀ ਦੀ ਕਮੀ ਨੂੰ ਦੇਖਦਿਆਂ ਪੰਜ ਸਨਾਨਾ ਕਰਕੇ ਵਿਅਕਤੀ ਆਪਣੀ ਨਿੱਤ ਦੀ ਧਰਮ ਕਿਰਿਆ ਨਿਭਾ ਸਕਦਾ ਹੈ।

### ੧.੧.੪ ਸਰੋਵਰ ਵਿਚ ਪੰਜ ਸਨਾਨਾ

ਸਰੋਵਰ ਵਿਚ ਆਮ ਤੌਰ ਉਤੇ ਸੰਗਤ ਇਸਨਾਨ ਕਰਦੀ ਹੈ, ਪਰੰਤੂ ਕੁਝ ਵਿਸ਼ੇਸ਼ ਹਾਲਤਾਂ ਵਿਚ ਸਰੋਵਰ ਵਿਚ ਪੰਜ ਸਨਾਨਾ ਕਰਨ ਦਾ ਵੀ ਨਿਯਮ ਹੈ। ਵਿਸ਼ੇਸ਼ ਹਾਲਤ ਅਧੀਨ ਸਰੀਰਕ ਢਿਲ-ਮਠ ਕਾਰਨ ਵਿਅਕਤੀ ਪੰਜ ਸਨਾਨਾ ਕਰ ਸਕਦਾ ਹੈ ਜਾਂ ਛੋਟੇ ਬੱਚਿਆਂ ਨੂੰ ਪੰਜ ਸਨਾਨਾ ਕਰਨ ਦੀ ਖੁਲ ਹੈ।

### ੧.੨ ਪਿੰਡੇ ਇਸਨਾਨ ਅਤੇ ਕੇਸੀ ਇਸਨਾਨ

ਤਨ ਦਾ ਇਸਨਾਨ ਪਿੰਡੇ (ਸਰੀਰ) ਅਤੇ ਕੇਸਾਂ, ਦੋਵਾਂ ਦਾ ਹੁੰਦਾ ਹੈ। ਗੁਰਬਾਣੀ ਵਿਚ ਤਾਕੀਦ ਕੀਤੀ ਗਈ ਹੈ ਹਰ ਸਿੱਖ ਨੇ ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਨਾ ਹੈ:

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)*

ਗੁਰੂ ਸਾਹਿਬ ਨੇ ਸਰੀਰਕ ਸ਼ੁੱਧੀ ਲਈ ਜਿੱਥੇ ਹੁਕਮ ਕੀਤਾ ਹੈ, ਉੱਥੇ ਨਾਲ ਹੀ ਕੇਸੀ ਇਸਨਾਨ ਕਰਨ ਦਾ ਵੀ ਆਦੇਸ਼ ਹੈ। ਮਨੁੱਖ ਦੇ ਜੰਮਣ ਤੋਂ ਲੈ ਕੇ ਮਰਨ ਤਕ ਸਰੀਰਕ ਸਵੱਛਤਾ ਤਾਂ ਹੀ ਰਹਿ ਸਕਦੀ ਹੈ, ਜੇਕਰ ਹਰ ਰੋਜ਼ ਇਸਨਾਨ ਕੀਤਾ ਜਾਵੇ। ਗੁਰੂ ਸਾਹਿਬ ਅਨੁਸਾਰ 'ਸੁਚੱਜਾ ਇਨਸਾਨ' ਉਹ ਹੈ ਜੋ ਹਰ ਰੋਜ਼ ਇਸਨਾਨ ਕਰਨ ਦਾ ਉੱਦਮ ਕਰਦਾ ਹੈ :

*ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥*
*ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜ਼ਰੂਰੀ ਨਹੀਂ ਕਿ ਹਰ ਰੋਜ਼ ਕੇਸੀ ਇਸਨਾਨ ਕੀਤਾ ਜਾਵੇ, ਪਰੰਤੂ ਪਿੰਡਾ ਇਸਨਾਨ ਹਰ ਰੋਜ਼ ਕਰਨਾ ਲਾਜ਼ਮੀ ਹੈ। ਇਹ ਵਿਅਕਤੀ ਦੇ ਖ਼ੁਦ ਉਪਰ ਨਿਰਭਰ ਹੈ ਕਿ ਉਹ ਹਰ ਰੋਜ਼ ਕੇਸੀ ਇਸਨਾਨ ਕਰਨਾ ਚਾਹੁੰਦਾ ਹੈ ਕਿ ਨਹੀਂ। ਇੱਛਾ ਹੋਵੇ ਤਾਂ ਕਰ ਲਵੇ, ਨਹੀਂ ਤਾਂ ਕੋਈ ਵਹਿਮ ਨਹੀਂ। ਜੇਕਰ ਹਰ ਰੋਜ਼ ਕੇਸੀ ਇਸਨਾਨ ਨਹੀਂ ਕੀਤਾ ਜਾ ਸਕਦਾ ਤਾਂ ਹਫ਼ਤੇ ਵਿਚ ਦੋ ਵਾਰ ਜ਼ਰੂਰ ਕੇਸਾਂ ਨੂੰ ਸਵੱਛ ਕਰਨਾ ਚਾਹੀਦਾ ਹੈ। 'ਰਹਿਤਨਾਮਾ' ਭਾਈ ਦਯਾ ਸਿੰਘ ਜੀ ਅਨੁਸਾਰ ਵੀ ਚੌਥੇ ਦਿਨ ਕੇਸੀ ਇਸਨਾਨ ਕਰਨਾ ਕੇਸਾਂ ਦੀ ਸ਼ੁੱਧਤਾ ਲਈ ਉੱਤਮ ਹੈ।

ਕੇਸੀ ਇਸਨਾਨ ਦੀ ਮਹਾਨਤਾ ਇਸ ਤੱਥ ਤੋਂ ਵੀ ਪ੍ਰਗਟ ਹੁੰਦੀ ਹੈ ਕਿ ਅੰਮ੍ਰਿਤ ਸੰਚਾਰ ਪਹਿਲਾਂ ਅੰਮ੍ਰਿਤ-ਅਭਿਲਾਖੀ ਨੂੰ ਕੇਸੀ ਇਸਨਾਨ ਕਰਨਾ ਲਾਜ਼ਮੀ ਹੁੰਦਾ ਹੈ। ਇਸ ਤੋਂ ਬਿਨਾਂ ਪਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਣ ਸਮੇਂ ਵੀ ਕੇਸੀ ਇਸਨਾਨ ਕਰਨਾ ਜ਼ਰੂਰੀ ਹੈ। ਇਸੇ ਪ੍ਰਕਾਰ ਕੇਸੀ ਇਸਨਾਨ ਦੀ ਮਹੱਤਤਾ ਮਿਰਤਕ ਸੰਸਕਾਰ ਤੋਂ ਵੀ ਉਜਾਗਰ ਹੁੰਦੀ ਹੈ।

*ਚਲਦਾ. . .*

# ਪ੍ਰੋ. ਸਾਹਿਬ ਸਿੰਘ ਦੀ ਗੁਰੂ ਜੀਵਨ ਬ੍ਰਿਤਾਂਤ ਵਿਧੀ

*-ਡਾ. ਹਰਪ੍ਰੀਤ ਕੌਰ ਹਰਫ਼**

ਪ੍ਰੋ. ਸਾਹਿਬ ਸਿੰਘ ਦਾ ਜੀਵਨ-ਕਾਲ ੧੮੯੨ ਤੋਂ ਲੈ ਕੇ ੧੯੭੭ ਈ. ਤਕ ਫੈਲਿਆ ਹੋਇਆ ਹੈ। ਪ੍ਰੋ. ਸਾਹਿਬ ਸਿੰਘ ਦੀ ਸਾਹਿਤਕ ਪਹਿਚਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਆਕਰਣਕਾਰ ਵਜੋਂ ਸਥਾਪਿਤ ਹੋਈ ਸੀ। ਇਸ ਦਾ ਸਬੱਬ ਉਨ੍ਹਾਂ ਵਲੋਂ ਪ੍ਰਕਾਸ਼ਿਤ ਪੁਸਤਕ 'ਗੁਰਬਾਣੀ ਦਾ ਵਿਆਕਰਣ' (੧੯੩੯ ਈ.) ਬਣੀ ਸੀ। ਦੂਜੀ ਪੁਸਤਕ 'ਆਦਿ ਬੀੜ ਬਾਰੇ' (੧੯੭੦ ਈ.) ਦੀ ਪ੍ਰਕਾਸ਼ਨਾ ਨੇ ਇਹ ਪਹਿਚਾਣ ਹੋਰ ਉਜਵਲ ਕੀਤੀ ਸੀ। ਇਸ ਪਹਿਚਾਣ ਦੀ ਜਗਮਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ (੧੯੬੨-੧੯੬੪ ਈ.) ਬਣਿਆ ਸੀ। ਉਨ੍ਹਾਂ ਵੱਲੋਂ ਇਹ ਖੋਜ ਤੇ ਲਿਖਣ ਕਾਰਜ ਸੰਨ ੧੯੨੫ ਤੋਂ ੧੯੬੪ ਈ. ਤਕ ਮੁਕੰਮਲ ਕਰ ਲਏ ਗਏ ਸਨ। ਇਸ ਖੋਜ ਸਾਧਨਾ ਦੇ ਨਾਲ-ਨਾਲ ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦੇ ਗੁੰਦਵੇਂ ਜੀਵਨ ਬ੍ਰਿਤਾਂਤ ਵੀ ਲਿਖੇ ਸਨ। ਇਹ ਜੀਵਨ ਬ੍ਰਿਤਾਂਤ ਤਰਤੀਬਵਾਰ ੧੯੬੬, ੧੯੬੭-੬੮ ਅਤੇ ੧੯੬੯ ਈ. ਵਿਚ ਪ੍ਰਕਾਸ਼ਿਤ ਹੋਏ ਸਨ। ਉਨ੍ਹਾਂ ਨੇ ਇਨ੍ਹਾਂ ਨੂੰ ਲਿਖਣ ਦਾ ਕਾਰਜ ੧੯੫੩ ਈ. ਵਿਚ ਅਰੰਭ ਕੀਤਾ ਸੀ ਅਤੇ ੧੯੬੫ ਈ. ਤਕ ਇਹ ਲਿਖਣ ਕਾਰਜ ਮੁਕੰਮਲ ਹੋ ਗਿਆ ਸੀ।

ਲੇਖਕ ਦੇ ਵਿਆਕਰਣਕਾਰ ਹੋਣ ਕਾਰਨ ਇਹ ਜੀਵਨ ਬ੍ਰਿਤਾਂਤ ਪੰਜਾਬੀ ਸਾਹਿਤ ਵਿਚ ਲਿਖੇ ਗੁਰੂ ਸਾਹਿਬਾਨ ਦੇ ਜੀਵਨ ਸਾਹਿਤ ਅੰਦਰ ਨਿਵੇਕਲੀ ਨੁਹਾਰ ਦੇ ਧਾਰਨੀ ਹਨ।

ਇੱਥੇ ਮੈਂ ਉਨ੍ਹਾਂ ਵੱਲੋਂ ਲਿਖੇ 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ' (੧੯੬੭ ਈ.) ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੀਵਨੀ ਹੈ। ਆਕਾਰ ਪੱਖੋਂ ਇਹ ੬੫ ਸਫਿਆਂ ਉੱਤੇ ਫੈਲੀ ਹੋਈ ਹੈ। ਇਸ ਲੜੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ (੧੯੬੯ ਈ.) ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (੧੯੬੬ ਈ.) ਤੋਂ ਬਾਅਦ ਇਹ ਤੀਜੇ ਸਥਾਨ ਉੱਤੇ ਹੈ। ਸੱਤ ਗੁਰੂ ਜੀਵਨ ਬ੍ਰਿਤਾਂਤ ਇਸ ਤੋਂ ਲਘੂ ਅਕਾਰ ਦੇ ਹਨ। ਇਹ ਜੀਵਨੀ ਗੁਰੂ ਜੀਵਨੀਆਂ ਦੀ ਇੱਕ ਲੜੀ ਦਾ ਅੰਗ ਹੁੰਦਿਆਂ ਹੋਇਆਂ ਵੀ ਸੁਤੰਤਰ ਰਚਨਾ ਦਾ ਦਰਜਾ ਰੱਖਦੀ ਹੈ। ਉਨ੍ਹਾਂ ਇਸ ਨੂੰ ੧੧ ਕਾਂਡਾਂ ਵਿਚ ਸੰਪੂਰਨ ਕਰਦਿਆਂ ਹਰ ਕਾਂਡ ਨੂੰ ਨਿੱਕੇ-ਨਿੱਕੇ ਸਿਰਲੇਖਾਂ ਅਧੀਨ ਵਿਉਂਤ ਕੇ ਲਿਖਿਆ ਹੈ। ਇਨ੍ਹਾਂ ਸਿਰਲੇਖਾਂ ਦੀ ਕੁੱਲ ਗਿਣਤੀ ੫੨ ਹੈ। ਇਸ ਰਚਨਾ ਦੀ ਸੁਘੜ ਸ਼ੈਲੀ ਦਾ ਸਬੱਬ ਉਨ੍ਹਾਂ

**W/O, Vikramjit Singh, Bo-0601136, Ward No. 3, G.T.B. Nagar, Teh. Kharar, Distt. SAS Nagar (Mohali)- 140301; M. 82849-42992, 70095-30267*

ਵੱਲੋਂ ੧੯੩੧ ਈ. ਵਿਚ ਲਿਖੇ ਗੁਰਬਾਣੀ ਦੇ ਵਿਆਕਰਣ ਦਾ ੧੯੩੯ ਈ. ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਣਾ ਬਣਿਆ ਹੈ। ਵਿਆਕਰਣ ਲਿਖਣ ਹਿੱਤ ਅਪਣਾਇਆ ਵਾਰਤਕ ਸੰਜਮ ਇਸ ਜੀਵਨੀ ਨੂੰ ਸੰਖੇਪ ਤੇ ਸਾਫ-ਸੁਥਰੀ ਰਚਨਾ ਬਣਾਉਂਦਾ ਹੈ। ਇਹ ਰਚਨਾ ਮਈ ੨੦੧੧ ਵਿਚ ਪੰਜਵੀਂ ਵਾਰ ਪ੍ਰਕਾਸ਼ਿਤ ਹੋਈ ਸੀ। ਇਸ ਨੂੰ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਸੀ।

ਪ੍ਰੋ. ਸਾਹਿਬ ਸਿੰਘ ਦਾ ਪਿਛੋਕੜ ਹਿੰਦੂ ਧਰਮ ਨਾਲ ਸੀ। ਇਨ੍ਹਾਂ ਨੇ ਨੇ ਬਾਅਦ ਵਿਚ ਸਿੱਖ ਧਰਮ ਧਾਰਨ ਕੀਤਾ ਸੀ ਜਿਸ ਕਰਕੇ ਇਨ੍ਹਾਂ ਦਾ ਨਾਮ ਨੱਥੂ ਰਾਮ ਤੋਂ ਸਾਹਿਬ ਸਿੰਘ ਹੋ ਗਿਆ ਸੀ। ਇਸ ਲਈ ਪ੍ਰੋ. ਸਾਹਿਬ ਸਿੰਘ ਹਿੰਦੂ ਧਰਮ ਦੀ ਵਰਣ ਵਿਵਸਥਾ ਕਾਰਨ ਸ਼ੂਦਰ ਵਰਣ ਦੇ ਲੋਕਾਂ ਨਾਲ ਹੁੰਦੇ ਅਮਾਨਵੀ ਵਿਵਹਾਰ ਨੂੰ ਬਹੁਤ ਨੇੜੇ ਤੋਂ ਅਨੁਭਵ ਕਰਦੇ ਸਨ। ਉੱਚ ਵਰਣੀ ਲੋਕ ਨੀਵੇਂ ਵਰਣਾਂ ਨੂੰ ਮਾਨਵ ਹੀ ਨਹੀਂ ਸਨ ਸਮਝਦੇ। ਸ਼ੂਦਰ ਹੋਣ ਦੀ ਪੀੜ ਤੇ ਬ੍ਰਾਹਮਣ ਹੋਣ ਦੇ ਅਭਿਮਾਨ ਬਾਰੇ ਲੇਖਕ ਦਾ ਨਿੱਜੀ ਅਨੁਭਵ ਉਸ ਵੱਲੋਂ ਲਿਖੀ ਜੀਵਨੀ ਦੇ ਹਰ ਸ਼ਬਦ ਅੰਦਰੋਂ ਵੇਖਿਆ/ਮਹਿਸੂਸ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿਰਜੇ ਬਿੰਬ ਦੇ ਪਿਛੋਕੜ ਵਿਚ ਲੇਖਕ ਦੀ ਦ੍ਰਿਸ਼ਟੀ ਦਾ ਇਹ ਪ੍ਰਧਾਨ ਸਰੋਕਾਰ ਹੈ। ਇਹ ਲੇਖਕ ਦੀ ਨਿੱਜ ਦ੍ਰਿਸ਼ਟੀ ਦਾ ਆਧਾਰ ਹੈ। ਇਸ ਦ੍ਰਿਸ਼ਟੀ ਤੋਂ ਉਸ ਨੇ ਦੱਸੇ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ ਲਿਖੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਲੇਖਕ ਇੱਕ ਸ਼ਬਦ ਜਾਤ ਅਭਿਮਾਨ ਨਾਲ ਪਰਿਭਾਸ਼ਤ ਕਰਦਾ ਹੈ। ਇਹ ਸ਼ਬਦ ਉਸ ਦੀ ਜੀਵਨੀ ਰਚਨਾ ਦਾ ਕੇਂਦਰੀ ਸ਼ਬਦ ਹੈ। ਗੁਰੂ ਸਾਹਿਬ ਨਾਲ ਸੰਬੰਧਿਤ ਹਰੇਕ ਜੀਵਨ ਬ੍ਰਿਤਾਂਤ ਤੇ ਘਟਨਾ ਦੇ ਕੇਂਦਰ ਵਿਚ ਇਹ ਸ਼ਬਦ ਵਿਦਮਾਨ ਹੈ। ਇਸ ਸ਼ਬਦ ਨਾਲ ਉਸਾਰਿਆ ਬਿੰਬ ਗੁਰੂ ਜੀ ਵੱਲੋਂ ਵਰਣ-ਵਿਵਸਥਾ ਨੂੰ ਤੋੜ ਕੇ ਮਾਨਵ ਨੂੰ ਇੱਕੋ ਰੱਬ ਦਾ ਜੀਵ ਮੰਨਣ ਦੇ ਗੁਰਮਤਿ ਸਿਧਾਂਤ ਉੱਤੇ ਉਸਾਰਿਆ ਹੋਇਆ ਹੈ। ਵਰਣ-ਵਿਵਸਥਾ ਅਧੀਨ ਅਖੌਤੀ ਨੀਵੇਂ ਵਰਣਾਂ ਨਾਲ ਕੀਤੇ ਜਾਂਦੇ ਦੁਰਵਿਵਹਾਰ ਨਾਲ ਟੁੱਟਦੇ ਮਨਾਂ ਨੂੰ ਢਾਰਸ ਬਣਾਉਂਦੇ ਗੁਰੂ ਜੀ ਇਸ ਜੀਵਨੀ ਅੰਦਰ ਸਜੀਵ ਹੋ ਵਿਚਰਦੇ ਹਨ। ਉਨ੍ਹਾਂ ਵੱਲੋਂ ਕੀਤੇ ਕਾਰਜਾਂ ਨੂੰ ਉਲੀਕਦਿਆਂ ਲੇਖਕ ਗੁਰੂ ਜੀ ਦੇ ਉਪਕਾਰਾਂ ਦੀ ਗੱਲ ਕਰਦਾ ਹੈ। ਇਹ ਉਪਕਾਰ ਇਸ ਤਰ੍ਹਾਂ ਹਨ : ਦੇਹ ਅਰੋਗਤਾ ਹਿੱਤ ਕਾਰਜ, ਮਹਾਂਮਾਰੀ ਤੇ ਕਾਲ ਪੀੜਤਾਂ ਦੀ ਸਹਾਇਤਾ, ਲੰਗਰਾਂ ਦਾ ਪ੍ਰਬੰਧ, ਨਗਰ ਉਸਾਰੀ, ਸਰੋਵਰਾਂ ਅਤੇ ਖੂਹਾਂ ਨਾਲ ਪਾਣੀ ਦੇ ਪ੍ਰਬੰਧ ਕਰਨੇ, ਸਖੀ ਸਰਵਰ ਦੇ ਰੂਪ ਵਿਚ ਸ਼ੁਰੂ ਹੋਈ ਬੁੱਤ ਪੂਜਾ ਦਾ ਵਿਰੋਧ ਕਰਨਾ, ਮਾਲੀਆ ਮੁਆਫ ਕਰਵਾਉਣਾ, ਵਿਸ਼ੇਸ਼ ਟੈਕਸ ਵਸੂਲ ਦਾ ਡਟਵਾਂ ਵਿਰੋਧ ਕਰਨਾ ਆਦਿ।

ਪ੍ਰੋ. ਸਾਹਿਬ ਸਿੰਘ ਇਨ੍ਹਾਂ ਲੋਕ-ਹਿੱਤ ਦੇ ਕਾਰਜਾਂ ਦੁਆਲੇ ਗੁਰੂ ਜੀਵਨ ਸਿਰਜਦਾ ਹੋਇਆ ਸੰਗਤ-ਪੰਗਤ ਦੀ ਵਿਵਸਥਾ ਨੂੰ ਵਰਣ-ਵਿਵਸਥਾ ਨੂੰ ਖਤਮ ਕਰਨ ਵਾਲੀ

ਵੱਡੀ ਸਮਾਜਿਕ ਸਰਗਰਮੀ ਵਜੋਂ ਚਿਤਰਦਾ ਹੋਇਆ ਗੁਰੂ ਜੀ ਦਾ ਉਪਕਾਰੀ ਬਿੰਬ ਸਿਰਜਦਾ ਹੈ। ਇਸ ਉਪਕਾਰ ਦਾ ਵਿਰੋਧ ਜਾਤ-ਅਭਿਮਾਨੀ ਲੋਕ ਕਰਦੇ ਹਨ, ਇਹ ਜਾਤ-ਅਭਿਮਾਨੀ ਲੋਕ ਲੇਖਕ ਦੀ ਦ੍ਰਿਸ਼ਟੀ ਵਿਚ ਗੁਰਮਤਿ ਦੇ ਮੁੱਖ ਵਿਰੋਧੀ ਹਨ। ਗੁਰੂ ਜੀ ਦੇ ਇਹ ਕਾਰਜ ਇਨ੍ਹਾਂ ਲੋਕਾਂ ਨੂੰ ਹੀ ਸਰਬ-ਸਾਂਝੀਵਾਲਤਾ ਅਤੇ *ਏਕ ਨੂਰ ਤੇ ਸਭੁ ਜਗੁ ਉਪਜਿਆ* ਦਾ ਉਪਦੇਸ਼ ਮਨਾਉਣ ਦੇ ਸਾਧਨ ਵਜੋਂ ਹੋਂਦਸ਼ੀਲ ਹੁੰਦੇ ਹਨ। ਪ੍ਰੋ. ਸਾਹਿਬ ਸਿੰਘ ਇਸ ਜੁਗਤ ਨਾਲ ਇਸ ਜੀਵਨ ਬ੍ਰਿਤਾਂਤ ਅੰਦਰ ਗੁਰੂ ਜੀ ਦਾ ਬਲਸ਼ਾਲੀ ਉਪਕਾਰੀ ਬਿੰਬ ਸਿਰਜਦੇ ਹਨ। ਇਸ ਤਰ੍ਹਾਂ ਉਪਕਾਰੀ ਬਿੰਬ ਇਸ ਰਚਨਾ ਦਾ ਪ੍ਰਧਾਨ ਬਿੰਬ ਹੈ।

ਪ੍ਰੋ. ਸਾਹਿਬ ਸਿੰਘ ਵੱਲੋਂ ਸਿਰਜੇ ਉਪਕਾਰੀ ਬਿੰਬ ਦੇ ਸੰਦਰਭ ਵਿਚ ਉਨ੍ਹਾਂ ਵੱਲੋਂ ਲਿਖੇ ਇਹ ਵਾਕ ਗੁਰੂ ਜੀ ਦੇ ਉਪਕਾਰੀ ਬਿੰਬ ਨੂੰ ਹੋਰ ਨਿਖਾਰ ਦਿੰਦੇ ਹਨ। ਇਸ ਸੰਬੰਧ ਵਿਚ ਉਹ ਪੰਨੇ ੮੫-੮੬ 'ਤੇ ਲਿਖਦੇ ਹਨ :

> ਭੁੱਖਿਆਂ ਤੇ ਰੋਗ-ਗ੍ਰਸਿਆਂ ਨੂੰ ਮੌਤ ਦੇ ਮੂੰਹੋਂ ਬਚਾਣ ਲਈ ਆਪਣੇ ਜਿਗਰ ਦੇ ਟੁੱਕੜੇ ਇਸ ਕੋਮਲ ਜਿੰਦੜੀ ਨੂੰ ਉੱਥੇ ਉੱਥੇ ਲਈ ਫਿਰਦੇ ਰਹੇ, ਜਿਥੇ ਤਾਪ ਤੇ ਸੀਤਲਾ ਦੀ ਹੋਣੀ ਦਾ ਰਾਜ ਸੀ। ਸੰਨ ੧੫੯੮ ਵਿਚ ਲਾਹੌਰ ਸ਼ਹਿਰ ਤਾਂ ਸਚਮੁਚ ਨਰਕ ਬਣਿਆ ਪਿਆ ਸੀ। ਮੁਰਦਿਆਂ ਦੇ ਢੇਰ ਗਲੀਆਂ ਬਜ਼ਾਰਾਂ ਵਿਚ ਲੱਗੇ ਰਹਿੰਦੇ ਸਨ, ਤ੍ਰੱਕਿਹਾਣ ਇਤਨੀ ਕਿ ਕੋਈ ਮੂੰਹ ਨਹੀਂ ਸੀ ਉਧਰ ਕਰ ਸਕਦਾ। ਪਰ ਤੱਕੋ ਮਰਦਾਨਗੀ ਗੁਰੂ ਅਰਜਨ ਪਾਤਿਸ਼ਾਹ ਦੀ। ਗਲੀ ਗਲੀ ਘਰ ਘਰ ਜਾ ਕੇ ਮੌਤ ਨਾਲ ਘੁਲਦੇ ਬੰਦਿਆਂ ਨੂੰ ਹੱਲਾਸ਼ੇਰੀ ਤੇ ਦਵਾ-ਦਾਰੂ ਦੇਂਦੇ ਰਹੇ। ਅੱਠ ਮਹੀਨੇ ਉਥੇ ਰਹੇ। ਉਥੇ ਭੀ ਕੋਮਲ ਜਿੰਦੜੀ (ਗੁਰੂ) ਹਰਿਗੋਬਿੰਦ ਸਾਹਿਬ ਨਾਲ ਹੀ ਸਨ। ਇਸ ਲੰਬੀ ਕੁਰਬਾਨੀ ਦਾ ਹੀ ਨਤੀਜਾ ਸੀ ਕਿ ਆਖ਼ਰ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਭੀ ਸੀਤਲਾ ਨੇ ਆ ਦਬਾਇਆ ਸੀ।

ਇਸ ਜੀਵਨੀ ਵਿਚ ਪ੍ਰੋ. ਸਾਹਿਬ ਸਿੰਘ ਨੇ ਆਦਿ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਬਾਰੇ ਬ੍ਰਿਤਾਂਤ ਪੇਸ਼ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰੂ ਬਿੰਬ ਵੀ ਸਿਰਜਿਆ ਹੈ। ਇਸ ਬੀੜ ਨੂੰ ਅਬਦਲ ਤੇ ਅਕਾਲ ਪੁਰਖੀ ਬਾਣੀ ਦੇ ਦਰਜੇ ਨਾਲ ਜਾਤ-ਅਭਿਮਾਨੀਆਂ ਵੱਲੋਂ ਇਸ ਅੰਦਰ ਧਰਮ ਵਿਸ਼ੇਸ਼ ਖਾਸ ਕਰਕੇ ਰਾਜ ਧਰਮ ਇਸਲਾਮ ਪੱਖੀ ਤਬਦੀਲੀ ਦੀ ਸਾਜ਼ਿਸ਼ ਨੂੰ ਨਾਕਾਮ ਹੁੰਦਾ ਚਿੱਤਰਿਆ ਹੈ।

ਪ੍ਰੋ. ਸਾਹਿਬ ਸਿੰਘ ਗੁਰੂ ਜੀ ਦੇ ਸ਼ਹਾਦਤੀ ਬਿੰਬ ਦੀ ਸਿਰਜਣਾ ਵੀ ਜਾਤ-ਅਭਿਮਾਨੀ ਦ੍ਰਿਸ਼ਟੀ ਤੋਂ ਚੰਦੂ ਸਮੇਤ ਹੋਰ ਗੁਰਮਤਿ ਵਿਰੋਧੀ ਲੋਕਾਂ ਦੀ ਸਾਜ਼ਿਸ਼ ਦੇ ਚਿੱਤਰਣ ਨਾਲ ਕਰਦੇ ਹੋਏ ਲਿਖਦੇ ਹਨ :

> ਆਖ਼ਰ ਇਹਨਾਂ ਲੋਕਾਂ ਦਾ ਦਾਅ ਲੱਗ ਗਿਆ। ਜਹਾਂਗੀਰ ਦੇ ਪੁੱਤਰ ਖ਼ੁਸਰੋ ਨੇ ਬਗ਼ਾਵਤ ਕੀਤੀ। ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਚੁੱਭ ਰਹੀ ਸੀ, ਉਹਨਾਂ ਨੇ ਜਹਾਂਗੀਰ ਨੂੰ ਭਖਾਇਆ ਕਿ ਗੁਰੂ ਅਰਜਨ ਸਾਹਿਬ ਨੇ ਭੀ ਖ਼ੁਸਰੋ ਦੀ ਸਹਾਇਤਾ ਕੀਤੀ ਸੀ। ਸੋ, ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਗ਼ਰੀਬਾਂ ਦੀ ਬਾਂਹ ਫੜਨ ਕਰਕੇ ਗੁਰੂ ਅਰਜਨ ਦੇਵ ਜੀ ਨੇ ਜ਼ਾਲਮਾਂ ਦੇ ਦਿੱਤੇ ਤਸੀਹੇ ਤਿੰਨ ਚਾਰ ਦਿਨ ਸਹਾਰ ਸਹਾਰ ਕੇ ੩੦ ਮਈ ਸੰਨ ੧੬੦੬ ਨੂੰ ਸ਼ਹੀਦੀ ਪਾਈ। (ਪੰਨਾ ੭੪)

ਇਸ ਤਰ੍ਹਾਂ ਪ੍ਰੋ. ਸਾਹਿਬ ਸਿੰਘ ਜਾਤ-ਅਭਿਮਾਨੀ ਸਾਜ਼ਿਸ਼ ਦੇ ਸਰੋਕਾਰ ਨੂੰ ਕੇਂਦਰ ਵਿਚ ਰੱਖ ਕੇ ਗੁਰੂ ਜੀ ਦੇ ਸ਼ਹਾਦਤੀ ਬਿੰਬ ਦੀ ਸਿਰਜਣਾ ਕਰਦਾ ਹੈ।

ਇਸ ਜੀਵਨ ਬ੍ਰਿਤਾਂਤ ਵਿਚ ਗੁਰੂ ਜੀ ਅੰਦਰ ਨਿਵਾਸ ਕਰਦੀ ਨਿਮਰਤਾ ਦਾ ਖਾਸ ਜ਼ਿਕਰ ਕਰਦਿਆਂ ਲਿਖਦਾ ਹੈ :

> ਸਹਿਨ-ਸ਼ੀਲਤਾ: ਬੀਰਬਲ ਆਦਿਕ ਜਾਤਿ-ਅਭਿਮਾਨੀ ਬ੍ਰਾਹਮਣਾਂ ਦੀ ਸ਼ਹਿ ਅਤੇ ਨਿੱਜੀ ਈਰਖਾ ਦੇ ਕਾਰਨ ਪ੍ਰਿਥੀ ਚੰਦ ਨੇ ਗੁਰੂ ਅਰਜਨ ਸਾਹਿਬ ਉਤੇ ਅਨੇਕਾਂ ਵਧੀਕੀਆਂ ਕੀਤੀਆਂ, ਪਰ ਉਹ ਸਦਾ ਖਿੜੇ-ਮੱਥੇ ਜਰਦੇ ਰਹੇ। ਪ੍ਰਿਥੀ ਚੰਦ ਨੇ ਕਈ ਮਹੀਨੇ ਅੰਮ੍ਰਿਤਸਰ ਗੁਰੂ-ਘਰ ਦੀ ਨਾਕਾ-ਬੰਦੀ ਕੀਤੀ ਰੱਖੀ, ਸਤਿਗੁਰੂ ਜੀ ਦੀ ਇਹ ਸਹਿਨ-ਸ਼ੀਲਤਾ ਹੀ ਸੀ ਜਿਸ ਦੇ ਅਸਰ ਹੇਠ ਕੋਈ ਸਿੱਖ ਭੀ ਵਿਰੋਧੀਆਂ ਨਾਲ ਖਰ੍ਹਵਾ ਨਾ ਹੋ ਸਕਿਆ। ਜਦੋਂ ਗੁਰੂ ਕੇ ਦਰਬਾਰ ਦੀ ਮਾਇਕ ਆਮਦਨ ਨਾਮ-ਮਾਤ੍ਰ ਹੀ ਰਹਿ ਗਈ ਅਤੇ ਸੱਤਾ ਬਲਵੰਡ ਰਬਾਬੀ ਭੀ ਹੋਛੇ ਰਵੱਈਏ ਤੇ ਉਤਰੇ ਤਦੋਂ ਭੀ ਗੁਰੂ ਅਰਜਨ ਸਾਹਿਬ ਨੇ ਉਸ ਨਿਰਾਦਰੀ ਨੂੰ ਬੜੇ ਠੰਢੇ ਜਿਗਰੇ ਤੇ ਗੰਭੀਰਤਾ ਨਾਲ ਸਹਾਰਿਆ। ਉਸ ਵੇਲੇ ਸਤਿਗੁਰੂ ਜੀ ਦੀ ਉਮਰ ਅਠਾਰ੍ਹਾਂ ਉੱਨੀ ਸਾਲਾਂ ਦੀ ਹੀ ਸੀ। ਇਸ ਉਮਰ ਦੇ ਗੱਭਰੂ ਦਾ ਲਹੂ ਰਤਾ ਕੁ ਭੀ ਹੌਲੇ ਸਲੂਕ ਨਾਲ ਜੋਸ਼ ਵਿਚ ਆ ਜਾਂਦਾ ਹੈ। ਪਰ ਰੱਬੀ ਨੂਰ ਗੁਰੂ ਅਰਜਨ ਸਾਹਿਬ ਦਾ ਜਿਗਰਾ ਸਮੁੰਦਰਾਂ ਵਰਗਾ ਸੀ, ਕਦੇ ਭੀ ਮੱਥੇ ਉਤੇ ਵੱਟ ਨਾ ਪੈਣ ਦਿੱਤੇ ਨੇ। (ਪੰਨਾ ੮੪)

ਇਸ ਤਰ੍ਹਾਂ ਉਹ ਗੁਰੂ ਜੀ ਦਾ ਨਿਮਰ ਬਿੰਬ ਸਿਰਜਦੇ ਹਨ।

ਲੇਖਕ ਗੁਰੂ ਜੀ ਦੀ ਸ਼ਹਾਦਤ ਦਾ ਕਸੂਰਵਾਰ ਤੁਜ਼ਕ-ਏ-ਜਹਾਂਗੀਰੀ ਦੇ ਹਵਾਲੇ ਨਾਲ ਜਹਾਂਗੀਰ ਨੂੰ ਮੰਨਣ ਦੇ ਨਾਲ-ਨਾਲ ਬਹੁਤਾ ਜ਼ੋਰ ਜਾਤ-ਅਭਿਮਾਨੀ ਸੱਤਾਧਾਰੀ ਧਿਰਾਂ ਉੱਤੇ ਦਿੰਦਾ ਹੈ। ਸਾਈਂ ਮੀਆਂ ਮੀਰ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ

ਦਰਬਾਰ ਸਾਹਿਬ ਦੀ ਨੀਂਹ ਰਖਵਾਉਣ ਵਾਲੇ ਹਵਾਲੇ ਬਾਰੇ ਪੰਨਾ ੨੫ 'ਤੇ ਲਿਖਦਾ ਹੈ:

"ਸਾਈਂ ਮੀਆਂ ਮੀਰ ਜੀ ਬੰਦਗੀ ਵਾਲੇ ਮਹਾਂਪੁਰਸ਼ ਸਨ। ਮਜ਼੍ਹਬੀ ਤੰਗ-ਦਿਲੀ ਤੇ ਪੱਖ-ਪਾਤ ਦਾ ਉਹਨਾਂ ਉਤੇ ਕੋਈ ਅਸਰ ਨਹੀਂ ਸੀ।"

ਲੇਖਕ ਦਾ ਇਹ ਵਿਚਾਰ ਸਾਂਝੀਵਾਲਤਾ ਦੇ ਸੰਦੇਸ਼ ਅਧੀਨ ਰੂਪ ਧਾਰਦਾ ਹੈ ਜਿਹੜਾ ਉਸ ਵੱਲੋਂ ਜਾਤ-ਅਭਿਮਾਨੀ ਲੋਕਾਂ ਵਿਰੁੱਧ ਅਪਣਾਈ ਦ੍ਰਿਸ਼ਟੀ ਦੀ ਹੀ ਪੁਸ਼ਟੀ ਕਰਦਾ ਹੈ।

ਸਾਰ ਰੂਪ ਵਿਚ ਲਿਖਦਿਆਂ ਇਹ ਆਖਣਾ ਯੋਗ ਹੈ ਕਿ ਪ੍ਰੋ. ਸਾਹਿਬ ਸਿੰਘ ਵੱਲੋਂ ਰਚੀ ਇਹ ਜੀਵਨੀ ਜਾਤ-ਅਭਿਮਾਨੀ ਸ਼ਬਦ ਦੁਆਲੇ ਉਸਰੀ ਸੰਖੇਪ ਪਰ ਸਾਬਤ ਰਚਨਾ ਹੈ। ਪੁਸ਼ਟੀ ਵਾਸਤੇ ਇਹ ਅੰਕੜਾ ਦੇਣਾ ਸਾਰਥਕ ਹੋਵੇਗਾ ਕਿ ਲੇਖਕ ਇਸ ਜੀਵਨੀ ਵਿਚ ਜਾਤ-ਅਭਿਮਾਨੀ ਸ਼ਬਦ ੨੨ ਵਾਰ ਵਰਤਦਾ ਹੈ ਤੇ ਹਰ ਪ੍ਰਮੁੱਖ ਕਾਰਜ ਦੇ ਵਿਰੋਧ ਦਾ ਵਰਣਨ ਕਰਨ ਲੱਗਿਆਂ ਇਸ ਸ਼ਬਦ ਨਾਲ ਪਰਿਭਾਸ਼ਤ ਹੁੰਦੇ ਗੁਰਮਤਿ ਵਿਰੋਧੀ ਲੋਕਾਂ ਦਾ ਜ਼ਿਕਰ ਜ਼ਰੂਰ ਕਰਦਾ ਹੈ।

ਪ੍ਰੋ. ਸਾਹਿਬ ਸਿੰਘ ਇਸ ਜੀਵਨੀ ਦੇ ਕੁੱਲ ਕਾਂਡਾਂ ਨੂੰ ਅਦ੍ਰਿਸ਼ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਦਾ ਹੈ ਪਹਿਲਾ ਭਾਗ ਕਾਂਡ ਨੰਬਰ ਇਕ ਤੋਂ ਨੌਵੇਂ ਕਾਂਡ ਤਕ ਹੈ। ਇੱਥੋਂ ਤਕ ਜੀਵਨੀ ਮੁਕੰਮਲ ਹੋ ਜਾਂਦੀ ਹੈ। ਦੂਜੇ ਭਾਗ ਕਾਂਡ ਦਸਵੇਂ ਵਿਚ ਉਨ੍ਹਾਂ ਨਾਲ ਸੰਬੰਧਿਤ ਸਥਾਨ ਤੇ ਬਾਣੀ ਬਾਰੇ ਜਾਣਕਾਰੀ ਦਰਜ ਕੀਤੀ ਗਈ ਹੈ ਅਤੇ ਤੀਜੇ ਭਾਗ ਕਾਂਡ ਗਿਆਰ੍ਹਵੇਂ ਵਿਚ ਸੰਖੇਪ ਰੂਪ ਵਿਚ ਗੁਰੂ ਜੀ ਦੀ ਸ਼ਖ਼ਸੀਅਤ, ਤਾਲੀਮ ਅਤੇ ਵਰਸੋਏ ਸਿੱਖਾਂ ਬਾਰੇ ਚੋਣਵੀਆਂ ਸਾਖੀਆਂ ਨੂੰ ਪੇਸ਼ ਕੀਤਾ ਗਿਆ ਹੈ। ਇਹ ਖੰਡ-ਵੰਡ ਵਾਲੀ ਸ਼ੈਲੀ ਪ੍ਰੋ. ਸਾਹਿਬ ਸਿੰਘ ਦੀ ਖ਼ੁਦ ਦੀ ਸ਼ਖ਼ਸੀਅਤ ਅੰਦਰ ਨਿਵਾਸ ਕਰਦੇ ਸੰਜਮੀ ਗੁਣਾਂ ਅਤੇ ਵਿਆਕਰਣ ਦਾ ਵਿਦਵਾਨ ਹੋਣ ਦੇ ਨਾਤੇ ਗੱਲ ਕਹਿਣ ਤੇ ਸਮਝਾਉਣ ਦੀ ਸਪੱਸ਼ਟ ਤੇ ਸਵੱਛ ਸੂਝ ਕਾਰਨ ਸੰਭਵ ਹੋਈ ਹੈ। ਉਸ ਨੇ ਇਹ ਜੀਵਨੀ ਵੀ ਵਿਆਕਰਣ ਲਿਖਣ ਵਾਂਗ ਹੀ ਲਿਖੀ ਹੈ; ਫਰਕ ਸਿਰਫ ਇਹ ਹੈ ਕਿ ਇਸ ਜੀਵਨੀ ਰਾਹੀਂ ਉਸ ਨੇ ਬਾਣੀ ਨੂੰ ਅਕਾਲ ਪੁਰਖ ਦਾ ਦਰਜਾ ਦੇਣ ਵਾਲੀ ਭਾਸ਼ਾ ਦੀ ਥਾਂ, ਗੁਰੂ-ਪੁਰਖ ਦੀ ਸ਼ਖ਼ਸੀਅਤ ਦਾ ਵਿਆਕਰਣ ਲਿਖ ਦਿੱਤਾ ਹੈ। ਇਸ ਗੁਣ ਕਾਰਨ ਇਹ ਜੀਵਨੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਸਾਹਿਤ, ਖਾਸ ਕਰਕੇ ਪੰਜਾਬੀ ਸਾਹਿਤ ਅੰਦਰ ਨਿਵੇਕਲਾ ਸਥਾਨ ਰੱਖਦੀ ਹੈ।

ਪ੍ਰੋ. ਸਾਹਿਬ ਸਿੰਘ ਜੀ ਨੇ ਹੋਰ ਗੁਰੂ ਸਾਹਿਬਾਨ : ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਹਰਿਰਾਇ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਵੀ ਇਸੇ ਵਿਧੀ ਅਨੁਸਾਰ ਲਿਖੇ ਹਨ। ■

# ਰੱਬ ਖੋਟੇ ਵੀ ਖਰੇ ਕਰ ਦਿੰਦਾ ਹੈ

*-ਡਾ. ਜਸਵੰਤ ਸਿੰਘ ਨੇਕੀ**

ਮੈਂ ਤੀਸਰੀ ਜਮਾਤ ਵਿਚ ਪੜ੍ਹਦਾ ਸਾਂ। ਕਿਤੋਂ ਇਕ ਖੋਟਾ ਰੁਪਿਆ ਮੇਰੇ ਪਾਸ ਆ ਗਿਆ। ਉਹ ਇਤਨਾ ਖੋਟਾ ਸੀ ਕਿ ਜਿਸ ਕਿਸੇ ਨੂੰ ਦਿੱਤਾ ਉਸ ਨੇ ਭੈੜੀ ਤਰ੍ਹਾਂ ਮੇਰੇ ਵੱਲ ਵੇਖਿਆ ਤੇ ਰੁਪਿਆ ਮੋੜ ਦਿੱਤਾ। ਮੈਂ ਫਿਰ ਉਹ ਕਿਤੇ ਚਲਾਣ ਦਾ ਖਿਆਲ ਤਿਆਗ ਦਿੱਤਾ, ਪਰ ਉਹ ਮੈਂ ਆਪਣੀ ਜੇਬ ਵਿਚ, ਪਤਾ ਨਹੀਂ ਕਿਉਂ, ਰੱਖ ਛੱਡਿਆ। ਜਦ ਕੱਪੜੇ ਬਦਲਾਂ ਵੀ ਤਾਂ ਮੈਲੀ ਕਮੀਜ਼ ਵਿੱਚੋਂ ਕੱਢ ਕੇ ਉਜਲੀ ਦੀ ਜੇਬ ਵਿਚ ਪਾ ਲਿਆ ਕਰਾਂ।

ਇਕ ਦਿਨ ਬਸਤਾ ਕੱਛੇ ਮਾਰੀ ਸਕੂਲ ਤੋਂ ਪਰਤ ਰਿਹਾ ਸਾਂ ਕਿ ਇਕ ਮੁਸਲਮਾਨ ਫ਼ਕੀਰ ਮੈਨੂੰ ਰਾਹ ਵਿਚ ਰੋਕ ਕੇ ਆਖਣ ਲੱਗਾ, "ਬੇਟਾ ਫਕੀਰ ਕੋ ਰੋਟੀ ਖਿਲਾ ਦੋ।"ਮੈਂ ਕਿਹਾ, "ਮੇਰੇ ਕੋਲ ਤਾਂ ਪੈਸੇ ਕੋਈ ਨਹੀਂ।" ਕਹਿਣ ਲੱਗਾ, "ਏਕ ਰੁਪਿਆ ਤੋ ਹੈ।" ਮੈ ਕਿਹਾ, "ਉਹ ਤਾਂ ਖੋਟਾ ਹੈ।" ਕਹਿਣ ਲੱਗਾ, "ਮੁਝੇ ਮਾਲੂਮ ਹੈ, ਪਰ ਆਜ ਚਲੇਗਾ।" ਮੈਂ ਕਿਹਾ, "ਜੇ ਚਲੇਗਾ, ਤਾਂ ਜ਼ਰੂਰ ਰੋਟੀ ਖੁਆਲ ਦਿਆਂਗਾ।"

ਨੁੱਕਰ ਤੇ ਨਾਨਬਾਈ ਦੀ ਦੁਕਾਨ ਸੀ। ਉੱਥੇ ਮੈਂ ਫਕੀਰ ਨੂੰ ਲੈ ਗਿਆ। ਮੈਂ ਪਹਿਲਾਂ ਰੁਪਿਆ ਜੇਬ 'ਚੋਂ ਕੱਢ ਕੇ ਨਾਨਬਾਈ ਨੂੰ ਦਿੱਤਾ ਤਾਂ ਜੁ ਜੇਕਰ ਉਸ ਨੂੰ ਖੋਟਾ ਲੱਗੇ ਤਾਂ ਤੁਰੰਤ ਮੋੜ ਦੇਵੇ। ਪਰ ਉਸ ਨੇ ਮੋੜਿਆ ਨਹੀਂ, ਸਗੋਂ ਮੇਰੇ ਵੱਲ ਵੇਖਣ ਲੱਗਾ ਕਿ ਮੈਂ ਕਿਸ ਲਈ ਦਿੱਤਾ ਹੈ। ਤਦ ਮੈਂ ਉਸ ਨੂੰ ਆਖਿਆ, "ਅੱਠ ਆਨੇ ਦੀ ਰੋਟੀ ਫਕੀਰ ਨੂੰ ਖੁਆ ਦੇ ਤੇ ਬਾਕੀ ਮੈਨੂੰ ਮੋੜ ਦੇ।" ਉਸ ਨੇ ਆਪਣੀ ਪੱਛੀ ਵਿੱਚੋਂ ਇਕ ਅਠਾਨੀ ਮੈਨੂੰ ਮੋੜ ਦਿੱਤੀ ਤੇ ਫਕੀਰ ਨੂੰ ਰੋਟੀ ਖਾਣ ਲਈ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਫਕੀਰ ਨੂੰ ਸਲਾਮ ਕੀਤਾ ਤੇ ਇਜਾਜ਼ਤ ਲਈ। ਫਕੀਰ ਨੇ ਮੇਰੇ ਕੰਨ ਵਿਚ ਕਿਹਾ, "ਨੀਅਤ ਰਾਸ ਰੱਖੀਏ ਤਾਂ ਰੱਬ ਆਪਣੀ ਮਿਹਰ ਨਾਲ ਖੋਟੇ ਵੀ ਖਰੇ ਕਰ ਦਿੰਦਾ ਹੈ। ਸਿਰਫ ਸਿੱਕਿਆਂ ਨੂੰ ਹੀ ਨਹੀਂ, ਬੰਦਿਆ ਨੂੰ ਵੀ।" (੧੯੩੩)

## ਪੰਚਾਮ੍ਰਿਤ ਕੀ ਹੁੰਦਾ ਹੈ?

ਮੇਰੇ ਦਾਦਾ ਜੀ ਨੇ ਇਕ ਦਿਨ ਮੈਨੂੰ ਪੁੱਛਿਆ, "ਕਾਕਾ ਤੈਨੂੰ ਪਤਾ ਏ ਅੰਮ੍ਰਿਤ ਕੀ ਹੁੰਦਾ ਏ?" ਮੈਂ ਉੱਤਰ ਦਿੱਤਾ, "ਹਾਂ ਬਾਬਾ ਜੀ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਲੋਹ ਦੇ ਬਾਟੇ ਵਿਚ ਜਲ ਪਾ ਕੇ, ਬੀਰ ਆਸਣ ਵਿਚ ਖੰਡੇ ਨਾਲ ਉਸਨੂੰ ਮਥਿਆ ਤੇ ਨਾਲ ਪੰਜ ਬਾਣੀਆਂ ਦਾ ਪਾਠ ਵੀ ਕੀਤਾ। ਮਾਤਾ ਸਾਹਿਬ ਦੇਵਾਂ ਨੇ ਵਿਚ ਪਤਾਸੇ ਪਾਏ। ਇਸ ਅਦੁੱਤੀ ਰਸਾਇਣ ਨੂੰ ਸਿੱਖੀ ਇਸਤਲਾਹ ਵਿਚ ਅੰਮ੍ਰਿਤ ਕਹਿੰਦੇ ਹਨ।"

"ਕਾਕਾ ਉਹ ਤਾਂ ਅੰਮ੍ਰਿਤ ਹੈ ਈ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਹੈ। ਇਕ ਅੰਮ੍ਰਿਤ ਹੋਰ ਵੀ ਹੈ ਜਿਸ ਦਾ ਭੁੰਚਨ ਤੂੰ ਹਰ ਰੋਜ਼ ਕਰਦਾ ਹੈਂ। ਉਹ ਤੇਰੀ ਮਾਂ

ਸਿਰਜਦੀ ਹੈ। ਸਵੇਰੇ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਤੇਰਾ ਨਾਸ਼ਤਾ ਤਿਆਰ ਕਰਦੀ ਹੈ। ਫਿਰ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਦੁਪਹਿਰ ਦੇ ਲੰਗਰ ਦਾ ਆਯੋਜਨ ਕਰਦੀ ਹੈ। ਫਿਰ ਲੌਢੇ ਵੇਲੇ ਅਨੰਦ ਸਾਹਿਬ ਦਾ ਪਾਠ ਕਰਦਿਆਂ ਸ਼ਾਮ ਦੇ ਚਾਹ ਪੀਣ ਦਾ ਬੰਦੋਬਸਤ ਕਰਦੀ ਹੈ। ਰਾਤੀਂ ਰਹਰਾਸਿ ਸਾਹਿਬ ਦਾ ਪਾਠ ਕਰਦਿਆਂ ਰਾਤ ਦੀ ਰੋਟੀ ਬਣਾ ਕੇ ਪਰੋਸਦੀ ਹੈ; ਤੇ ਮਗਰੋਂ ਕੀਰਤਨ ਸੋਹਿਲੇ ਦਾ ਪਾਠ ਕਰਦਿਆਂ ਤੁਹਾਡੇ ਲਈ ਦੁੱਧ ਦਾ ਗਿਲਾਸ ਲੈ ਕੇ ਆਉਂਦੀ ਹੈ। ਉਹ, ਪੰਜ ਵੇਲੇ ਦਾ ਇਹ ਪੰਚਾਮ੍ਰਿਤ ਤੁਹਾਡੇ ਲਈ ਤਿਆਰ ਕਰਦੀ ਹੈ। ਇਸੇ ਨੂੰ ਛੱਤੀ ਅੰਮ੍ਰਿਤ ਵੀ ਕਹਿੰਦੇ ਹਨ। ਜਾ! ਆਪਣੀ ਮਾਂ ਨੂੰ ਰੱਬ ਦਾ ਰੂਪ ਸਮਝ ਕੇ ਮੱਥਾ ਟੇਕ!"

"ਬਾਬਾ ਜੀ! ਤੁਸਾਂ ਮੇਰੀ ਮਾਂ ਦਾ ਜੋ ਰੂਪ ਮੇਰੇ 'ਤੇ ਸਪੱਸ਼ਟ ਕੀਤਾ ਹੈ, ਉਹ ਤਾਂ ਦਿਨ ਵਿਚ ਪੰਜ ਵੇਲੇ ਮੱਥਾ ਟਿਕਾਉਣ ਦੀ ਅਧਿਕਾਰੀ ਹੈ। ਮੈਂ ਜ਼ਰੂਰ ਮੱਥਾ ਟੇਕਿਆ ਕਰਾਂਗਾ, ਤੇ ਨਾਲ ਤੁਹਾਨੂੰ ਵੀ ਚੇਤੇ ਕਰਿਆ ਕਰਾਂਗਾ, ਜਿਨ੍ਹਾਂ ਇਹ ਮੱਤ ਦਿੱਤੀ ਏ।"

(੧੯੩੪)

## ਅਕਿਰਤਘਣਤਾ

ਬਾਰਸ਼ਾਂ ਦੇ ਦਿਨ ਸਨ। ਸੜਕਾਂ ਉੱਤੇ ਚਿੱਕੜ ਤੇ ਟੋਭਿਆਂ ਵਿਚ ਪਾਣੀ ਭਰਿਆ ਪਿਆ ਸੀ। ਇਕ ਸੂਰਮਾ ਸਿੰਘ ਸੜਕ ਦੇ ਪਾਰ ਜਾਣ ਲਈ ਖੜਾ ਸੀ। ਹੱਥ ਵਿਚ ਉਸ ਦੇ ਚਿੱਟੀ ਛੜੀ ਸੀ, ਪਰ ਆਵਾਜਾਈ ਤੋਂ ਡਰਦਾ ਥਾਏਂ ਖਲੋਤਾ ਸੀ। ਮੈਂ ਉਸ ਦੇ ਲਾਗੇ ਹੋਇਆ ਤੇ ਪੁੱਛਿਆ, "ਤੁਸਾਂ ਸੜਕ ਦੇ ਪਾਰਲੇ ਪਾਸੇ ਜਾਣਾ ਹੈ? ਮੈਂ ਆਪ ਦੀ ਮਦਦ ਕਰ ਸਕਦਾ ਹਾਂ?" ਉਸ ਨੇ ਮੇਰਾ ਹੱਥ ਫੜ ਲਿਆ ਤੇ ਹੌਲੀ-ਹੌਲੀ, ਬਚਦੇ ਬਚਾਂਦੇ ਅਸੀਂ ਸੜਕ ਦੇ ਪਾਰ ਹੋ ਗਏ। ਸੂਰਮਾ ਸਿੰਘ ਕਹਿਣ ਲੱਗਾ, "ਗੁਰਦੁਆਰਾ ਸਾਹਿਬ ਏਸੇ ਪਾਸੇ ਹੀ ਹੈ ਨਾ?" ਮੈਂ ਕਿਹਾ, "ਗੁਰਦੁਆਰਾ ਸਾਹਿਬ ਤਾਂ ਪਰਲੇ ਪਾਸੇ ਹੀ ਆਉਣਾ ਸੀ।" ਸੋ ਮੈਂ ਦੋਬਾਰਾ ਉਸ ਨੂੰ ਸੜਕ ਪਾਰ ਕਰਵਾ ਕੇ, ਫਿਰ ਗੁਰਦੁਆਰਾ ਸਾਹਿਬ ਤਕ ਲੈ ਗਿਆ। ਗੁਰਦੁਆਰਾ ਸਾਹਿਬ ਦਾ ਆਂਗਨ ਬੜਾ ਖੁੱਲ੍ਹਾ ਸੀ। ਉਸ ਵਿਚ ਖਲੋਤਿਆਂ ਜਦ ਮੈਂ ਅਸਮਾਨ ਵੱਲ ਵੇਖਿਆ ਤਾਂ ਬਦਲੀ ਦੇ ਫੰਭੇ ਇਕ ਦੂਜੇ ਨੂੰ ਬਾਹਾਂ ਵਿਚ ਲੈਂਦੇ ਜਾਂ ਇਕ ਦੂਏ ਦਾ ਮੂੰਹ ਚੁੰਮਦੇ ਦਿੱਸੇ। ਪੰਛੀਆਂ ਦਾ ਇਕ ਝੁੰਡ ਵੀ ਗੁਰਦੁਆਰਾ ਸਾਹਿਬ ਦੇ ਵਿਹੜੇ ਵਿਚ ਖਲੋਤੇ ਨਿੰਮ ਦੇ ਬ੍ਰਿਛਾਂ ਤੋਂ ਉਡ ਕੇ ਮੇਰੀਆਂ ਨਜ਼ਰਾਂ ਅੱਗੋਂ ਦੀ ਹੋ ਕੇ ਵਾਪਸ ਬ੍ਰਿਛਾਂ 'ਤੇ ਪਰਤ ਕੇ ਬਹਿ ਗਿਆ। ਬ੍ਰਿਛ ਦੀ ਜ਼ੇਰ ਦਰਖ਼ਤੀ ਵਿਚ ਫ਼ਰਸ਼ੀ ਫੁੱਲ ਕਈ ਰੰਗਾਂ ਦੇ ਖਿੜੇ ਹੋਏ ਸਨ।

ਕੁਝ ਬੱਚੇ ਉੱਥੇ ਆਪਸ ਵਿਚ ਗੱਲਾਂ ਕਰਦੇ ਬਾਰ-ਬਾਰ ਇਕ ਦੂਜੇ ਨਾਲ ਹੱਥ ਮਿਲਾ ਰਹੇ ਸਨ ਤੇ ਫਿਰ ਮੁਸਕ੍ਰਾ ਰਹੇ ਸਨ। ਮੈਂ ਸੋਚਿਆ, ਮੈਂ ਤਾਂ ਇਹ ਦ੍ਰਿਸ਼ ਮਾਣ ਰਿਹਾ ਹਾਂ। ਉਹ ਸੂਰਮਾ ਸਿੰਘ ਤਾਂ ਇਸ ਖੁਸ਼ੀ ਤੋਂ ਵੰਚਿਤ ਹੈ। ਮੈਂ ਰੱਬ ਦਾ ਧੰਨਵਾਦ ਕੀਤਾ ਕਿ ਉਸ ਨੇ ਨੇਤ੍ਰਾਂ ਦੀ ਦਾਤ ਮੈਨੂੰ ਦਿੱਤੀ ਹੋਈ ਹੈ। ਫਿਰ ਜਿਉਂ ਜਿਉਂ ਸੋਚੀ ਜਾਵਾਂ ਹੋਰ ਤੋਂ ਹੋਰ ਦਾਤਾਂ ਨਜ਼ਰੀਂ ਆਈ ਜਾਣ। ਮੈਂ ਸੋਚਿਆ "ਕਿਤਨਾ ਅਕਿਰਤਘਣ ਹਾਂ, ਮੈਂ ਇਤਨੀਆਂ ਦਾਤਾਂ ਲਈ ਕਦੇ ਕਰਤੇ ਦਾ ਸ਼ੁਕਰਾਨਾ ਨਹੀਂ ਕੀਤਾ।" ਮੇਰੀਆਂ

ਅੱਖਾਂ ਇਸ ਅਣਗਹਿਲੀ ਦੇ ਵਿਚਾਰ ਨਾਲ ਸੱਜਲ ਹੋ ਗਈਆਂ। ਤਦ ਸੂਰਮਾ ਸਿੰਘ ਸਹਿਵਾਨ ਹੀ ਬੋਲ ਪਿਆ, "ਅੱਜ ਬੱਦਲ ਵਾਈ ਜਾਪਦੀ ਹੈ-- ਹਵਾ ਠੰਢੀ ਵੀ ਹੈ ਤੇ ਇਸ ਵਿਚ ਨਮੀ ਵੀ। ਪੰਛੀ ਵੀ ਚੁਹਕ ਰਹੇ ਹਨ। ਬੱਚੇ ਵੀ ਖੇਡਦੇ ਤੇ ਹੱਸਦੇ ਪਏ ਲੱਗਦੇ ਹਨ। ਇੱਥੇ ਤਾਂ ਆਨੰਦ ਵਰਤ ਰਿਹੈ।" ਮੈਂ ਸੋਚਿਆ "ਆਨੰਦ ਮਾਣਨ ਲਈ ਅੱਖਾਂ ਜ਼ਰੂਰੀ ਨਹੀਂ ਹੁੰਦੀਆਂ।" ਪਰ ਮੈਂ ਤਾਂ ਅੱਖਾਂ ਹੁੰਦਿਆਂ ਵੀ ਅਨੰਦ ਘੱਟ ਹੀ ਮਾਣਿਆ ਹੈ। ਇਕ ਵਾਰ ਫਿਰ ਅਕਿਰਤਘਣਤਾ ਦਾ ਇਹਸਾਸ ਮੇਰੇ ਅੰਦਰੋਂ ਉੱਠ ਖਲੋਤਾ। (੧੯੫੩)

ਪੁਸਤਕ 'ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ' ਵਿੱਚੋਂ ਧੰਨਵਾਦ ਸਹਿਤ। ■

---

## *ਭਾਈ ਇੰਦਰ ਸਿੰਘ ਜੀ ਸ਼ਹੀਦ*

*ਸਫ਼ਾ 65 ਦਾ ਬਾਕੀ . . .*

ਕੀਤਾ ਤੇ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਤੋਂ ਜਥੇ ਭੇਜਣੇ ਸ਼ੁਰੂ ਕੀਤੇ। ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਅਪਣਾਅ ਲਿਆ ਤੇ ੪ ਅਗਸਤ ਨੂੰ ਮੋਰਚੇ ਦੀ ਕਮਾਨ ਬਤੌਰ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਜੀ ਨੇ ਸੰਭਾਲੀ। ਸਮੁੱਚਾ ਪੰਥ ਮੋਰਚੇ ਦੀ ਹਮਾਇਤ 'ਤੇ ਆ ਗਿਆ। ਸੰਤ ਜੀ ਨੇ ਆਪ ਭਾਈ ਇੰਦਰ ਸਿੰਘ ਜੀ ਨੂੰ ਮਹਿਤਿਓਂ ਆਪਣੇ ਕੋਲ ਸਦਵਾਇਆ ਤੇ ਲੰਗਰ ਤਿਆਰ ਕਰਨਾ ਆਪ ਜੀ ਦੇ ਜ਼ਿੰਮੇ ਲਾਇਆ।

੪ ਜੂਨ, ੧੯੮੪ ਈ. ਨੂੰ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕਰ ਦਿੱਤਾ। ਸੰਤਾਂ ਨੇ ਜਨਰਲ ਸੁਬੇਗ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਸੌਂਪੀ ਹੋਈ ਸੀ। ਉਨ੍ਹਾਂ ਨੇ ਅੰਤਮ ਸਵਾਸਾਂ ਤੀਕ ਇਸ ਜ਼ਿੰਮੇਵਾਰੀ ਨੂੰ ਨਿਭਾਇਆ। ਫੌਜ ਨੇ ਭਾਰੀ ਗੋਲਾਬਾਰੀ ਕੀਤੀ ਅੱਗੋਂ ਸਿੰਘਾਂ ਨੇ ਵੀ ਡਟ ਕੇ ਮੁਕਾਬਲਾ ਕੀਤਾ। ਅਖੀਰ ਵਿਚ ਸੰਤ ਜਰਨੈਲ ਸਿੰਘ ਜੀ, ਬਾਬਾ ਠਾਹਰਾ ਸਿੰਘ ਜੀ, ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਅਤੇ ਬੇਅੰਤ ਸਿੰਘ ਸਾਹਵੇਂ ਮੱਥੇ ਰਣ ਖੇਤਰ ਵਿਚ ਜੂਝੇ। ਸਿੰਘ ਸ਼ਹੀਦੀਆਂ ਪਾ ਕੇ ਸੱਚਖੰਡ ਗਏ। ਫੌਜ ਨੇ ਇਸ ਘੱਲੂਘਾਰੇ ਵਿਚ ਬੱਚਿਆਂ, ਜਵਾਨਾਂ ਤੇ ਬੁੱਢਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ। ਭਾਈ ਇੰਦਰ ਸਿੰਘ ਜੀ ਵੀ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਸ਼ਹੀਦ ਹੋ ਗਏ। ਮਰਜੀਵੜਿਆਂ ਨੇ ਸ਼ਹੀਦੀਆਂ ਦੇ ਕੇ— *ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥* ਗੁਰੂ ਜੀ ਦੀ ਗੋਦ ਵਿਚ ਬੈਠਣ ਦਾ ਅਨੰਦ ਮਾਣਿਆ। ਆਪ ਜੀ ਧਾਰਮਿਕ ਕਾਰਜਾਂ ਵਿਚ ਸੇਵਾ ਕਰਨ ਦੀ ਰੁਚੀ ਰੱਖਦੇ, ਲੜਾਈ-ਝਗੜੇ ਤੋਂ ਦੂਰ ਰਹਿੰਦੇ ਅਤੇ ਨਿੰਦਾ-ਚੁਗਲੀ ਤੋਂ ਗੁਰੇਜ਼ ਕਰਦੇ ਸਨ। ■

# ਗੁਰਦੁਆਰਾ ਸ੍ਰੀ ਹੁਕਮਸਰ ਸਾਹਿਬ ਪਾ: ਦਸਵੀਂ (ਰਾਣੀਮਾਜਰਾ)

*-ਸ. ਨਵਜੋਤ ਸਿੰਘ**

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੦)*

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਦਸਮ ਪਾਤਸ਼ਾਹ ਤਕ ਜਿੰਨੇ ਵੀ ਗੁਰੂ ਸਾਹਿਬਾਨ ਇਸ ਧਰਤੀ 'ਤੇ ਆਏ ਜਾਂ ਹੋਰ ਸੰਤ ਮਹਾਂਪੁਰਸ਼, ਭਗਤ-ਜਨ ਹੋਏ ਹਨ ਜਿੱਥੇ ਵੀ ਗਏ, ਜਿੱਥੇ ਵੀ ਉਨ੍ਹਾਂ ਦੇ ਚਰਨ ਪਏ ਉਹ ਧਰਤੀ ਪੂਜਣ ਯੋਗ ਹੋ ਗਈ ਹੈ।

*ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੦)*

ਇਸੇ ਤਰ੍ਹਾਂ ਚੰਡੀਗੜ੍ਹ ਅੰਬਾਲਾ ਹਾਈਵੇ 'ਤੇ ਲਾਲੜੂ (ਹੰਦਸੇਰਾ) ਤੋਂ ਖੱਬੇ ਪਾਸੇ ਲਿੰਕ ਰੋਡ ਤੋਂ ਤਕਰੀਬਨ ਦਸ ਕਿਲੋਮੀਟਰ ਅੰਦਰ ਜਾ ਕੇ ਗੁਰਦੁਆਰਾ ਸ੍ਰੀ ਹੁਕਮਸਰ ਸਾਹਿਬ ਪਾ. ਦਸਵੀਂ ਰਾਣੀਮਾਜਰਾ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿਚ ਲਖਨੌਰ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਣ ਵੇਲੇ ਆਏ ਸਨ ਅਤੇ ਤਕਰੀਬਨ ਇਕ ਮਹੀਨਾ ਇਸ ਅਸਥਾਨ ਪੁਰ ਠਹਿਰੇ ਸਨ।

ਇਹ ਅਸਥਾਨ ਲਖਨੌਰ ਸਾਹਿਬ ਤੋਂ ਤਕਰੀਬਨ ੧੦ ਕਿਲੋਮੀਟਰ ਹੈ ਅਤੇ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਤੋਂ ਤਕਰੀਬਨ ੩ ਕਿਲੋਮੀਟਰ 'ਤੇ ਹੈ। ਇਹ ਗੁਰਦੁਆਰਾ ਸਾਹਿਬ ਬਹੁਤ ਏਕਾਂਤ ਜਗ੍ਹਾ 'ਤੇ ਹੈ ਅਤੇ ਯਾਤਰੂ ਜਗਿਆਸੂ ਦੀ ਬਿਰਤੀ ਇਕ ਦਮ ਟਿਕ ਜਾਂਦੀ ਹੈ ਅਤੇ ਉਹ ਆਪਣੇ ਸਾਰੇ ਦੁੱਖ ਦਰਦ, ਦੁਨਿਆਵੀ ਇੱਛਾਵਾਂ ਸਭ ਭੁੱਲ ਜਾਂਦੇ ਹਨ। ਇਸ ਸਥਾਨ 'ਤੇ ਇਕ ਛੋਟਾ ਪਰ ਬਹੁਤ ਸੁੰਦਰ ਸਰੋਵਰ ਵੀ ਹੈ। ਇਸ ਅਸਥਾਨ 'ਤੇ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਸੰਗਤ ਬਹੁਤ ਦੂਰ ਤੋਂ ਆ ਕੇ ਨਤਮਸਤਕ ਹੁੰਦੀ ਹੈ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ। ਇਸ ਜਗ੍ਹਾ 'ਤੇ ਗੁਰੂ ਦਾ ਲੰਗਰ ਚੱਲਦਾ ਰਹਿੰਦਾ ਹੈ ਅਤੇ ਇਕ ਦੀਵਾਨ ਹਾਲ ਵੀ ਹੈ। ਇਸ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ (ਮੋਹਾਲੀ) ਦੇ ਨਾਲ ਅਟੈਚ ਹੈ। ਇਸ ਇਤਿਹਾਸਿਕ ਅਸਥਾਨ 'ਤੇ ਭਾਈ ਮਨੀ ਸਿੰਘ ਜੀ ਦਾ ਹੱਥ ਲਿਖਤ ਹੁਕਮਨਾਮਾ ਵੀ ਹੈ। ਜਿਸ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ

**ਸੁਪਰਵਾਇਜ਼ਰ, ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾ. ਸੱਤਵੀਂ (ਮੋਹਾਲੀ)। ਮੋ.+੯੧੯੮੮੮੬੮੭੭੬੦*

ਲਿਖਿਆ ਹੈ। ਉਹ ਇਸ ਪ੍ਰਕਾਰ ਹੈ :-

*ੴ ਸਤਿਗੁਰੂ ਪ੍ਰਸਾਦਿ*
*ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ*
*ਸਾਖੀ ਲਖਨੌਰ ਸਾਹਿਬ ਜੀ ਕੀ ਗੁਰੂ ਗੋਬਿੰਦ ਸਿੰਘ ਜੀ ਕੀ।*
*ਚੌਪਈ*
*ਸਭ ਸਿਖਾਂ ਕੋ ਹੁਕਮ ਸੁਣਾਯੋ ॥ ਸਸਤ੍ਰ ਰਾਕੀ ਤੁਰਤ ਮੰਗਾਯੋ ॥*
*ਪੀਤ ਪੀਤੰਬਰ ਕਮਰ ਛਕਾਯੋ ॥ ਸਸਤ੍ਰ ਅਸਤ੍ਰ ਅੰਗ ਸਜਾਯੋ ॥੧॥*
*ਚੋਰੀ ਮੂਠੇ ਪੀਛੇ ਰਾਜੈ ॥ ਕਲਗੀ ਜਿਗਾ ਸੀਸ ਪਰ ਸਾਜੈ ॥*
*ਸਤਿਗੁਰੂ ਸਭ ਤੇ ਮੁਹਰੇ ਚਲੈ ॥ ਨਿਸਾਨ ਨਗਾਰਾ ਆਗੇ ਕਰੈ ॥੨॥*
*ਮਨੀ ਸਿੰਘ ਨੇ ਕਥਾ ਬਨਾਈ ॥ ਸ੍ਰੀ ਗੁਰ ਚੰਦੋਂ ਕਲਾ ਸਵਾਈ ॥*
*ਲਖਨੌਰ ਸਾਹਿਬ ਤੇ ਕੀਆ ਪਯਾਨ ॥ ਖਾਸ ਰਾਣੀ ਮਾਜਰੇ ਆਇ ਕੀਆ ਮੁਕਾਮ ॥੩॥*
*ਦੋਹਰਾ : ਸ਼ੁਭ ਮਹੂਰਤ ਸ਼ੁਭ ਘੜੀ ਏਕ ਦਿਵਸ ਇਕ ਜਾਮ ॥*
*ਏਕ ਮਾਸ ਸ੍ਰੀ ਸਤਿਗੁਰੂ ਕੀਨ ਤਹਾਂ ਬਿਸਰਾਮ ॥੮॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਨਕੇ ਪਿੰਡ ਲਖਨੌਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੇ ਹੋਏ ਲਿਖਾਰੀ ਭਾਈ ਮਨੀ ਸਿੰਘ ਜੀ ਦੀ ਲਿਖਤ ਅਨੁਸਾਰ ਇਕ ਮਹੀਨਾ ਇਕ ਦਿਨ ਇਕ ਘੜੀ ਇਕ ਪਲ ਪਿੰਡ ਰਾਣੀ ਮਾਜਰਾ ਦੀ ਪਵਿੱਤਰ ਧਰਤੀ 'ਤੇ ਠਹਿਰ ਕੇ ਭਾਗ ਲਾਏ। ਗੁਰਬਾਣੀ ਦਾ ਫੁਰਮਾਨ ਹੈ :

*ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੨)* ■

## ਜ਼ਿਲ੍ਹਾ ਕਪੂਰਥਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਪ੍ਰੇਮਜੀਤ ਸਿੰਘ ਢੱਡੇ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੯ ਨਵੰਬਰ, ੨੦੨੧ ਨੂੰ ਅਕਾਲ ਅਕੈਡਮੀ, ਰਾਏਪੁਰ ਪੀਰ ਬਖਸ਼ ਵਾਲਾ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਖੇ ਕਰਵਾਏ ਅੰਮ੍ਰਿਤ-ਸੰਚਾਰ ਦੌਰਾਨ ੭੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

*ਮਈ ੨੦੨੨ ਦਾ ਬਾਕੀ:*

# ਭੁੱਲੇ ਵਿਸਰੇ ਨਾਨਕ ਪੰਥੀ ਪੁਸਤਕ 'ਤੇ ਇੱਕ ਅੰਤਰਝਾਤ

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

ਨਾਮਵਰ ਸਿੱਖ ਵਿਦਵਾਨ ਅਤੇ ਸਾਹਿਤ ਖੋਜੀ ਪ੍ਰੋ. ਪਿਆਰਾ ਸਿੰਘ ਪਦਮ ਦਾ ਲੇਖ 'ਵਣਜਾਰੇ' ਵਣਜਾਰਿਆਂ ਅਤੇ ਲੁਬਾਣਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਵਣਜਾਰਾ ਜਾਤੀ ਭਾਰਤ ਦੀ ਪੁਰਾਣੀ ਚੱਕਰਵਰਤੀ ਵਪਾਰੀ ਜਮਾਤ ਦੱਸੀ ਹੈ। ਇਹ ਸਦੀਆਂ ਤੋਂ ਸਰਕਾਰੀ ਫੌਜਾਂ ਨੂੰ ਲੋੜੀਂਦਾ ਮਾਲ ਪਹੁੰਚਾਉਣ ਦਾ ਕਾਰਜ ਕਰਦੀ ਦੱਸੀ ਗਈ ਹੈ। 'ਉਰਦੂ' ਦੇ ਤੁਰਕੀ ਪਦ (ਸ਼ਬਦ) ਹੋਣ ਬਾਰੇ ਦੱਸਦਿਆਂ ਇਹਦੀ ਹਰਮਨ-ਪਿਆਰਤਾ ਦਰਸਾਉਂਦਿਆਂ ਵਪਾਰੀ ਜਮਾਤ ਨੂੰ ਬਹੁਤ ਸਿਆਣਪ ਵਾਲੀ ਦੱਸਿਆ ਹੈ। ਪ੍ਰੋ. ਪਦਮ ਮੁਤਾਬਿਕ 'ਲੁਬਾਣਾ ਜਾਤੀ ਵੀ ਵਪਾਰੀ ਜਮਾਤ ਦਾ ਅੰਗ ਸੀ। ਲੁਬਾਣਾ ਜਾਤੀ ਮੁੱਖ ਤੌਰ 'ਤੇ ਲੂਣ ਦਾ ਵਪਾਰ ਕਰਦੀ ਸੀ। ਪਦਮ ਹੋਰਾਂ ਇਕ ਹੋਰ ਵਪਾਰੀ ਜਮਾਤ ਅਧਵਈਆ ਬਾਰੇ ਦੱਸਿਆ ਹੈ। ਉਨ੍ਹਾਂ ਦਾ ਇਕ ਕਾਫਲਾ ਦੋ ਲੱਖ ਬੈਲਾਂ ਦਾ ਦੱਸਿਆ ਹੈ। ਇਹ ਆਪਣੇ ਬਣਾਏ ਟਿਕਾਣੇ ਨੂੰ ਟਾਂਡਾ ਪੁਕਾਰਦੇ ਸਨ। ਪ੍ਰੋ. ਪਦਮ ਹੋਰਾਂ ਨੇ ਆਗਰੇ ਜਾਂ ਦਿੱਲੀ ਤੋਂ ਕਾਬਲ ਤਕ ਦੇ ਇਨ੍ਹਾਂ ਦੇ ੭੫ ਤਕ ਦੇ ਪੜਾਉ ਵੀ ਦਿੱਤੇ ਹਨ। ਆਗਰਾ, ਪਟਨਾ, ਬੰਗਾਲ ਅਤੇ ਸੂਰਤ 'ਆਗਰਾ ਮਾਰਗ ਬਰਾਸਤਾ ਬ੍ਰਹਿਮਪੁਰ ਦੇ ਨਗਰਾਂ ਸ਼ਹਿਰਾਂ ਦਾ ਵੇਰਵਾ ਵੀ ਦਰਜ ਕੀਤਾ ਹੈ ਅਤੇ ਸੂਰਤ, ਆਗਰਾ ਬਰਾਸਤਾ ਅਹਿਮਦਾਬਾਦ ਦੇ ਸ਼ਹਿਰਾਂ ਕਸਬਿਆਂ ਪੜਾਵਾਂ ਦਾ ਵੀ। ਫਿਰ ਵਣਜਾਰਾ ਅਤੇ ਵਣਜ ਸ਼ਬਦ ਵਾਲੇ ਗੁਰੂ ਸਾਹਿਬਾਨ, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੇ ਸ਼ਬਦ ਵੀ ਦਿੱਤੇ ਹਨ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਨਗਾਹੀਆ ਜੀ ਦੇ ਪਰਵਾਰਿਕ ਪਿਛੋਕੜ ਅਤੇ ਕਾਰਨਾਮਿਆਂ ਬਾਰੇ ਵੀ ਲਿਖਿਆ ਹੈ। ਅੰਤਲੇ ਭਾਗ 'ਚ ਭਾਈ ਮਨੀ ਸਿੰਘ ਜੀ ਦੇ ਪਰਵਾਰ ਅਤੇ ਉਨ੍ਹਾਂ ਦੇ ਕਾਰਜ ਤੇ ਕੁਰਬਾਨੀਆਂ ਬਾਰੇ ਕਾਫੀ ਵਿਸਤ੍ਰਿਤ ਰੂਪ 'ਚ ਲਿਖਿਆ ਹੈ। ਇਕ ਨਾਮਵਰ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਨੇ 'ਭੁੱਲੇ ਵਿਸਰੇ ਵੀਰਾਂ ਨੂੰ ਪੰਥਕ ਮੁੱਖ ਧਾਰਾ ਵਿਚ ਲਿਆਂਦਾ ਜਾਏ' ਦੁਆਰਾ ਹਿੰਦੋਸਤਾਨ ਅਤੇ ਪੰਜਾਬ ਨੂੰ ਸਿੱਖ ਗੁਰੂ ਸਾਹਿਬਾਨ ਦੀ ਮੁੱਖ ਕਰਮ ਭੂਮੀ ਲਿਖਿਆ ਹੈ। ਇਸਾਈ ਮਿਸ਼ਨਰੀਆਂ ਦੇ ਪ੍ਰਚਾਰ ਨੂੰ ਠੱਲ ਪਾਉਣ ਲਈ ਸਿੰਘ ਸਭਾ ਲਹਿਰ ਗੁਰਦੁਆਰਾ ਸੁਧਾਰ ਲਹਿਰ ਚੱਲੀਆਂ। ਅਜ਼ਾਦੀ ਲਈ ਸੰਘਰਸ਼ ਚੱਲਿਆ। ਇਸ ਸਮੇਂ ਸਿੱਖ ਜਥੇਬੰਦੀਆਂ ਨੇ ਸੁਚੇਤ ਹੋ ਕੇ ਕਾਰਜ ਕੀਤਾ। ਸ੍ਰੀ ਗੁਰੂ ਅੰਗਦ ਦੇਵ ਵਿੱਦਿਅਕ ਤੇ ਭਲਾਈ ਕੌਂਸਲ, ਲੁਧਿਆਣਾ ਵੱਲੋਂ ਸਿਕਲੀਗਰ ਅਤੇ ਵਣਜਾਰਾ ਸਮਾਜ ਦੇ ਲੋਕਾਂ ਨੂੰ ਇਕਜੁਟ ਤੇ ਕ੍ਰਿਆਸ਼ੀਲ ਕਰਨ ਬਾਰੇ ਅਤੇ ਬੀਬੀ ਜਗੀਰ ਕੌਰ ਹੋਰਾਂ ਦੀ ਪ੍ਰਧਾਨਗੀ ਦੇ ਸਮੇਂ ਭੰਵਰ ਹੋਰਾਂ ਨੇ ਮੀਡੀਆ ਐਡਵਾਈਜ਼ਰ ਵਜੋਂ ਆਪਣੇ ਹੈਦਰਾਬਾਦ ਅਤੇ ਨਾਂਦੇੜ ਇਲਾਕਿਆਂ 'ਚ ਜਾਣ ਦਾ

**#੫, ਹੰਸਲੀ ਕਵਾਟਰਜ਼, ਹੁਸੈਨਪੁਰਾ, ਸ੍ਰੀ ਅੰਮ੍ਰਿਤਸਰ- ੧੪੩੦੦੧; ਮੋ. +੯੧੯੮੭੨੨-੩੫੧੧੧*

ਪਿਛੋਕੜ ਦਰਸਾਉਂਦਿਆਂ ਬੀਬੀ ਜਗੀਰ ਕੌਰ ਹੋਰਾਂ ਦੀ ਨਾਗਪੁਰ ਖੇਤਰ 'ਚ ਵਿਚਰਨ ਤੇ ਸੁਧਾਰ ਕਾਰਜ ਕਰਨ ਦੇ ਵੇਰਵੇ ਦਿੰਦਿਆਂ ਅਥਾਹ ਅਮਲੀ ਕਾਰਜ ਹੋਣ ਦਾ ਬ੍ਰਿਤਾਂਤ ਭਰਪੂਰ ਉਤਸ਼ਾਹ ਸਹਿਤ ਬਿਆਨ ਕੀਤਾ ਹੈ।

'ਕੱਲ ਤਕ ਭੁੱਲੇ ਸਿਕਲੀਗਰ ਸਿੱਖ - ਜਿਨ੍ਹਾਂ ਲਈ ਕੌਮ ਹੁਣ ਬਹੁੜ ਪਈ' ਸਿਰਲੇਖ ਹੇਠ ਪ੍ਰਕਾਸ਼ਿਤ ਹੋਏ ਇਸ ਪੁਸਤਕ ਦੇ ਇਸ ਦੂਸਰੇ ਲੇਖ 'ਚ ਲੇਖਕ ਪ੍ਰੋ. ਜਗਮੋਹਨ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਮਿੱਤਰ ਸ. ਕੁਲਵੰਤ ਸਿੰਘ ਨਾਲ ਸਿਕਲੀਗਰ ਸਿੱਖਾਂ ਦੇ ਸੋਲਾਪੁਰ ਨਾਮਕ ਡੇਰੇ ਜਾਣ ਦਾ ਪਿਛੋਕੜ ਦਿੰਦਿਆਂ ਇਸ ਡੇਰੇ ਸੰਬੰਧੀ ਆਪਣੇ ਮਨ 'ਚ ਗ਼ਰੀਬ ਸਿਕਲੀਗਰ ਸਿੱਖ ਦੀ ਤਸਵੀਰ ਵੱਸੀ ਹੋਣ ਦਾ ਸੰਸਕਾਰ ਸਾਂਝਾ ਕਰਦਿਆਂ ਦੱਸਿਆ ਹੈ ਕਿ— "ਇਹ ਸਾਰਾ ਦਿਨ ਲੋਹੇ ਨੂੰ ਕੁੱਟਣ ਦੀ ਸਖਤ ਮਿਹਨਤ ਵਾਲਾ ਕੰਮ ਕਰਦੇ ਹਨ। ਇਨ੍ਹਾਂ ਦੇ ਪਰਿਵਾਰ ਵੱਡੇ ਹੁੰਦੇ ਹਨ। ਇਹ ਬਹੁਤ ਹੀ ਮਿਹਨਤੀ ਅਤੇ ਮਰਦਾਵੇਂ ਲੋਕ ਹਨ, ਜੋ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ। ਸਿਰਫ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਣਦੇ ਹਨ।" ਇਹ ਸ਼ਬਦ ਅਜੇ ਤਕ ਮੇਰੇ ਕੰਨਾਂ ਵਿਚ ਗੂੰਜਦੇ ਹਨ।. . .

ਕੁਝ ਹੋਰ ਵਾਕ ਲੇਖ 'ਚੋਂ ਹਨ :-

"੨੦੧੦-੧੧ ਦੇ ਆਸ-ਪਾਸ, ਮੈਂ ਸਿਕਲੀਗਰਾਂ ਦੀਆਂ ਰਿਹਾਇਸ਼ੀ ਥਾਵਾਂ 'ਤੇ ਜਿਨ੍ਹਾਂ ਨੂੰ ਉਹ 'ਡੇਰਾ' ਕਹਿੰਦੇ ਹਨ, ਬਹੁਤ ਜ਼ਿਆਦਾ ਯਾਤਰਾ ਕੀਤੀ। ਮੈਂ ਹੈਦਰਾਬਾਦ, ਬੰਗਲੌਰ, ਮੈਸੂਰ, ਪੂਨਾ, ਗਵਾਲੀਅਰ, ਡਬਰਾ, ਲੁਧਿਆਣਾ, ਜੈਪੁਰ, ਅਲਵਰ ਤੇ ਦਿੱਲੀ ਵਿਚ ਰਵਾਇਤੀ ਹਥਿਆਰ ਬਣਾਉਣ ਵਾਲੇ ਤੇ ਪਾਲਸ਼ ਕਰਨ ਵਾਲੇ ਇਨ੍ਹਾਂ ਸਿੱਖਾਂ ਦੇ ਘਰ ਪਹੁੰਚ ਕੇ ਰਾਹ ਤਿਆਰ ਕਰਨ ਲੱਗਾ ਕਿ ਕਿਸ ਤਰ੍ਹਾਂ ਤੇ ਕਿਹੜੇ ਉਪਰਾਲੇ ਕੀਤੇ ਜਾਣ ਜਿਸ ਨਾਲ ਇਹ ਬਰਾਦਰੀ ਕੌਮ ਤੋਂ ਪੂਰੀ ਤਰ੍ਹਾਂ ਵਿਸਰ ਨਾ ਜਾਏ. . .।

ਉਪਰੰਤ ਖੋਜੀ ਤਪਸਾਧਕ ਨੇ 'ਸਿਕਲੀਗਰ ਸਿੱਖਾਂ ਦਾ ਪਿਛੋਕੜ' ਉਪ ਸਿਰਲੇਖ ਵਿਚ ਕਾਫੀ ਭਰਪੂਰ ਜਾਣਕਾਰੀ ਇਸ ਸਿੱਖ ਕਬੀਲੇ ਬਾਰੇ ਦਿੱਤੀ ਹੈ। ਜਿਸ ਦੇ ਕੁਝ ਪ੍ਰਮੁੱਖ ਨੁਕਤੇ ਹਨ : ੧. ਖੜਕ ਸਿੰਘ ਇਕ ਸਿੱਖ ਹੈ। ਉਹ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਜੀ ਤੋਂ ਵਾਰੇ ਜਾਂਦਾ ਹੈ। ਉਹ ਕੇਸ, ਕੰਘਾ, ਕਿਰਪਾਨ, ਕਛਹਿਰੇ ਤੇ ਕੜੇ ਦਾ ਧਾਰਨੀ ਹੈ। ਪਰ ਉਸਦੀ ਸਰਦਾਰ ਜੀ ਵਜੋਂ ਪਹਿਚਾਣ ਇੱਥੋਂ ਤਕ ਸੀਮਿਤ ਹੈ। ਉਹ ਪੰਜਾਬੀ ਦਾ ਇਕ ਅੱਖਰ ਵੀ ਨਹੀਂ ਜਾਣਦਾ ਅਤੇ ਨਾ ਹੀ ਗੁਰਮੁਖੀ ਪੜ੍ਹ ਸਕਦਾ ਹੈ।. . . ਉਹ ਸਿਕਲੀਗਰ ਹੈ। ਰਾਜਸਥਾਨ ਮੂਲ ਦਾ ਇਹ ਕਬੀਲਾ ਮੱਧ ਅਤੇ ਪੂਰਬ ਮਹਾਂਰਾਸ਼ਟਰ ਦੇ ਹਿੱਸਿਆਂ ਵਿਚ ਖਿੰਡਿਆ ਹੈ।

(ਲੇਖਕ ਨੇ ਸਿਕਲੀਗਰਾਂ ਦੁਆਰਾ ਛੇਵੇਂ ਅਤੇ ਦਸਵੇਂ ਪਾਤਸ਼ਾਹ ਦੇ ਸਮੇਂ ਰਾਜਸਥਾਨ ਮਾਰਵਾੜ ਤੋਂ ਸਿੱਖਾਂ ਦੇ ਸੰਪਰਕ 'ਚ ਆਉਣ ਬਾਰੇ ਇਕ ਧਾਰਨਾ ਦੇ ਨਾਲ ਹੀ ਲਿਖਾਰੀ ਸ਼ੇਰ ਸਿੰਘ ਸ਼ੇਰ ਦੀ ਕਿਤਾਬ 'ਦ ਸਿਕਲੀਗਰਜ਼ ਆਫ ਪੰਜਾਬ ਦੇ ਅਨੁਸਾਰ ਸਿਕਲੀਗਰਾਂ ਨੂੰ ਜਿਪਸੀ ਕਬੀਲੇ ਦਾ ਵੰਸ਼ਜ ਕਿਹਾ ਹੈ।)

ਲੇਖਕ ਨੇ ਇਵੇਂ ਹੀ ਅੰਗਰੇਜ਼ ਹਕੂਮਤ ਵੇਲੇ ਸਿਕਲੀਗਰ ਸਿੱਖ ਅਤੇ ਅੰਗਰੇਜ਼ ਹਕੂਮਤ ਤੋਂ ਬਾਅਦ ਦੇ ਸਿਕਲੀਗਰ ਸਿੱਖ ਅਧੀਨ ਵੀ ਮੁੱਲਵਾਨ ਜਾਣਕਾਰੀ ਦਿੱਤੀ ਹੈ ਅਤੇ ਤਿੰਨ ਹੋਰ ਉਪ ਸਿਰਲੇਖਾਂ ਹੇਠ ਇਨ੍ਹਾਂ ਦੀ ਬੋਲੀ, ਨਾਮ (ਨਾਮਕਰਣ) ਅਤੇ ਇਨ੍ਹਾਂ ਦੇ ਡੇਰਿਆਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ 'ਚ ਰਹਿਣ ਬਾਰੇ ਅਨੋਖੀ ਜਾਣਕਾਰੀ ਦਿੰਦਿਆਂ ਅੰਤ 'ਚ 'ਏ ਲਿਟਲ ਹੈਪੀਨੈੱਸ ਫਾਊਂਡੇਸ਼ਨ' ਦੇ ਉਪ ਸਿਰਲੇਖ ਹੇਠ ਇਸ ਭਾਈਚਾਰੇ ਦਾ ਉਥਾਨ ਅਰੰਭ ਹੋਣ ਦੇ ਪ੍ਰਮਾਣ ਵਜੋਂ ਸਿਕਲੀਗਰ ਨੌਜਵਾਨ (ਅਲਵਰ ਵਾਸੀ) ਹਰਵਿੰਦਰ ਸਿੰਘ ਨੂੰ ਇਸ ਜਥੇਬੰਦੀ ਦਾ ਪਹਿਲਾ ਗਰੈਜੂਏਟ ਹੋਣ ਬਾਰੇ ਖੁਸ਼ੀ ਪ੍ਰਗਟਾਉਂਦਿਆਂ ਇਕ ਖਾਸ ਬੀਮਾਰੀ ਨਾਲ ਗ੍ਰਸਤ ਹੋ ਜਾਣ ਕਰਕੇ ਇਹਦੇ ਬੇਵਕਤ ਕਾਲਵੱਸ ਹੋ ਜਾਣ ਦਾ ਦੁਖਾਂਤ ਵੀ ਦਰਜ ਕੀਤਾ ਹੈ।

ਗੱਲ ਕੀ, ਇਹ ਲੇਖ ਅਮਲੀ ਰੂਪ 'ਚ ਇਸ ਕਬੀਲੇ ਉੱਪਰ ਹੋਏ ਕਾਰਜ ਦੇ ਵੇਰਵੇ ਦੇਣ ਕਰਕੇ ਬਹੁਤ ਹੀ ਅਰਥ ਭਰਪੂਰ ਰਚਨਾ ਹੋ ਨਿਬੜਿਆ ਹੈ।

'ਹਾਸ਼ੀਏ 'ਤੇ ਰਹਿ ਰਹੇ ਸਿੱਖਾਂ ਨੂੰ ਵਿਕਾਸ ਦੀ ਮੁੱਖ ਧਾਰਾ ਵਿਚ ਲਿਆਉਣ ਦੀ ਲੋੜ' ਲੇਖ 'ਸਿੱਖ 'ਸ਼ਬਦ ਦੇ ਪਿਛੋਕੜ ਤੇ ਅਰਥ ਨਿਖੇੜ ਤੋਂ ਸ਼ੁਰੂ ਹੋ ਕੇ ਸਿੱਖਾਂ ਦੇ ਆਸਥਾ ਰੂਪ ਗ੍ਰੰਥ-ਗੁਰੂ ਸ੍ਰੀ ਗ੍ਰੰਥ ਸਾਹਿਬ ਪ੍ਰਤੀ ਉਨ੍ਹਾਂ ਦੀ ਆਸਥਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸੰਬੰਧੀ ੧੭੦੮ 'ਚ ਗੁਰੂ ਹੋਣ ਸੰਬੰਧੀ ਕੀਤੇ ਫੁਰਮਾਨ ਦੇ ਉਲੇਖ ਨਾਲ ਸ਼ੁਰੂ ਹੋ ਕੇ ਸਿੱਖ ਧਰਮ ਨੂੰ ਇੱਕ ਈਸ਼ਵਰਵਾਦੀ ਧਰਮ ਦਰਸਾਉਂਦਾ ਹੈ। ਇਸ ਉਪਰੰਤ ਭਾਰਤ 'ਚ ੨੦੧੧ ਈ. ਦੀ ਮਰਦਮਸ਼ੁਮਾਰੀ ਦੇ ਹਵਾਲੇ ਨਾਲ ਇਸ ਦੇ ਤਿੰਨ ਪ੍ਰਮੁੱਖ ਵਰਗਾਂ ਦੀ ਆਬਾਦੀ ਦਾ ਵਿਵਰਣ ਦੇਣ ਮਗਰੋਂ ਸਿੱਖ ਉਪ ਕਬੀਲੇ— ਸਿਕਲੀਗਰਾਂ, ਵਣਜਾਰਿਆਂ ਤੇ ਲੁਬਾਣਿਆਂ ਅਤੇ ਦੱਖਣੀ ਸਿੱਖਾਂ ਨੂੰ ਸਿੱਖ ਧਰਮ ਦਾ ਅਨਿੱਖੜ੍ਹ ਅੰਗ ਦੱਸਦਿਆਂ ਛੇਵੇਂ ਗੁਰੂ ਜੀ ਦੇ ਸਮੇਂ ਇਨ੍ਹਾਂ ਉਪ ਸਮੂਹਾਂ ਦੀ ਉਤਪਤੀ ਦਰਸਾਈ ਹੈ। ਉਪਰੰਤ ਤਿੰਨਾਂ ਹੀ ਸਿੱਖ ਸਮੂਹਾਂ ਬਾਰੇ ਜਾਣਕਾਰੀ ਅਤੇ ਇਤਿਹਾਸਿਕ ਰੋਲ ਨਿਭਾਉਣ ਦੀ ਸਥਿਤੀ ਦੇ ਵੇਰਵੇ ਨਿਖੇੜਵੇਂ ਰੂਪ 'ਚ ਦਰਸਾਏ ਗਏ ਹਨ। ਸਿਕਲੀਗਰਾਂ ਨੇ ਛੇਵੇਂ ਗੁਰੂ ਜੀ ਸਮੇਂ ਵੱਡੇ ਪੈਮਾਨੇ 'ਤੇ ਹਥਿਆਰ ਬਣਾਉਣੇ ਸ਼ੁਰੂ ਕੀਤੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਉਹ ਲਾਹੌਰ ਦੀਆਂ ਵਰਕਸ਼ਾਪਾਂ 'ਚ ਛੋਟੇ ਅਤੇ ਵੱਡੇ ਹਥਿਆਰ ਬਣਾਉਂਦੇ ਰਹੇ ਪਰੰਤੂ ਇਹ ਕੌੜਾ ਸੱਚ ਵੀ ਦੱਸਿਆ ਹੈ ਕਿ ਉਹ ਮਸ਼ੀਨੀ ਯੁੱਗ ਦੇ ਹਥਿਆਰ ਬਣਾਉਣ ਦੇ ਮੌਕੇ ਨਹੀਂ ਪ੍ਰਾਪਤ ਕਰ ਸਕੇ। ਵਣਜਾਰੇ ਅਮੀਰ ਤੇ ਖੁਸ਼ਹਾਲ ਵਰਗ ਹਨ। ਅਨਾਜ ਦੇ ਵਪਾਰੀ ਅਤੇ ਟਰਾਂਸਪੋਰਟਰ ਹਨ। ਇਉਂ ਹੀ ਲੁਬਾਣਾ ਸਿਰਲੇਖ ਹੇਠ ਇਨ੍ਹਾਂ ਦੇ ਲੂਣ ਦੇ ਵਪਾਰੀ ਹੋਣ ਅਤੇ ਦੱਖਣੀ ਸਿੱਖ ਸਿਰਲੇਖ ਹੇਠ ਨਿਜ਼ਾਮ ਹੈਦਰਾਬਾਦ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚ ਇਨ੍ਹਾਂ ਦੀ ਭਰਤੀ ਹੋਣ ਦਾ ਪ੍ਰਸੰਗ ਦਰਜ ਹੈ।

ਸਿਕਲੀਗਰ-ਗੁਰਸਿੱਖਾਂ ਦੇ ਰੌਚਕ ਤੱਥ ਅਤੇ ਵਿਸ਼ੇਸ਼ ਜਾਣਕਾਰੀ ਸਿਰਲੇਖ ਅਧੀਨ ਲਿਖੇ ਡਾ. ਹਰਪ੍ਰੀਤ ਕੌਰ (ਖੁਰਾਣਾ) ਦੇ ਮੂਲ ਹਿੰਦੀ ਲੇਖ ਦਾ ਪੰਜਾਬੀ ਅਨੁਵਾਦ ਇੰਜੀ. ਸੰਗਤ ਸਿੰਘ ਰਾਹੀ ਦੁਆਰਾ ਕੀਤਾ ਗਿਆ ਹੈ। ਕੁਝ ਰੌਚਕ ਤੱਥ

ਅਤੇ ਵਿਸ਼ੇਸ਼ ਜਾਣਕਾਰੀ ਇਸ ਲੇਖਾਂ 'ਚੋਂ ਹੈ :

੧. ਆਮ ਤੌਰ 'ਤੇ ਕੋਈ ਸਿਕਲੀਗਰ ਜੇਕਰ ਆਪਣੇ ਇਲਾਕੇ ਤੋਂ ਬਾਹਰ ਜਾਵੇਗਾ ਤਾਂ ਉਹ ਦੂਸਰੇ ਇਲਾਕੇ ਦੇ ਡੇਰੇ ਵਿਚ ਹੀ ਰਹੇਗਾ।

੨. ਇਹ ਆਉਣ ਜਾਣ ਦੇ ਸਾਧਨਾਂ ਵਿਚ ਸਾਈਕਲ, ਮੋਟਰ ਸਾਈਕਲ, ਕਈ ਰੱਜੇ-ਪੁੱਜੇ ਕਾਰਾਂ ਦੀ ਵੀ ਵਰਤੋਂ ਕਰਦੇ ਹਨ।

੩. ਸਿਕਲੀਗਰਾਂ ਵਿਚ ਰਾਜਨੀਤੀ ਬਾਰੇ ਚੇਤਨਾ ਹੈ। (ਸਫਾ ੧੫੮)

੪. ਅਜੋਕੇ ਸਮੇਂ ਵਿਚ ਕਈ ਸਿਕਲੀਗਰ ਜੀਵਨ ਦੀਆਂ ਮੁੱਢਲੀਆਂ ਲੋੜਾਂ ਜਿਵੇਂ-ਰੋਟੀ, ਕੱਪੜਾ, ਮਕਾਨ ਅਤੇ ਹੋਰ ਜ਼ਰੂਰੀ ਸੁਵਿਧਾਵਾਂ . . . ਤੋਂ ਵੰਚਿਤ ਹਨ।

੫. ਇਹ ਲੋਕ ਸਥਾਨਕ ਬਜ਼ਾਰ ਤੋਂ ਵੀ ਪੁਰਾਣਾ ਕੱਪੜਾ ਖਰੀਦਦੇ ਹਨ।

੬. ਸਿਕਲੀਗਰਾਂ ਦੇ ਮਕਾਨ ਕੱਚੇ-ਪੱਕੇ ਜਾਂ ਰਲਵੇਂ ਹੁੰਦੇ ਹਨ। ਇਨ੍ਹਾਂ ਵਿਚ ੩-੪ ਪਰਵਾਰ ਇਕੱਠੇ ਹੋ ਕੇ ਇੱਕ ਹੀ ਇਸ਼ਨਾਨ ਘਰ ਜਾਂ ਸ਼ੌਚ ਘਰ ਇਸਤੇਮਾਲ ਕਰਦੇ ਹਨ. . . । (ਸਫਾ ੧੫੯)

੭. ਸਿਕਲੀਗਰਾਂ ਤੋਂ ਕੰਨਿਆ ਭਰੂਣ ਹੱਤਿਆ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

੮. ਇਸ ਭਾਈਚਾਰੇ ਦੀ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚ ਲੜਕੀਆਂ ਨਾਲ ਭੇਦ-ਭਾਵ ਨਹੀਂ ਕੀਤਾ ਜਾਂਦਾ। . . . ਇਨ੍ਹਾਂ ਵਿਚ ਦਹੇਜ਼ ਦੀ ਪ੍ਰਥਾ ਵੀ ਨਹੀਂ ਹੈ।

'ਆਉ, ਸਿਕਲੀਗਰ ਵਣਜਾਰੇ ਸਿੱਖਾਂ ਦਾ ਭਵਿੱਖ ਸਵਾਰੀਏ ਲੇਖ' ਲੇਖਕ ਭਾਈ ਰਣਜੀਤ ਸਿੰਘ ਖਾਲਸਾ ਦਾ ਲਿਖਿਆ ਹੈ। ਇਸ ਲੇਖ ਦੇ ਪ੍ਰਮੁੱਖ ਵਿਚਾਰ ਸਰੋਕਾਰ ਹੀ ਪ੍ਰਸਤੁਤ ਕੀਤੇ ਜਾ ਰਹੇ ਹਨ। ਇਸ ਤੋਂ ਬਾਅਦ ਵਾਲੇ ਲੇਖਾਂ ਸੰਬੰਧੀ ਵੀ ਇਹੀ ਨਿਰਣਾ ਇਸ ਕਰਕੇ ਕਰਨਾ ਪਿਆ ਹੈ ਕਿ 'ਅੰਤਰ-ਝਾਤ' ਰੂਪ ਜਾਇਜ਼ੇ ਦੇ ਆਕਾਰ ਦੀ ਇਕ ਸੀਮਾ ਹੈ।

੧. ਸਿੱਖ ਕੌਮ ਦੇ ਅਹਿਮ ਅੰਗ ਮੰਨੇ ਜਾਂਦੇ ਸਿਕਲੀਗਰ ਵਣਜਾਰੇ ਸਿੱਖਾਂ ਦਾ ਪਿਛੋਕੜ ਬਹੁਤ ਹੀ ਗੌਰਵ ਭਰਪੂਰ ਤੇ ਸੰਘਰਸ਼ ਵਾਲਾ ਰਿਹਾ ਹੈ। ਪਰ ਸਮੇਂ ਦੇ ਚੱਲਦੇ ਚੱਕਰ ਅਨੁਸਾਰ ਪੰਥ ਦੇ ਇਹ ਅਨਮੋਲ ਹੀਰੇ ਸਿਕਲੀਗਰ ਵਣਜਾਰੇ ਸਿੱਖਾਂ ਦਾ ਜੀਵਨ ਬਹੁਤ ਹੀ ਰਸਾਤਲ ਵੱਲ ਜਾਣ ਕਰਕੇ ਇਹ ਸਿੱਖ ਕੌਮ ਦੀ ਮੁੱਖ ਧਾਰਾ ਨਾਲੋਂ ਕਾਫੀ ਸਮਾਂ ਟੁੱਟੇ ਰਹੇ। . . . (ਸਫਾ ੧੬੪)

੨. . . . ਸਾਡੇ ਕੁਝ ਬੇਕਸੂਰ ਵਿਅਕਤੀਆਂ ਨੂੰ ਪੁਲਿਸ ਵੱਲੋਂ ਨਜਾਇਜ਼ ਹਥਿਆਰ ਬਣਾਉਣ ਬਦਲੇ ਗ੍ਰਿਫਤਾਰ ਕਰਨ ਕੇ ਉਨ੍ਹਾਂ ਉੱਪਰ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਤਾਂ ਸਾਡੇ ਕੁਝ ਜਜ਼ਬਾਤੀ ਵੀਰਾਂ ਨੇ ਉਨ੍ਹਾਂ ਦੀਆਂ ਜਮਾਨਤਾਂ ਕਰਵਾਉਣ ਲਈ ਤੇ ਸਥਾਨਕ ਲੀਡਰਾਂ ਉੱਪਰ ਆਪਣਾ ਦਬਾਅ ਬਣਾਉਣ ਹਿੱਤ ਆਪਣੇ ਤੌਰ 'ਤੇ ਮੀਡੀਏ ਵਿਚ ਧਰਮ ਪਰਿਵਰਤਨ ਕਰਨ ਦਾ ਗ਼ਲਤ ਬਿਆਨ ਦੇ ਦਿੱਤਾ ਸੀ ਜਿਸ ਨਾਲ ਸਮੁੱਚੇ ਸਿਕਲੀਗਰ ਭਾਈਚਾਰੇ ਦਾ ਕੋਈ ਲੈਣ-ਦੇਣ ਨਹੀਂ ਹੈ। ਅਸੀਂ ਸਿੱਖ ਕੌਮ ਦਾ ਅਟੁੱਟ ਅੰਗ ਹਾਂ ਤੇ ਅੰਗ ਰਹਾਂਗੇ। (ਸਫੇ ੧੬੪-੧੬੫)

੩. ਨਾਨਕ ਨਿਰਮਲ ਪੰਥ ਚਲਾਇਆ

-ਲੇਖਕ : ਡਾ. ਪਰਮਜੀਤ ਸਿੰਘ ਮਾਨਸਾ

੧. ਸੰਸਾਰ ਦੇ ਇਤਿਹਾਸ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਦੁਨੀਆਂ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਹੈ ਜਿੱਥੇ ਧਰਮ ਦੀ ਹੋਂਦ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅਨੁਭਵ ਨਾ ਕੀਤੀ ਜਾ ਸਕਦੀ ਹੋਵੇ। (ਸਫਾ ੧੭੨)

੨. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਨਿਰਮਲ ਪੰਥ ਆਰੰਭ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ '*ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।*

(ਸਫਾ ੧੭੩)

੩. ਸਤਿਗੁਰੂ ਜੀ ਨੇ ਰਘੁਨਾਥ ਨੂੰ ਕਿਹਾ ਤੁਸੀਂ ਸਾਡੇ ਸਿੱਖਾਂ ਨੂੰ ਵੀ ਸੰਸਕ੍ਰਿਤ ਪੜ੍ਹਾਇਆ ਕਰੋ। ਪਰ ਪੰਡਿਤ ਜੀ ਨੇ ਸਿੱਖਾਂ ਨੂੰ ਵੀ ਸੰਸਕ੍ਰਿਤ ਪੜ੍ਹਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਕਿ ਇਹ ਸਿੱਖ ਸ਼ੂਦਰ ਹਨ, ਨੀਵੀਆਂ ਜਾਂਤਾਂ ਨਾਲ ਸੰਬੰਧਿਤ ਹਨ। ਇਸ ਲਈ ਸਿੱਖ ਦੇਵ ਭਾਸ਼ਾ ਸੰਸਕ੍ਰਿਤ ਪੜ੍ਹਨ ਦੇ ਅਧਿਕਾਰੀ ਨਹੀਂ।

"ਪੰਡਿਤ ਜੀ" ਦੇ ਬਚਨ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਇਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ ਸ਼ਾਸਤ੍ਰ ਆਦਿ ਪੜ੍ਹਿਆ ਕਰਨਗੇ। ਅੱਜ ਇਹ ਗੱਲ ਜ਼ਾਹਰ ਹੈ ਕਿ ਬਨਾਰਸ ਤੋਂ ਵਿੱਦਿਆ ਪ੍ਰਾਪਤੀ ਕਰਨ ਲਈ ਬ੍ਰਹਾਮਣਾਂ ਦੇ ਬੱਚੇ ਨਿਰਮਲ ਪੰਚੈਤੀ ਅਖਾੜੇ ਦੁਆਰਾ ਸੰਚਾਲਿਤ ਸੰਸਕ੍ਰਿਤ ਵਿਦਿਆਲੇ ਵਿਚ ਸੰਸਕ੍ਰਿਤ ਵਿੱਦਿਆ ਗ੍ਰਹਿਣ ਕਰਨ ਲਈ ਆਉਂਦੇ ਹਨ। ਪਰ ਅਫਸੋਸ ਇਹ ਹੈ ਕਿ ਪੰਜਾਬ ਤੋਂ ਕੋਈ ਵੀ ਵਿਦਿਆਰਥੀ ਉੱਥੇ ਸੰਸਕ੍ਰਿਤ ਪ੍ਰਾਪਤ ਕਰਨ ਨਹੀਂ ਜਾਂਦਾ ਜਿਸ ਦੀ ਚਿੰਤਾ ਨਿਰਮਲ

ਪੰਚੈਤ ਅਖਾੜੇ 'ਚ ਸ੍ਰੀ ਮਹੰਤ ਜੀ ਮੇਰੇ ਨਾਲ ਕਈ ਵਾਰ ਕਰ ਚੁੱਕੇ ਹਨ। ਮਹਾਰਾਜ ਜੀ ਦੇ ਬਚਨਾਂ ਨੂੰ "ਪੰਥ ਪ੍ਰਕਾਸ਼" ਵਿਚ ਗਿਆਨੀ ਗਿਆਨ ਸਿੰਘ ਜੀ ਇਉਂ ਫੁਰਮਾਉਂਦੇ ਹਨ :

*ਬੋਲੇ ਗੁਰ ਸੁਨਿ ਦੂਜ ਕੀ ਬਾਨੀ। ਹੇ ਦੂਜ ਮਹਾ ਮੁਢ ਅਭਿਮਾਨੀ।*
*ਜੋ ਵਿੱਦਿਆ ਪਢਿ ਤੂੰ ਗਰਬੈ। ਸਭ ਸਿਖਨ ਕੋ ਸ਼ੁਦਰ ਕਹ ਹੈ।*
*ਇਨ ਹੀ ਮੇਰੇ ਸਿਖਨ ਤੇ ਲਖਿ। ਬਿਦਯਾ ਬੇਦ ਪਢੇਂਗੇ ਦਖ।*
*ਲੋ ਚੋਕਸ ਬਿਦਯਾ ॥ ਮੈ ਨਿਜ ਪੇਥੈ ਕਈ ਪ੍ਰਸਿੱਧ।*
*ਜਿਨ ਦੋ ਤੂੰ ਸੂਦਰ ਬਤੈ ਹੈ। ਦਿਬਯਾ ਗੁਰੂ ਦਿਜਨ ਇਹ ਥੈ ਹੈ।*
*(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੨੭੮੭) (ਸਫਾ ੧੭੩-੭੪)*

੪. ਤੇਰਾ ਦਰਦ ਨਾ ਜਾਣੇ ਕੋਇ -ਲੇਖਕ : ਸ. ਪ੍ਰੀਤਮ ਸਿੰਘ ਮਟਵਾਣੀ


੧. ਵਿਚਾਰਾਂ ਵਿਚ ਡੁੱਬਿਆ ਮੈਂ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਣ ਮਗਰੋਂ ਸਾਈਕਲ ਉੱਪਰ ਸਵਾਰੀ ਕਰਦਿਆਂ ਹੀ, ਆਲੇ-ਦੁਆਲੇ ਦਾ ਅਨੰਦ ਮਾਣਦਾ ਆ ਰਿਹਾ ਸੀ ਕਿ ਅਚਾਨਕ ਇਕ ਪਾਸੇ ਪੁਲਿਸ ਲਾਈਨ ਦੇ ਗਰਾਊਂਡ ਵਿਚ ਕੇਸਾਧਾਰੀ ਪਰ ਮੈਲੇ ਕੁਚੈਲੇ ੮-੧੦ ਬੱਚੇ ਕ੍ਰਿਕਟ ਖੇਡਦੇ ਨਜ਼ਰ ਆਏ। ਵਿਕਟਾਂ ਦੀ ਥਾਂ ਇੱਟਾਂ, ਬੈਟ ਦੀ ਥਾਂ ਕੱਪੜੇ ਧੋਣ ਵਾਲੀ ਥਾਪੀ ਅਤੇ ਬਾਲ ਦੀ ਥਾਂ ਦੋ ਰੁਪਏ ਵਾਲੀ ਪਲਾਸਟਿਕ ਦੀ ਗੇਂਦ। ਮੈਂ ਰੁਕਿਆ। ਉਦੈਪੁਰ ਦੀ ਸ਼ਾਹਾਨਾ ਤਸਵੀਰ ਮੇਰੀਆਂ ਅੱਖਾਂ ਵਿੱਚੋਂ ਕਿਰ ਗਈ। . . .

ਕੋਲ ਜਾ ਕੇ ਗੱਲਬਾਤ ਕਰਨ ਅਤੇ ਗਲ ਵਿਚ ਪਾਏ ਛੋਟੇ ਖੰਡੇ ਕਿਰਪਾਨਾਂ ਤੋਂ ਪਤਾ ਲੱਗਾ ਕਿ ਇਹ ਸਿਕਲੀਗਰ ਸਿੱਖਾਂ ਦੇ ਬੱਚੇ ਸਨ ਜਿਨ੍ਹਾਂ ਦੀ ਰਿਹਾਇਸ਼ ਨੇੜੇ ਹੀ ਝੌਂਪੜ-ਪੱਟੀ ਵਿਚ ਹੈ।... ਵਿੱਦਿਅਕ ਅਦਾਰਿਆਂ ਦੇ ਇਸ ਸ਼ਹਿਰ ਵਿਚ ਇਨ੍ਹਾਂ ਦੇ ਬੱਚੇ ਅਨਪੜ੍ਹ ਰਹਿੰਦੇ ਹਨ। ਅਰਬਪਤੀਆਂ ਦੇ ਇਸ ਸ਼ਹਿਰ ਵਿਚ ਇਹ ਬਾਲਟੀਆਂ ਡਰਕਾਰੀਆਂ ਨੂੰ ਥੱਲੇ ਲਾ ਕੇ ਅਤੇ ਤਾਲੇ ਚਾਬੀਆਂ ਦਾ ਕੰਮ ਕਰ ਕੇ ਮੁਸ਼ਕਿਲ ਨਾਲ ਪੇਟ ਭਰਦੇ ਹਨ। ਜੇਕਰ ਕੋਈ ਬਿਮਾਰ ਹੈ ਜਾਂ ਵਿਧਵਾ ਹੈ ਤਾਂ ਉਸ ਲਈ ਪੇਟ ਭਰਨਾ ਵੀ ਮੁਸ਼ਕਿਲ ਹੈ। ਪਰ ਇਹ ਪੂਰਨ ਕੇਸਧਾਰੀ ਹਨ। (ਸਫੇ ੧੭੭-੧੭੮)

੨. ਆਓ ਉਨ੍ਹਾਂ ਨੂੰ ਗਲਵੱਕੜੀ ਵਿਚ ਲਈਏ ਕਿਉਂਕਿ ਉਹ ਸਾਡੀ ਗਲਵਕੜੀ ਨੂੰ ਤਰਸ ਰਹੇ ਹਨ। ਆਓ ਉਨ੍ਹਾਂ ਨੂੰ ਕੌਮ ਦਾ ਨਰੋਆ ਅੰਗ ਹੋਣ ਦਾ ਅਹਿਸਾਸ ਕਰਾਈਏ। (ਸਫਾ ੧੭੯)

*ਚਲਦਾ. . .*

# ਪੁਸਤਕ ਰੀਵਿਊ




| | | |
|---|---|---|
| ਪੁਸਤਕ | : | ਅਨੋਖਾ ਅਕਾਲੀ ਯੋਧਾ: ਸ. ਆਤਮਾ ਸਿੰਘ ਜੀ |
| ਲੇਖਕ | : | ਹਰਵਿੰਦਰ ਸਿੰਘ ਖਾਲਸਾ (ਬਠਿੰਡਾ) |
| ਪ੍ਰਕਾਸ਼ਕ | : | ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ |
| ਪ੍ਰਕਾਸ਼ਨ ਵਰ੍ਹਾ | : | ੨੦੨੨ |
| ਮੁੱਲ | : | ੭੦੦ ਰੁਪਏ |
| ISBN | : | ੯੭੮-੮੧-੯੫੫੯੨੭-੪-੬ |

ਹਰਵਿੰਦਰ ਸਿੰਘ ਖਾਲਸਾ ਇੱਕ ਪ੍ਰੋੜ ਲੇਖਕ ਤੇ ਸਿੱਖ ਇਤਿਹਾਸਕਾਰ ਹਨ, ਜਿਨ੍ਹਾਂ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਸੇਵਾ ਕਰਦਿਆਂ ਉਨ੍ਹਾਂ ਸਿੱਖ ਪੰਥ ਅਤੇ ਪੰਥਕ ਨੇਤਾਵਾਂ ਸੰਬੰਧੀ ਬਹੁਤ ਕੁਝ ਅੱਖੀਂ ਵੇਖਿਆ ਅਤੇ ਕੰਨੀ ਸੁਣਿਆ। ਇਸੇ ਕਰਕੇ ਉਨ੍ਹਾਂ ਦੀਆਂ ਬਹੁਤੀਆਂ ਪੁਸਤਕਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਹਨ। ਉਨ੍ਹਾਂ ਦੀ ਨਵੀਂ ਪ੍ਰਕਾਸ਼ਿਤ ਪੁਸਤਕ "ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ" ਪ੍ਰਕਾਸ਼ਿਤ ਹੋਈ ਹੈ।

ਸ. ਆਤਮਾ ਸਿੰਘ ਸੱਚੇ ਸੁੱਚੇ ਗੁਰਸਿੱਖ, ਟਕਸਾਲੀ ਆਗੂ, ਧਰਮ ਕਰਮ ਦੇ ਪੱਕੇ, ਉੱਚਕੋਟੀ ਦੇ ਸਿਆਸੀ ਨੇਤਾ ਸਨ। ਉਨ੍ਹਾਂ ਆਪਣਾ ਸਾਰਾ ਜੀਵਨ ਪੰਥ ਦੀ ਚੜ੍ਹਦੀ ਕਲਾ ਤੇ ਸਿੱਖ ਧਰਮ ਦੇ ਪ੍ਰਚਾਰ ਦੇ ਲੇਖੇ ਲਾਇਆ। ਉਹ ਪੈਪਸੂ ਸਰਕਾਰ ਸਮੇਂ ਵੀ ਵਿਧਾਇਕ ਬਣੇ। ਕੁੱਲ ਪੰਜ ਵਾਰ ਸੁਲਤਾਨਪੁਰ ਹਲਕੇ ਤੋਂ ਐੱਮ. ਐੱਲ. ਏ. ਚੁਣੇ ਗਏ। ਉਹ ਵੱਖ-ਵੱਖ ਸਰਕਾਰਾਂ ਵਿਚ ਮੰਤਰੀ ਰਹੇ। ਉਨ੍ਹਾਂ ਦਾ ਜਨਮ ਅੱਜ ਦੀ ਪਾਕਿਸਤਾਨ ਦੀ ਧਰਤੀ 'ਤੇ ਵੰਡ ਤੋਂ ਕੁੱਝ ਸਮਾਂ ਪਹਿਲਾਂ ਹੋਇਆ। ਭਾਰਤ ਪਾਕਿ ਵੰਡ ਸਮੇਂ ਉਹ ਹਜ਼ਾਰਾਂ ਮਰਦਾਂ, ਇਸਤਰੀਆਂ, ਬੱਚਿਆਂ ਨੂੰ ਮੌਤ ਦੇ ਮੂੰਹ 'ਚੋਂ ਬਚਾਅ ਕੇ ਭਾਰਤ ਲਿਆਉਣ ਵਿਚ ਕਾਮਯਾਬ ਹੋਏ। ਉਹ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਠੀ ਦੇ ਕਾਰਜਕਾਰੀ ਪ੍ਰਧਾਨ ਵੀ ਰਹੇ। ਪੰਜਾਬ ਵਿਚ ਅਕਾਲੀ ਸਰਕਾਰਾਂ ਬਣਾਉਣ ਵਿਚ ਉਨ੍ਹਾਂ ਅਹਿਮ ਭੂਮਿਕਾ ਨਿਭਾਈ।

ਇਹ ਪੁਸਤਕ ਸ. ਆਤਮਾ ਸਿੰਘ ਦੇ ਜੀਵਨ ਸਬੰਧੀ ਲਿਖੀ ਹੋਈ ਹੈ ਪਰ ਉਨ੍ਹਾਂ ਦੀ ਜੀਵਨੀ ਲਿਖਦਿਆਂ ਇਸ ਕਿਤਾਬ ਵਿਚ ਬਹੁਤ ਸਾਰੇ ਅਜਿਹੇ ਵੇਰਵੇ ਦਿੱਤੇ ਗਏ ਹਨ, ਜੋ ਹੋਰ ਕਿਤਾਬਾਂ ਵਿਚ ਨਹੀਂ ਮਿਲਦੇ। ਇਸੇ ਸਦਕਾ ਹੀ ਇਹ ਪੁਸਤਕ ਇੱਕ ਇਤਿਹਾਸਿਕ ਦਸਤਾਵੇਜ਼ ਬਣ ਗਈ ਹੈ। ਇਸ ਵਿਚ ਅਕਾਲੀ ਸਰਕਾਰਾਂ ਬਣਨ, ਟੁੱਟਣ ਦੇ ਵੇਰਵੇ ਬਾਖੂਬੀ ਪੇਸ਼ ਕੀਤੇ ਗਏ ਹਨ। ਭਾਰਤ-ਪਾਕਿ ਵੰਡ ਸਮੇਂ ਹੋਈ ਕਤਲ-ਓ-ਗਾਰਤ, ਸਿੱਖ ਰਾਜਨੀਤੀ, ਪੰਜਾਬੀ ਸੂਬਾ ਮੋਰਚਾ, ਪੰਥਕ ਏਕਤਾ, ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ,

ਗੁਰਦੁਆਰਿਆਂ ਸਬੰਧੀ ਮੋਰਚੇ, ਨੀਲਾ ਤਾਰਾ ਅਪਰੇਸ਼ਨ, ਪੰਜਾਬੀ ਸੱਭਿਆਚਾਰ ਨੂੰ ਬਹੁਤ ਵਿਸਥਾਰਤ ਰੂਪ ਵਿਚ ਦਰਜ ਕੀਤਾ ਗਿਆ ਹੈ। ਅਕਾਲੀ ਲੀਡਰਾਂ ਵੱਲੋਂ ਵਿੱਢੇ ਸੰਘਰਸ਼ਾਂ ਅਤੇ ਕਈ ਲੀਡਰਾਂ ਵੱਲੋਂ ਸੰਘਰਸ਼ਾਂ ਤੋਂ ਭੱਜਣ, ਕੇਂਦਰ ਨਾਲ ਕੀਤੀ ਮਿਲੀਭੁਗਤ ਨੂੰ ਵੀ ਲਕੋਇਆ ਨਹੀਂ ਗਿਆ। ਪੁਰਾਣੇ ਅਕਾਲੀ ਆਗੂਆਂ ਦੇ ਕਿਰਦਾਰ, ਸੁੱਚਮ ਅਤੇ ਅੱਜ ਦੇ ਆਗੂਆਂ ਦੀ ਨਿੱਜ ਲਈ ਕੀਤੀ ਜਾਂਦੀ ਲੀਡਰੀ ਨੂੰ ਵੀ ਦਰਸਾਇਆ ਗਿਆ ਹੈ।

ਸ. ਆਤਮਾ ਸਿੰਘ ਨੇ ਮੰਤਰੀ ਹੁੰਦਿਆਂ ਪੰਜਾਬ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਖਾਸਕਰ ਪਿੰਡਾਂ ਦੇ ਵਿਕਾਸ ਅਤੇ ਵਿੱਦਿਅਕ ਸੰਸਥਾਵਾਂ ਵੱਲ ਉਨ੍ਹਾਂ ਉਚੇਚਾ ਧਿਆਨ ਦਿੱਤਾ। ਆਪਣੀਆਂ ਰਾਜਨੀਤਕ ਗਤੀਵਿਧੀਆਂ ਕਰਦਿਆਂ ਸਿੱਖੀ ਦੇ ਪ੍ਰਚਾਰ ਤੋਂ ਕਦੇ ਦੂਰ ਨਾ ਹੋਏ, ਉਹ ਮੰਤਰੀ ਹੁੰਦਿਆਂ ਵੀ ਆਪਣੀ ਗੱਡੀ ਵਿਚ ਕੜੇ ਰੱਖਿਆ ਕਰਦੇ ਸਨ, ਜਿੱਥੇ ਵੀ ਲੋੜ ਮਹਿਸੂਸ ਹੁੰਦੀ ਉਹ ਨੌਜਵਾਨਾਂ ਨੂੰ ਕੜੇ ਵੰਡ ਕੇ ਸਿੱਖ ਧਰਮ ਨਾਲ ਜੋੜਨ ਦਾ ਯਤਨ ਕਰਦੇ। ਇਸ ਕਰਕੇ ਉਨ੍ਹਾਂ ਨੂੰ ਕੜਿਆਂ ਵਾਲਾ ਮੰਤਰੀ ਵੀ ਕਿਹਾ ਜਾਂਦਾ ਸੀ। ਉਹ ਬੜੇ ਦੂਰ-ਅੰਦੇਸ਼ੀ ਤੇ ਗੱਲਬਾਤ ਕਰਨ ਦੇ ਮਾਹਰ ਸਨ, ਇਸ ਕਰਕੇ ਕੇਂਦਰ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਵਾਲੇ ਵਫ਼ਦ ਵਿਚ ਉਹ ਸ਼ਾਮਲ ਕੀਤੇ ਜਾਂਦੇ।

ਪੁਸਤਕ ਦੇ ਅਖ਼ੀਰ ਵਿਚ ਅਕਾਲੀ ਦਲ ਦੇ ਜਨਰਲ ਸਕੱਤਰ ਵਜੋਂ ਉਨ੍ਹਾਂ ਦੀ ਲਿਖੀ ਚਿੱਠੀ "ਪੰਜਾਬੀ ਸੂਬਾ ਨਹੀਂ, ਇੱਕ ਸਾਜ਼ਸ਼" ਵੀ ਸ਼ਾਮਲ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਸਪੱਸ਼ਟ ਲਿਖਿਆ ਹੈ ਕਿ ਪੰਜਾਬੀ ਸੂਬਾ ਬਣਾਉਣ ਦਾ ਫੈਸਲਾ ਕਰ ਕੇ ਕੇਂਦਰੀ ਸਰਕਾਰ ਭੱਜ ਗਈ। ਡਲਹੌਜੀ, ਊਨਾ, ਚੰਡੀਗੜ੍ਹ, ਅੰਬਾਲਾ, ਸਰਸਾ, ਫਤਿਆਬਾਦ, ਗੂਹਲਾ ਆਦਿ ਬਹੁਤ ਸਾਰੇ ਪੰਜਾਬੀ ਇਲਾਕੇ ਪੰਜਾਬ ਤੋਂ ਬਾਹਰ ਕਰ ਦਿੱਤੇ। ਸਮੇਂ ਦੇ ਕੇਂਦਰੀ ਗ੍ਰਹਿ ਮੰਤਰੀ ਨੇ ਇੱਕ ਸਾਜ਼ਿਸ਼ ਤਹਿਤ ਪੰਜਾਬੀ ਸੂਬਾ ਲੰਗੜਾ ਤੇ ਬੇਜਾਨ ਕਰਨ ਲਈ ਹਰ ਉਹ ਯਤਨ ਕੀਤਾ ਜੋ ਉਹ ਕਰ ਸਕਦੇ ਸਨ। ਉਨ੍ਹਾਂ ਦੂਜੇ ਸੂਬਿਆਂ ਵਿਚ ਘੱਟ ਗਿਣਤੀ ਸਿੱਖਾਂ ਲਈ ਵਿਧਾਨਕ ਤੇ ਰਾਜਸੀ ਕਦਮ ਚੁੱਕਣ 'ਤੇ ਨੌਕਰੀਆਂ ਵਿਚ ਰਾਖਵਾਂਕਰਨ ਦੀ ਮੰਗ ਵੀ ਉਠਾਈ ਸੀ। ਇਸ ਤੋਂ ਇਲਾਵਾ ਉਨ੍ਹਾਂ ਪੰਥ ਬਾਰੇ ਚਿੰਤਾ ਕਰਦਿਆਂ ਕਿਹਾ ਸੀ ਕਿ ਸਾਡੇ ਧਰਮ ਅਸਥਾਨ, ਸਾਡਾ ਧਰਮ, ਸਿੱਖੀ, ਸੱਭਿਆਚਾਰ ਆਦਿ ਖਤਰੇ ਵਿਚ ਹੈ, ਜਿਸ ਨੂੰ ਬਚਾਉਣਾ ਸਮੇਂ ਦੀ ਲੋੜ ਹੈ।

ਕੁੱਲ ਮਿਲਾ ਕੇ ਇਹ ਪੁਸਤਕ ਜਿੱਥੇ ਇੱਕ ਇਤਿਹਾਸਿਕ ਦਸਤਾਵੇਜ਼ ਹੈ, ਉੱਥੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੈ। ਲੋੜ ਹੈ ਅਜਿਹੀਆਂ ਮਹਾਨ ਤੇ ਮਾਰਗ-ਦਰਸ਼ਕ ਕਰਨ ਵਾਲੀਆਂ ਸ਼ਖ਼ਸੀਅਤਾਂ ਦੀ ਜੀਵਨੀ ਤੇ ਪੁਸਤਕਾਂ ਲਿਖੀਆਂ ਤੇ ਪੜ੍ਹਾਈਆਂ ਜਾਣ।

*ਰੀਵਿਊਕਾਰ*
*ਸ. ਬਲਵਿੰਦਰ ਸਿੰਘ (ਭੁੱਲਰ) ਬਠਿੰਡਾ*
*ਸੀਨੀਅਰ ਪੱਤਰਕਾਰ*
*ਮੋ. ੦੯੮੮੮੨੭੫੯੧੩*

ਕਵਿਤਾ

# ਮਹਾਰਾਜਾ ਰਣਜੀਤ ਸਿੰਘ

-ਡਾ. ਹਰੀ ਸਿੰਘ ਜਾਚਕ*

*ਬਚਪਨ ਆਪਣਾ ਬਾਲਕ ਰਣਜੀਤ ਸਿੰਘ ਨੇ, ਵਹਿੰਦੇ ਖੂਨ ਦੇ ਵਿਚ ਗੁਜ਼ਾਰਿਆ ਸੀ।*
*ਰਣਤੱਤੇ 'ਚ ਜੂਝਣ ਵਾਲਿਆਂ ਨੇ, ਓਹਨੂੰ ਸ਼ਸਤਰਾਂ ਨਾਲ ਸ਼ਿੰਗਾਰਿਆ ਸੀ।*
*ਨਾਢੂ ਖਾਂ ਸੀ ਗਿੱਦੜਾਂ ਵਾਂਗ ਦੌੜੇ, ਬੱਬਰ ਸ਼ੇਰ ਨੇ ਜਦੋਂ ਲਲਕਾਰਿਆ ਸੀ।*
*ਪੜ੍ਹੀਏ ਜਦੋਂ ਇਤਿਹਾਸ ਤਾਂ ਪਤਾ ਲਗਦੈ, (ਉਹ) ਸਦਾ ਜਿੱਤਿਆ ਕਦੇ ਨਾ ਹਾਰਿਆ ਸੀ।*
*ਜੋ ਪੰਜਾਬ ਨੂੰ ਆਉਂਦੇ ਸੀ ਮੂੰਹ ਚੱਕੀ, ਫੜ ਕੇ ਪਿੱਛੇ ਪਰਤਾਏ ਰਣਜੀਤ ਸਿੰਘ ਨੇ।*
*ਮੁੜਕੇ ਫੇਰ ਨਾ ਏਧਰ ਨੂੰ ਮੂੰਹ ਕੀਤਾ, ਐਸੇ ਮੂੰਹ ਭੁਵਾਏ ਰਣਜੀਤ ਸਿੰਘ ਨੇ।*
*ਜਿਹੜੇ ਕਹਿੰਦੇ ਕਹਾਉਂਦੇ ਸੀ ਜਗ ਅੰਦਰ, ਖੱਬੀ ਖਾਨ ਝਟਕਾਏ ਰਣਜੀਤ ਸਿੰਘ ਨੇ।*
*ਸ਼ਾਹ ਜਮਾਨ ਅਬਦਾਲੀ ਦੇ ਪੋਤਰੇ ਨੂੰ, ਦਿਨੇ ਤਾਰੇ ਵਿਖਾਏ ਰਣਜੀਤ ਸਿੰਘ ਨੇ।*
*ਸ਼ਾਹੀ ਮਹਿਲ ਵਿਚ ਗੁਰੂ ਗ੍ਰੰਥ ਜੀ ਦਾ, ਸਭ ਤੋਂ ਉੱਤੇ ਸੀ ਕੀਤਾ ਪ੍ਰਕਾਸ਼ ਓਨ੍ਹਾਂ।*
*ਸ਼ਬਦ ਗੁਰੂ ਤੇ ਸਿੱਖੀ ਸਿਧਾਂਤ ਉੱਤੇ, ਪੂਰਾ ਰੱਖਿਆ ਸਿਦਕ ਵਿਸ਼ਵਾਸ ਓਨ੍ਹਾਂ।*
*ਸੋਨਾ ਚਾੜ੍ਹਿਆ ਪਾਵਨ ਦਰਬਾਰ ਉੱਤੇ, ਗੁਰੂ ਪੰਥ ਵਾਲੇ ਬਣਕੇ ਦਾਸ ਓਨ੍ਹਾਂ।*
*ਸਮੇਂ ਸਮੇਂ 'ਤੇ ਜਦੋਂ ਵੀ ਪਈ ਬਿਪਤਾ, ਗੁਰੂ ਚਰਨਾਂ 'ਚ ਕੀਤੀ ਅਰਦਾਸ ਓਨ੍ਹਾਂ।*
*ਜਦੋਂ ਅਟਕ ਦਰਿਆ ਅਟਕਾਉਣ ਲੱਗਾ, ਅੱਗੋਂ ਅਟਕ ਅਟਕਾਇਆ ਰਣਜੀਤ ਸਿੰਘ ਨੇ।*
*ਸ਼ੂਕਾਂ ਮਾਰਦੇ ਅਟਕ ਦਰਿਆ ਅੰਦਰ, ਜਦੋਂ ਘੋੜਾ ਠਿਲਾਇਆ ਰਣਜੀਤ ਸਿੰਘ ਨੇ।*
*ਠਿਲ ਪਈ ਫਿਰ ਨਾਲ ਹੀ ਸਿੱਖ ਸੈਨਾ, ਜਦ ਜੈਕਾਰਾ ਗ਼ਜਾਇਆ ਰਣਜੀਤ ਸਿੰਘ ਨੇ।*
*ਜਾ ਕੇ ਦੁਸ਼ਮਣ ਦੀ ਫ਼ੌਜ ਦੀ ਹਿੱਕ ਉੱਤੇ, ਕੌਮੀ ਝੰਡਾ ਝੁਲਾਇਆ ਰਣਜੀਤ ਸਿੰਘ ਨੇ।*
*ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ, ਨਾਂ ਦਾ ਸਿੱਕਾ ਚਲਾਇਆ ਰਣਜੀਤ ਸਿੰਘ ਨੇ।*
*ਫੂਲਾ ਸਿੰਘ ਤੋਂ ਕੋਰੜੇ ਖਾਣ ਲੱਗਿਆਂ, ਮੱਥੇ ਵੱਟ ਨਾ ਪਾਇਆ ਰਣਜੀਤ ਸਿੰਘ ਨੇ।*
*ਕੀ ਮਜਾਲ ਹੈ ਕਿਸੇ ਗਰੀਬੜੇ ਦਾ, ਹੋਵੇ ਦਿਲ ਦੁਖਾਇਆ ਰਣਜੀਤ ਸਿੰਘ ਨੇ।*
*ਇੱਕੋ ਘਾਟ 'ਤੇ ਸ਼ੀਹ ਤੇ ਬੱਕਰੀ ਨੂੰ, 'ਕੱਠਾ ਪਾਣੀ ਪਿਲਾਇਆ ਰਣਜੀਤ ਸਿੰਘ ਨੇ।*
*ਰਹਿਣੇ ਸਦਾ ਇਤਿਹਾਸ ਦੇ ਪੰਨਿਆਂ 'ਤੇ, ਕੀਤੇ ਕੰਮ ਸਨ ਜਿਹੜੇ ਮਹਾਨ ਉਸ ਨੇ।*
*ਸਿੱਖ ਹੁੰਦਿਆਂ ਧਰਮ ਨਿਰਪੱਖ ਰਹਿ ਕੇ, ਸਾਰੇ ਧਰਮਾਂ ਦਾ ਕੀਤਾ ਸਨਮਾਨ ਉਸ ਨੇ।*
*ਮੰਦਰਾਂ, ਮਸਜਿਦਾਂ ਤੇ ਗੁਰਦੁਆਰਿਆਂ ਲਈ, ਖੁੱਲ੍ਹੇ ਦਿਲ ਨਾਲ ਦਿੱਤਾ ਸੀ ਦਾਨ ਉਸ ਨੇ।*
*ਇੱਕੋ ਲੜੀ ਦੇ ਵਿਚ ਪਰੋ ਦਿੱਤੇ, ਹਿੰਦੂ ਸਿੱਖ 'ਜਾਚਕ' ਮੁਸਲਮਾਨ ਉਸ ਨੇ।* ■

*#੨੨੨, ਮਾਡਲ ਗ੍ਰਾਮ, ਲੁਧਿਆਣਾ- ੧੪੧੦੦੨; ਮੋ. +੯੧੯੯੮੮੩-੨੧੨੪੫

ਕਵਿਤਾ

# ਵੀਹਵੀਂ ਸਦੀ ਦਾ ਸੂਰਜ : ਭਗਤ ਪੂਰਨ ਸਿੰਘ

-ਸ. ਸਤਿਨਾਮ ਸਿੰਘ ਕੋਮਲ*

ਵੀਹਵੀਂ ਸਦੀ ਦਾ ਸੂਰਜ, ਵੱਡਾ ਸੀ ਕਰਮਯੋਗੀ।
ਜਿਸਦੀ ਉਮਰ ਦੀ ਪੂੰਜੀ, ਪਾਗਲ, ਬੀਮਾਰ, ਰੋਗੀ।
ਸਭ ਦੀ ਸੰਭਾਲ ਕਰਨੀ, ਨਿੱਤ ਦਾ ਸੀ ਕਰਮ ਸੇਵਾ,
ਅੱਜ ਦਾ ਭਾਈ ਘਨੱਈਆ, ਜਿਸ ਦਾ ਸੀ ਧਰਮ ਸੇਵਾ।
ਜੋ ਵੀ ਖਾਣ ਨੂੰ ਮਿਲ ਜੇ, ਉਗਰਾਹ ਕੇ ਲਿਆਉਣਾ।
ਜੋ ਚੋਗ ਦਿਨੇ ਚੁਗਿਆ, ਉਨ੍ਹਾਂ ਦੇ ਮੂੰਹ 'ਚ ਪਾਉਣਾ।
ਮਿਲਿਆ ਗੁਰੂ ਦੇ ਦਰ ਤੋਂ, ਲੂਲ੍ਹਾ ਸੀ ਇਕ 'ਪਿਆਰਾ'।
ਗੁਰੂ ਦੀ ਦਾਤ ਸਮਝੀ, ਬਣਾ ਲਿਆ ਅੱਖਾਂ ਦਾ ਤਾਰਾ।
ਲੈ ਆਇਆ ਚੁੱਕ ਮੋਢੇ, ਪਿਆ ਵੰਡ ਦਾ ਉਜਾੜਾ,
ਬਣਾਇਆ ਸੀ ਬੋਹੜ ਛਾਵੇਂ, ਅੱਜ ਦਾ ਪਿੰਗਲਵਾੜਾ।
ਮਨੁੱਖਤਾ ਦੇ ਦਰਦ ਸਾਰੇ, ਉਸ ਨਾਮ ਆਪਣੇ ਕਰ ਲਏ।
ਇਸ ਦਰਦ ਨੂੰ ਸਮਰਪਿਤ, ਸੁਬਹਾ ਸ਼ਾਮ ਆਪਣੇ ਕਰ ਲਏ।
ਰੋਟੀ ਦਵਾਈ ਕੱਪੜਾ, ਸੀ ਫਿਕਰ ਸਭ ਦਾ ਹੁੰਦਾ।
ਬੁੱਲੀਂ ਦੁਆ ਸੀ ਹੁੰਦੀ, ਜਾਂ ਜ਼ਿਕਰ ਰੱਬ ਦਾ ਹੁੰਦਾ
ਸੀ ਆਪਣੇ ਕੋਲ ਬਹਿੰਦਾ, ਚਿੰਤਾ ਸੰਸਾਰ ਦੀ ਪਰ।
ਹਰ ਵੇਲੇ ਗੱਲ ਕਰਨੀ, ਕੁਦਰਤ ਦੇ ਪਿਆਰ ਦੀ ਪਰ।
ਰਹਿਣਾ ਹਰ ਵੇਲੇ ਰੁੱਝਿਆ, ਪਲ ਭਰ ਦੀ ਵਿਹਲ ਹੈ ਨਈਂ।
ਵਿਖਾਵੇ ਤੇ ਸ਼ੋਹਰਤਾਂ ਸੰਗ, ਸੁਪਨੇ 'ਚ ਮੇਲ ਹੈ ਨਈਂ।
ਦੁਨਿਆਵੀ ਸ਼ੋਹਰਤਾਂ ਸਭ, ਅੱਗਾਂ 'ਚ ਬਾਲੀਆਂ ਸਨ।
ਸਾਦਾ, ਸਹਿਜ ਸੰਤੋਖੀ, ਨਾ ਜੀਵਨ 'ਚ ਕਾਹਲੀਆਂ ਸਨ।
ਗਹਿਰ ਗੰਭੀਰ ਸੋਚਾਂ, ਹਮੇਸ਼ ਉਸ ਦਾ ਖਾਸਾ।
ਤੇ ਸਾਦਗੀ ਸੁਭਾਅ ਦੀ, ਬਸ ਓਸ ਦਾ ਖੁਲਾਸਾ।
ਸ਼ੁਭ ਗੁਣਾਂ ਦੇ ਮਾਲਕ, ਧੁਰੋਂ ਵਰੋਂ ਸਾਏ ਹੁੰਦੇ।
ਦਿਸਦੇ ਸਭ ਹੀ ਆਪਣੇ, ਨਾ ਕੋਈ ਪਰਾਏ ਹੁੰਦੇ।
ਰਿਹਾ ਉਸ ਹੱਥ ਵਿਚ ਬਾਟਾ, ਕਰਮਾਂ ਦੇ ਮਾਰਿਆਂ ਲਈ।

*#੨੪੮, ਅਰਬਨ ਅਸਟੇਟ, ਫੇਜ਼ ੧, ਚੰਡੀਗੜ੍ਹ ਰੋਡ, ਲੁਧਿਆਣਾ-੧੪੧੦੧੦; ਮੋ.+੯੧੯੮੭੨੬-੦੯੯੨੧, +੯੧੯੪੧੭੩-੭੨੩੪੫

*ਬਣਿਆ ਰਿਹਾ ਸਹਾਰਾ ਉਹ ਬੇਸਹਾਰਿਆਂ ਲਈ।*
*ਜੀਹਨਾਂ ਸਹਾਰੇ ਉੱਡਿਆ, ਉਹ ਪਰ ਸਨ, ਸੇਵਾ, ਸਿਮਰਨ।*
*ਕੀਤਾ ਸੀ ਰੋਗੀਆਂ ਲਈ, ਤਨ ਮਨ ਧਨ ਅਰਪਨ।*
*ਜੀਉਂਦੇ ਜੋ ਦੂਜਿਆਂ ਲਈ, ਜੀਉਂਦੇ ਨੇ ਅਸਲ ਓਹੀ।*
*ਜੀਵਨ ਨੂੰ ਸਮਝ ਅੰਮ੍ਰਿਤ, ਪੀਂਦੇ ਨੇ ਅਸਲ ਓਹੀ।*
*ਸਮੇਂ ਦੇ ਵਰਕਿਆਂ 'ਤੇ, ਹੱਥੀਂ ਇਤਿਹਾਸ ਲਿਖਦੇ।*
*ਆਪਣੇ ਹੱਥੀਂ ਆਪਣੇ ਮੱਥੇ, ਨੇ ਵਿਸ਼ਵਾਸ ਲਿਖਦੇ।*
*ਜੋ ਸੋਚਿਆ ਸੀ ਪੂਰਾ, ਕਰ ਕੇ ਵਿਖਾਲਿਆ ਹੈ।*
*ਸੁਪਨੇ ਸਾਕਾਰ ਕਰਨੇ ਜੱਗ ਨੂੰ ਸਿਖਾਲਿਆ ਹੈ।*
*ਸੇਵਾ ਦਾ ਬੀਜ ਬੋ ਕੇ, ਬੋਹੜ ਬਣਾ ਗਿਆ ਹੈ।*
*ਲਗਨ ਸਿਰੜ ਤੇ ਸਿਦਕਾਂ, ਨੂੰ ਹੱਥੀਂ ਅਜਮਾ ਗਿਆ ਹੈ।*
*ਪਦਮ ਸ੍ਰੀ ਜਹੇ ਤਗਮੇ ਉਸ ਨੇ ਵਗਾਹ ਕੇ ਮਾਰੇ।*
*ਸ਼ੋਹਰਤ ਨਾ ਲੋੜ ਮੇਰੀ, ਜੀਊਂਦਾ ਗੁਰੂ ਸਹਾਰੇ।*
*ਲੋਕਾਂ 'ਚੋਂ ਉਠ ਕੇ, ਜੱਗ 'ਤੇ, ਲੋਕਾਂ ਨਾ ਜੁੜੇ ਰਹਿਣਾ।*
*ਦਿਨ ਸਾਰਾ ਗੁਰੂ ਚਰਨੀਂ, ਹੁੰਦਾ ਸੀ ਨਿੱਠ ਕੇ ਬਹਿਣਾ।*
*ਮੇਰੀ ਅਰਦਾਸ ਏਹੋ, ਰਹੇ ਕਾਰਵਾਂ ਇਹ ਚਲਦਾ।*
*ਮਜ਼ਬੂਰ, ਬੇਬਸ, ਜੀਵਨ, ਰਹੇ ਇਸ ਛਾਵੇਂ ਪਲਦਾ।*
*ਆਪਣੀ ਕਿਰਤ 'ਚੋਂ ਬੰਦਾ, ਰਹੇ ਥੋੜਾ ਬਹੁਤ ਘੱਲਦਾ।*
*ਲਿਖਦਾ ਰਹੇ ਸਦਾ ਹੀ, ਇਤਿਹਾਸ ਇਸ ਨੂੰ ਕੱਲ੍ਹ ਦਾ।*
*ਇਸ ਯੁੱਗ ਦੇ ਕਰਮਯੋਗੀ, ਨੂੰ ਆਪਣਾ ਸਿਰ ਝੁਕਾਉਂਦਾ।*
*ਇਹ ਲੈ ਕੇ ਹਰਫ਼ ਬੌਣੇ, ਉਹਦੇ ਹਾਣੀ ਪਿਆ ਬਣਾਉਂਦਾ।*
*ਮੈਂ ਉਸ ਦੇ ਸਿਦਕ ਤੋਂ ਸਦਕੇ, ਮੈਂ ਉਸ ਦੇ ਸਿਰੜੋਂ ਵਾਰੀ।*
*ਜੀਅ ਕਰੇ ਉਸ ਤੋਂ 'ਕੋਮਲ', ਦਿਆਂ ਵਾਰ ਉਮਰ ਸਾਰੀ।* ■

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੬ ਨਵੰਬਰ, ੨੦੨੧ ਨੂੰ ਗੁਰਦੁਆਰਾ ਪਹਿਲੀ ਪਾਤਸ਼ਾਹੀ, ਪਿੰਡ ਦਬਲੈੜ ਅਤੇ ੭ ਨਵੰਬਰ, ੨੦੨੧ ਨੂੰ ਗੁਰਦੁਆਰਾ ਸਿੰਘ ਸਭਾ, ਰਹਿਮਬਲ ਗੜ੍ਹੀ (ਉਧਮਪੁਰ) ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ਕ੍ਰਮਵਾਰ ੧੧੧ ਅਤੇ ੧੧੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੪੦੦ ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਮੌਕੇ ਵਿਸ਼ਾਲ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੨੧ ਅਪ੍ਰੈਲ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੪੦੦ ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਅਤੇ ੪੦੧ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਸਿੱਖ ਮਸਲਿਆਂ ਦਾ ਤੁਰੰਤ ਹੱਲ ਕਰਨ ਲਈ ਭਾਰਤ ਸਰਕਾਰ ਨੂੰ ਸੰਜੀਦਾ ਹੋਣ ਦਾ ਸੁਨੇਹਾ ਦਿੱਤਾ ਗਿਆ। ਇਥੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜਾਏ ਗਏ ਇਸ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਬਾਬਾ ਤੇਜਾ ਸਿੰਘ ਖੁਡਾ ਕੁਰਾਲਾ ਨਿਰਮਲੇ ਤੇ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲਿਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਨੌਵੇਂ ਪਾਤਸ਼ਾਹ ਜੀ ਦਾ ਸਮੁੱਚਾ ਜੀਵਨ ਧਰਮ ਅਤੇ ਮਾਨਵਤਾ ਦੀ ਰਖਵਾਲੀ ਲਈ ਸੀ, ਪਰੰਤੂ ਦੁੱਖ ਦੀ ਗੱਲ ਹੈ ਕਿ ਅੱਜ ਗੁਰੂ ਸਾਹਿਬ ਦੇ ਵਰੋਸਾਏ ਸਿੱਖਾਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ। ਲੰਮੇ ਸਮੇਂ ਤੋਂ ਲਟਕਦੇ ਸਿੱਖ ਮਸਲੇ ਹੱਲ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਸਮੇਤ ਹਰ ਇਕ ਦੀ ਧਾਰਮਿਕ ਆਜ਼ਾਦੀ ਨੌਵੇਂ ਪਾਤਸ਼ਾਹ ਦੀ ਸੋਚ ਅਨੁਸਾਰ ਕਾਇਮ ਰਹਿਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਨਾਲ ਧੱਕਾ ਹੁੰਦਾ ਹੈ ਤਾਂ ਇਹ ਸਮਝਿਆ ਜਾਵੇਗਾ ਕਿ ਦਿੱਲੀ ਦੀ ਸਰਕਾਰ ਸੰਜੀਦਾ ਨਹੀਂ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਮੰਤਵ ਹਰ ਇਕ ਨੂੰ ਆਪਣਾ ਇਸ਼ਟ ਪੂਜਣ ਦਾ ਅਧਿਕਾਰ ਦਿਵਾਉਣਾ ਸੀ, ਪਰੰਤੂ ਅੱਜ ਭਾਰਤ ਅੰਦਰ ਗੁਰੂ ਸਾਹਿਬ ਦੀ ਸੋਚ ਤੋਂ ਉਲਟ ਜਾ ਕੇ ਘੱਟਗਿਣਤੀਆਂ ਦੀਆਂ ਧਰਮ ਮਾਨਤਾਵਾਂ ਨੂੰ ਦਬਾਇਆ ਜਾ ਰਿਹਾ ਹੈ। ਸਿੱਖ ਮਸਲੇ ਹੱਲ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ੧੯੪੭ ਈ. ਦੀ ਦੇਸ਼ ਵੰਡ ਤੋਂ ਲੈ ਕੇ ਹੁਣ

ਤਕ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ ਅਤੇ ਇਸੇ ਕਰਕੇ ਹੀ ਸਿੱਖਾਂ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਦੀ ਸਰਕਾਰ ਨੂੰ ਦੇਸ਼ ਵੰਡ ਤੋਂ ਲੈ ਕੇ ਸਿੱਖਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨਾ ਚਾਹੀਦਾ ਹੈ, ਤਾਂ ਜੋ ਵਿਸ਼ਵਾਸ ਬਹਾਲੀ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਲੁਕਵਾਂ ਪੱਖ ਨਹੀਂ ਹੈ ਕਿ ਅੱਜ ਸਿੱਖਾਂ 'ਤੇ ਹਮਲੇ ਹੋ ਰਹੇ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਗੁਰਬਾਣੀ 'ਤੇ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋ ਰਹੇ ਹਮਲਿਆਂ ਦਾ ਇਕਜੁਟ ਹੋ ਕੇ ਜਵਾਬ ਦੇਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਥਮਿੰਦਰ ਸਿੰਘ ਅਨੰਦ ਨਾਂ ਦੇ ਵਿਅਕਤੀ ਨੇ ਗੁਰਬਾਣੀ ਨੂੰ ਤੋੜ-ਮਰੋੜ ਕੇ ਪ੍ਰਕਾਸ਼ਿਤ ਕੀਤਾ ਹੈ, ਜਿਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ੩ ਮਈ ਨੂੰ ਪੰਥਕ ਇਕੱਠ ਬੁਲਾਇਆ ਗਿਆ ਹੈ। ਇਸ ਇਕੱਤਰਤਾ ਮੌਕੇ ਜੋ ਵੀ ਸਾਂਝੀ ਰਾਇ ਬਣੇਗੀ ਉਸ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਠੋਸ ਫੈਸਲਾ ਲਿਆ ਜਾਵੇਗਾ। ਉਨ੍ਹਾਂ ਵਿਦੇਸ਼ਾਂ 'ਚ ਵੱਸਦੇ ਸਿੱਖਾਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਜੋੜੀ ਰੱਖਣ ਲਈ ਯਤਨ ਕਰਨ ਦੀ ਅਪੀਲ ਵੀ ਕੀਤੀ।

ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੪੦੧ਵੇਂ ਮੌਕੇ ਭਾਰਤ ਸਰਕਾਰ ਨੂੰ ਸਿੱਖ ਮਸਲਿਆਂ ਦੇ ਹੱਲ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਜਦੋਂ ਕੇਂਦਰ ਸਰਕਾਰ ਵੱਲੋਂ ਵੀ ਦਿੱਲੀ ਦੇ ਲਾਲ ਕਿਲ੍ਹੇ 'ਤੇ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਤਾਂ ਚੰਗਾ ਹੁੰਦਾ ਜੇਕਰ ਪ੍ਰਧਾਨ ਮੰਤਰੀ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਸਿੱਖ ਬੰਦੀਆਂ ਨੂੰ ਰਿਹਾਅ ਕਰਨ, ਸਿੱਖ ਗੁਰਧਾਮਾਂ ਦਾ ਪ੍ਰਬੰਧ ਪੰਥ ਨੂੰ ਸੌਂਪਣ ਅਤੇ ਸਿੱਖਾਂ 'ਤੇ ਦੇਸ਼ ਅੰਦਰ ਹੁੰਦੇ ਨਸਲੀ ਹਮਲਿਆਂ ਸਬੰਧੀ ਕੋਈ ਠੋਸ ਕਦਮ ਉਠਾਉਣ ਦਾ ਐਲਾਨ ਕਰਦੇ। ਉਨ੍ਹਾਂ ਆਖਿਆ ਕਿ ਨੌਵੇਂ ਪਾਤਸ਼ਾਹ ਨੇ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਦਬਾਉਣ ਵਾਲਿਆਂ ਵਿਰੁੱਧ ਅਜ਼ਾਦ ਬੁਲੰਦ ਕੀਤੀ ਸੀ, ਪਰ ਅੱਜ ਉਨ੍ਹਾਂ ਦੇ ਧਰਮ ਅਨੁਯਾਈਆਂ ਨੂੰ ਦੇਸ਼ ਅੰਦਰ ਧਰਮ ਦੀਆਂ ਮਾਨਵਾਤਾਂ 'ਤੇ ਪਹਿਰਾ ਦੇਣ ਤੋਂ ਰੋਕਿਆ ਜਾ ਰਿਹਾ ਹੈ। ਕਦੀ ਕਿਰਪਾਨ ਅਤੇ ਕਦੀ ਦਸਤਾਰ ਆਦਿ ਦੇ ਮਸਲੇ ਜਾਣਬੁਝ ਕੇ ਉਲਝਾਏ ਜਾ ਰਹੇ ਹਨ ਅਤੇ ਦੁੱਖ ਇਸ ਗੱਲ ਦਾ ਹੈ ਕਿ ਸਰਕਾਰਾਂ ਨੂੰ ਲਿਖਣ ਦੇ ਬਾਵਜੂਦ ਵੀ ਅਜਿਹੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਉਨ੍ਹਾਂ ਸਰਕਾਰ ਨੂੰ ਇਨ੍ਹਾਂ ਮਾਮਲਿਆਂ 'ਤੇ ਸੰਜੀਦਾ ਰੁਖ ਅਪਨਾਉਣ ਦੀ ਅਪੀਲ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੇ ੪੦੦ ਸਾਲਾ ਪ੍ਰਕਾਸ਼ ਦਿਹਾੜੇ ਨੂੰ ਨਤਮਸਤਕ ਹੁੰਦਿਆਂ ਭਾਰਤੀ ਸੰਸਦ ਅੰਦਰ ੧੯੮੪ 'ਚ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ, ਦਿੱਲੀ ਸਿੱਖ ਕਤਲ-ਏ-ਆਮ ਦੀ ਮੁਆਫ਼ੀ ਮੰਗਣ ਦੀ ਪਹਿਲ ਕਦਮੀ ਹੋਵੇ ਅਤੇ ਇਸ ਦੇ ਨਾਲ ਹੀ ਵੱਖਰੀ ਹਰਿਆਣਾ ਗੁਰਦੁਆਰਾ

ਕਮੇਟੀ ਨੂੰ ਰੱਦ ਕਰਨ ਦਾ ਮਤਾ, ਕਾਲੀ ਸੂਚੀ ਖਤਮ ਕਰਨ ਅਤੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ, ਧਾਰਾ ੨੫-ਬੀ ਖਤਮ ਕਰਨ, ਗੁਰਧਾਮਾਂ ਦੇ ਲਟਕਦੇ ਮਸਲੇ ਅਤੇ ਸਿੱਖ ਸੰਸਥਾਵਾਂ ਨਾਲ ਜੁੜੇ ਸਰੋਕਾਰਾਂ ਨੂੰ ਤਵੱਜੋਂ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਕੇਂਦਰ ਦੀ ਸਿੱਖਾਂ ਪ੍ਰਤੀ ਭਾਵਨਾ ਦੇ ਸ਼ੁਧੀਕਰਨ ਦਾ ਪਤਾ ਲੱਗ ਸਕੇਗਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਦੀ ਪੰਥਕ ਇਕੱਤਰਤਾ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਂਝਾ ਸੰਘਰਸ਼ ਵਿੱਢਣ ਦਾ ਫੈਸਲਾ

ਸ੍ਰੀ ਅੰਮ੍ਰਿਤਸਰ, ੧੧ ਮਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸੱਦੇ ਗਏ ਪੰਥਕ ਇਕੱਠ ਦੌਰਾਨ ਸਮੁੱਚੀਆਂ ਜਥੇਬੰਦੀਆਂ ਅਤੇ ਪੰਥ ਦਰਦੀਆਂ ਵੱਲੋਂ ਇਕਜੁਟਤਾ ਨਾਲ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ। ਇਹ ਇਕੱਤਰਤਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਤਹਿਤ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਗਈ ਸੀ। ਅੱਜ ਦੇ ਇਸ ਪੰਥਕ ਇਕੱਠ ਵਿਚ ਸਿੱਖ ਕੌਮ ਦੀਆਂ ਵੱਖ-ਵੱਖ ਧਾਰਮਿਕ, ਰਾਜਸੀ ਤੇ ਸਮਾਜਿਕ ਜਥੇਬੰਦੀਆਂ ਨੇ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਭਵਿੱਖੀ ਯਤਨਾਂ ਅਤੇ ਅਰੰਭੇ ਜਾਣ ਵਾਲੇ ਹਰ ਸੰਘਰਸ਼ ਦਾ ਮੋਹਰੀ ਤੌਰ 'ਤੇ ਸਾਥ ਦੇਣ ਦੀ ਵਚਨਬੱਧਤਾ ਪ੍ਰਗਟਾਈ।

ਇਕੱਤਰਤਾ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਤਿੰਨ ਅਹਿਮ ਮਤੇ ਪਾਸ ਕੀਤੇ ਗਏ, ਜਿਨ੍ਹਾਂ ਅਨੁਸਾਰ ਇਕ ਸਾਂਝੀ ਕਮੇਟੀ ਸਥਾਪਿਤ ਕਰਨ, ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਨੂੰ ਮਿਲਣ ਅਤੇ ਲੋੜ ਪੈਣ 'ਤੇ ਕਰੜਾ ਸੰਘਰਸ਼ ਵਿੱਢਣ 'ਤੇ ਸਹਿਮਤੀ ਪ੍ਰਗਟ ਕੀਤੀ ਗਈ। ਇਸ ਦੇ ਨਾਲ ਹੀ ਦੇਸ਼ ਦੀ ਪਾਰਲੀਮੈਂਟ ਦੇ ਸਿੱਖ ਮੈਂਬਰਾਂ ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ ਨੂੰ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਅਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਗਈ। ਇਹ ਵੀ ਕਿਹਾ ਗਿਆ ਕਿ ਸਿੱਖ ਮੈਂਬਰ ਪਾਰਲੀਮੈਂਟ ਇਨਸਾਫ ਪਸੰਦ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਪਾਰਲੀਮੈਂਟ ਦੇ ਹੋਰ ਮੈਂਬਰਾਂ ਨੂੰ ਵੀ ਇਸ ਮਾਮਲੇ ਵਿਚ ਆਪਣੇ ਨਾਲ ਲੈਣ।

ਇਕੱਤਰਤਾ ਦੌਰਾਨ ਅਗਲੀ ਰੂਪ ਰੇਖਾ ਲਈ ਕਮੇਟੀ ਸਥਾਪਤ ਕਰਨ ਦੇ ਅਧਿਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੇ ਗਏ, ਜਿਸ 'ਤੇ ਆਪਣੇ ਸੰਬੋਧਨ ਦੌਰਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਜਲਦ ਹੀ ਇਹ ਕਮੇਟੀ ਗਠਤ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਣਾਈ ਜਾਣ ਵਾਲੀ ਕਮੇਟੀ ਵਿਚ ਸਾਰੀਆਂ ਧਿਰਾਂ ਦੇ ਮੈਂਬਰ ਸ਼ਾਮਲ ਹੋਣਗੇ। ਐਡਵੋਕੇਟ ਧਾਮੀ ਨੇ ਆਖਿਆ ਕਿ ਭਾਵੇਂ ਚਿਰਾਂ ਤੋਂ ਸਿੱਖ ਪੰਥ ਦੀਆਂ ਪ੍ਰਤੀਨਿਧ ਵੱਖ-ਵੱਖ ਜਥੇਬੰਦੀਆਂ ਅਤੇ ਪੰਥ ਦਰਦੀ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰ ਰਹੇ ਹਨ, ਪਰੰਤੂ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਾਂਝੇ ਰੂਪ ਵਿਚ ਯਤਨ ਅੱਗੇ ਵਧਾਏ ਜਾਣਗੇ। ਉਨ੍ਹਾਂ ਕਿਹਾ

ਕਿ ਸਰਕਾਰਾਂ ਵੱਲੋਂ ਸਿੱਖਾਂ ਨਾਲ ਹਮੇਸ਼ਾ ਹੀ ਧੱਕਾ ਕੀਤਾ ਜਾਂਦਾ ਰਿਹਾ ਹੈ ਅਤੇ ਆਪਣੀਆਂ ਸਜ਼ਾਵਾਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾਅ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਕੇ ਧੱਕੇ ਦੀ ਸਿਖਰ ਕੀਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਜੇਲ੍ਹਾਂ ਵਿਚ ਬੰਦ ਸਿੱਖ ਕੈਦੀ ਆਪਣੀ ਜਾਤੀ ਲੜਾਈ ਲਈ ਨਹੀਂ, ਸਗੋਂ ਕੌਮੀ ਯੁੱਧ ਕਾਰਨ ਜੇਲ੍ਹਾਂ ਵਿਚ ਬੰਦ ਹਨ। ਸਰਕਾਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਨ੍ਹਾਂ ਸਿੰਘਾਂ ਵੱਲੋਂ ਲਿਆ ਗਿਆ ਫੈਸਲਾ ਸਿੱਖਾਂ ਦੇ ਗੁਰਧਾਮਾਂ ਅਤੇ ਕੌਮ ਦੀ ਅਣਖ 'ਤੇ ਕੀਤੇ ਗਏ ਹਮਲਿਆਂ ਵਿੱਚੋਂ ਨਿਕਲਿਆ ਸੀ, ਇਸ ਲਈ ਬਿਨਾਂ ਸ਼ਰਤ ਬੰਦੀ ਸਿੰਘ ਤੁਰੰਤ ਰਿਹਾਅ ਕੀਤੇ ਜਾਣ।

ਆਪਣੇ ਸੰਬੋਧਨ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਥਕ ਇਕੱਤਰਤਾ ਦਾ ਇਕਜੁਟਤਾ ਵਾਲਾ ਸੁਨੇਹਾ ਸਮੁੱਚੀ ਸਿੱਖ ਕੌਮ ਲਈ ਬੇਹੱਦ ਅਹਿਮ ਹੈ ਅਤੇ ਭਵਿੱਖ ਵਿਚ ਇਸ ਲਹਿਰ ਨੂੰ ਨਿਰੰਤਰ ਤੋਰੀ ਰੱਖਣਾ ਚਾਹੀਦਾ ਹੈ। ਸ. ਬਾਦਲ ਨੇ ਕਿਹਾ ਕਿ ਸਿਆਸੀ ਵਖਰੇਵੇਂ ਇਕ ਪਾਸੇ ਹਨ, ਜਦਕਿ ਪੰਥਕ ਹਿੱਤਾਂ ਲਈ ਇਹ ਸਮੂਹਕ ਯਤਨ ਵੱਡੇ ਨਤੀਜੇ ਦੇਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੇ ਨਿਰਦੇਸ਼ਾਂ 'ਤੇ ਹਰ ਲੜਾਈ ਲੜਨ ਲਈ ਨਾਲ ਰਹੇਗਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਪੰਥਕ ਕਾਰਜਾਂ ਲਈ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਚਿਰਾਂ ਬਾਅਦ ਕੀਤਾ ਗਿਆ ਇਹ ਪੰਥਕ ਇਕੱਠ ਆਪਣੇ ਆਪ ਵਿਚ ਇਤਿਹਾਸਕ ਹੈ, ਜਿਸ 'ਤੇ ਅਵੱਸ਼ ਚੰਗੇ ਨਤੀਜੇ ਨਿਕਲਣਗੇ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਸਿੱਖ ਪੰਥ ਨੂੰ ਠੋਸ ਯਤਨ ਅੱਗੇ ਵਧਾਉਣ ਦੇ ਨਾਲ-ਨਾਲ ਨਿਰਣਾਇਕ ਫੈਸਲੇ ਲੈਣੇ ਚਾਹੀਦੇ ਹਨ। ਪੰਥਕ ਇਕੱਤਰਤਾ ਦੌਰਾਨ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਸ. ਮਨਜੀਤ ਸਿੰਘ ਜੀਕੇ, ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਤਰਨਾ ਦਲ ਵੱਲੋਂ ਬਾਬਾ ਨੌਰੰਗ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ. ਸੁਰਿੰਦਰ ਸਿੰਘ ਕਿਸ਼ਨਪੁਰਾ, ਚੀਫ ਖਾਲਸਾ ਦੀਵਾਨ ਵੱਲੋਂ ਸ. ਸਰਬਜੀਤ ਸਿੰਘ ਛੀਨਾ, ਭਾਈ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਸ. ਪਰਮਜੀਤ ਸਿੰਘ ਗਾਜੀ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰ: ਸੁਰਿੰਦਰ ਸਿੰਘ, ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਫੈਡਰੇਸ਼ਨ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ, ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨਸ਼ੀਲ ਭਾਈ ਜੰਗ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਕਾਰਜਾਂ ਵਿਚ ਕੋਈ ਵੀ ਪਿੱਛੇ ਨਹੀਂ ਹਟੇਗਾ।

ਇਕੱਤਰਤਾ 'ਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਜੱਸਾ ਸਿੰਘ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸ. ਬਲਦੇਵ ਸਿੰਘ ਸਿਰਸਾ, ਸ. ਇੰਦਰਜੀਤ ਸਿੰਘ ਜਨਰਲ ਸਕੱਤਰ ਤਖ਼ਤ ਸ੍ਰੀ ਪਟਨਾ ਸਾਹਿਬ, ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸ. ਸੁਰਜੀਤ ਸਿੰਘ, ਸ. ਸੁਰਜੀਤ ਸਿੰਘ ਗੁਰਦੁਆਰਾ ਸਿੰਘ ਸਭਾ ਗੋਹਲਵੜ, ਬਾਬਾ

ਗੁਰਦੇਵ ਸਿੰਘ ਮੁੱਖੀ ਗੁਰਦੁਆਰਾ ਭਗਤਾਂ ਡੇਰਾ ਤਰਸਿੱਕਾ, ਸ. ਰਿਪੂਦਮਨ ਸਿੰਘ ਜਥੇਬੰਦੀ ਮੁਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ. ਜਸਪ੍ਰੀਤ ਸਿੰਘ, ਸ. ਮਨਜੀਤ ਸਿੰਘ ਸੈਣੀ, ਸ. ਚਰਨਕੰਵਲ ਸਿੰਘ, ਜਥੇਦਾਰ ਬਾਬਾ ਰਘਬੀਰ ਸਿੰਘ ਖਿਆਲੇ ਵਾਲੇ, ਸ. ਜੁਗਰਾਜ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ, ਬੀਬੀ ਕਸ਼ਮੀਰ ਕੌਰ, ਬਾਬਾ ਸੁਰਜੀਤ ਸਿੰਘ ਮੋਗਾ, ਗਿਆਨੀ ਨਵਤੇਜ ਸਿੰਘ ਦਮਦਮੀ ਟਕਸਾਲ, ਬਾਬਾ ਹਰਬੇਅੰਤ ਸਿੰਘ ਮਸਤੂਆਣਾ ਸਾਹਿਬ, ਬਾਬਾ ਗੋਰਾ ਸਿੰਘ, ਬਾਬਾ ਸੁੱਚਾ ਸਿੰਘ ਕਾਰਸੇਵਾ ਕਿਲ੍ਹਾ ਸ੍ਰੀ ਅਨੰਦਪੁਰ ਸਾਹਿਬ, ਬਾਬਾ ਤੇਜਾ ਸਿੰਘ ਖੁਡੇਵਾਲਿਆਂ ਵੱਲੋਂ ਭਾਈ ਬਚਿੱਤਰ ਸਿੰਘ, ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆ ਪਟਿਆਲਾ, ਸ. ਇਕਬਾਲ ਸਿੰਘ ਤੁੰਗ ਆਵਾਜ਼ ਏ ਕੌਮ ਟੀ.ਵੀ. ਯੂਕੇ, ਬਾਗਾ ਜੋਰਾ ਸਿੰਘ ਬੱਦਨੀਕਲਾਂ ਮੋਗਾ ਵੱਲੋਂ ਬਾਬਾ ਗੁਰਮੀਤ ਸਿੰਘ ਤੇ ਬਾਬਾ ਰਾਮ ਸਿੰਘ, ਬਾਬਾ ਅਨਹਦਰਾਜ ਸਿੰਘ ਲੁਧਿਆਣਾ, ਸੰਪ੍ਰਦਾਇ ਨਿਰਮਲ ਭੇਖ ਸੁਲਤਾਨਪੁਰ ਲੋਧੀ ਸ. ਕੁਲਬੀਰ ਸਿੰਘ, ਸ. ਜਿੰਦਰ ਸਿੰਘ ਔਜਲਾ ਕਪੂਰਥਲਾ, ਬੀਬੀ ਸੋਨੀਆ ਅੰਮ੍ਰਿਤਸਰ, ਸ. ਖੁਸ਼ਹਾਲ ਸਿੰਘ ਚੰਡੀਗੜ੍ਹ, ਬਾਬਾ ਬਲਦੇਵ ਸਿੰਘ ਸੰਪ੍ਰਦਾ ਬਾਬਾ ਬਿਧੀ ਚੰਦ ਛੀਨਾ ਰੋਪੜ, ਬੀਬੀ ਮਨਦੀਪ ਕੌਰ ਬਰਨਾਲਾ, ਬਾਬਾ ਤੀਰਥ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਾਬਾ ਮੇਜਰ ਸਿੰਘ ਵਾਂ, ਬੀਬੀ ਰਮਨਦੀਪ ਕੌਰ ਨੌਰੰਗ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਈ ਅੰਮ੍ਰਿਤਪਾਲ ਸਿੰਘ ਗੁਰੂ ਗੋਬਿੰਦ ਸਿੰਘ ਗਤਕਾ ਅਖਾੜਾ, ਬਾਬਾ ਮਹਿੰਦਰਪਾਲ ਸਿੰਘ ਕਪੂਰਥਲਾ, ਬਾਬਾ ਸੁੱਖਾ ਸਿੰਘ ਕਾਰਸੇਵਾ ਸਰਹਾਲੀ, ਬਾਬਾ ਮੇਜਰ ਸਿੰਘ ਕੋਟ ਖਾਲਸਾ ਅੰਮ੍ਰਿਤਸਰ, ਸ. ਭੁਪਿੰਦਰ ਸਿੰਘ ਸੇਖੂਪੁਰਾ ਪਟਿਆਲਾ, ਸ. ਲਖਵਿੰਦਰ ਸਿੰਘ ਤਰਨ ਤਾਰਨ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬੀਬੀ ਹਰਮੀਤ ਕੌਰ ਖਾਲਸਾ ਰਾਜਿਸਥਾਨ, ਬਾਬਾ ਪੰਜਾਬ ਸਿੰਘ ਮਿਸਲ ਤਰਨਾ ਦਲ ਸੁਲਤਾਨਵਿੰਡ, ਸ. ਜੰਗ ਸਿੰਘ ਬੰਦੀ ਸਿੰਘ ਰਿਹਾਈ ਮੋਰਚਾ ਲੁਧਿਆਣਾ, ਬੀਬੀ ਜਸਵਿੰਦਰ ਕੌਰ ਸੋਹਲ, ਸ. ਦਲਬੀਰ ਸਿੰਘ, ਰਾਣਾ ਕੰਵਰਪ੍ਰਤਾਪ ਸਿੰਘ ਜੀਰਾ, ਭਾਈ ਮਨਜੀਤ ਸਿੰਘ ਦਿੱਲੀ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਭਾਈ ਗੁਰਪ੍ਰੀਤ ਸਿੰਘ, ਸ. ਗੁਰਨਾਮ ਸਿੰਘ, ਬਾਬਾ ਜਗਜੀਤ ਸਿੰਘ ਮੋਗਾ, ਸ. ਸਰਬਜੀਤ ਸਿੰਘ ਹੰਸਾਲੀ ਵਾਲੇ, ਬਾਬਾ ਤ੍ਰਿਲੋਕ ਸਿੰਘ ਖਿਆਲਾ ਵਾਲੇ, ਬਾਬਾ ਬਲਦੇਵ ਸਿੰਘ, ਬੀਬੀ ਕਮਲਦੀਪ ਕੌਰ ਭੈਣ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਬਲਜਿੰਦਰ ਸਿੰਘ ਪਰਵਾਨਾ ਦੀ ਧਰਮ ਪਤਨੀ ਬੀਬੀ ਰਮਨਦੀਪ ਕੌਰ, ਸ. ਰਵਿੰਦਰ ਸਿੰਘ ਸਾਬਕਾ ਵਿਧਾਇਕ, ਭਗਤ ਮਿਲਖਾ ਸਿੰਘ ਫਿਰੋਜ਼ਪੁਰ, ਬਾਬਾ ਹਾਕਮ ਸਿੰਘ ਕਾਰਸੇਵਾ ਸਰਹਾਲੀ, ਬਾਬਾ ਬਲਦੇਵ ਸਿੰਘ ਜੋਗੇਵਾਲਾ, ਸ. ਗੁਰਪ੍ਰਤਾਪ ਸਿੰਘ ਟਿੱਕਾ, ਭਾਈ ਅਮਰਬੀਰ ਸਿੰਘ ਢੋਟ, ਬਾਬਾ ਅਮੀਰ ਸਿੰਘ ਮੁੱਖੀ ਜਵੱਦੀ ਟਕਸਾਲ, ਸ. ਪਲਵਿੰਦਰ ਸਿੰਘ ਬਟਾਲਾ, ਭਾਈ ਅਮਨਪ੍ਰੀਤ ਸਿੰਘ ਤਰਨ ਤਾਰਨ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਸ. ਹਰਜਿੰਦਰ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਲਾਲ ਸਿੰਘ ਤਰਨਾ ਦਲ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਲੱਖਾ ਸਿੰਘ ਨਾਨਕਸਰ ਲੁਧਿਆਣਾ, ਬਾਬਾ ਹਰਚੰਦ ਸਿੰਘ ਮਾੜੀ ਕੰਬੋਕੇ, ਬਾਬਾ ਹਰਜਿੰਦਰ ਸਿੰਘ ਸੰਪ੍ਰਦਾ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵਾਲੇ, ਭਾਈ ਮਧੂਪਾਲ ਸਿੰਘ ਗੋਗਾ, ਭਾਈ ਸਰਵਨ ਸਿੰਘ ਮਾਹਲ, ਬਾਬਾ ਗੁਰਦੇਵ ਸਿੰਘ ਕੁੱਲੀ ਵਾਲੇ, ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਭਾਈ ਦਵਿੰਦਰ ਸਿੰਘ ਜਨਰਲ ਸਕੱਤਰ

ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸਟੱਡੀ ਸਰਕਲ ਵੱਲੋਂ ਸ. ਗੁਰਮੀਤ ਸਿੰਘ ਆਨਰੇਰੀ ਸਕੱਤਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਜਗਦੀਸ਼ ਸਿੰਘ ਬਰਾੜ ਚੇਅਰਮੈਨ ਸ਼੍ਰੋਮਣੀ ਗਤਕਾ ਫੈਡਰੇਸ਼ਨ ਆਲ ਇੰਡੀਆ, ਗੁਰਦੁਆਰਾ ਰਾਮਪੁਰ ਖੇੜਾ ਵਾਲਿਆਂ ਵੱਲੋਂ ਸ. ਸੁਖਬੀਰ ਸਿੰਘ, ਬਾਬਾ ਨਿਹਾਲ ਸਿੰਘ ਵੱਲੋਂ ਬਾਬਾ ਨੌਰੰਗ ਸਿੰਘ, ਹਰਖੋਵਾਲ ਵੱਲੋਂ ਬਾਬਾ ਅਮਰਜੀਤ ਸਿੰਘ, ਸ. ਬਲਵੰਤ ਸਿੰਘ ਗੋਪਾਲਾ, ਸ. ਸਰਬਜੀਤ ਸਿੰਘ ਛੀਨਾ, ਬਾਬਾ ਹਰਜਿੰਦਰ ਸਿੰਘ ਮੁਕਤਸਰ ਸਾਹਿਬ, ਬਾਬਾ ਜਸਵਿੰਦਰ ਸਿੰਘ ਹੁਸ਼ਿਆਰਪੁਰ, ਬਾਬਾ ਅਵਤਾਰ ਸਿੰਘ ਜੋਹਲ, ਬਾਬਾ ਹਰੀਪਾਲ ਸਿੰਘ ਪਾਂਡਵਾ, ਟਹਿਲ ਨਾਥ ਨੰਗਲ ਖੇੜਾ ਫਗਵਾੜਾ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਬਾਬਾ ਜਗਜੀਤ ਸਿੰਘ ਲੋਪੋ ਵੱਲੋਂ ਸ. ਹਰਨਾਮ ਸਿਮਘ, ਸ. ਹਰਵਿੰਦਰ ਸਿੰਘ, ਸ. ਜਸਵਿੰਦਰ ਸਿੰਘ, ਸ. ਮਨਪ੍ਰੀਤ ਸਿੰਘ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸ. ਹਰਪਾਲ ਸਿੰਘ ਬਲੇਰ, ਬਾਬਾ ਅਵਤਾਰ ਸਿੰਘ ਧੱਤਲ, ਅਕਾਲੀ ਆਗੂ ਸ. ਪ੍ਰੇਮ ਸਿੰਘ ਚੰਦੂਮਾਜਰਾ, ਸ. ਬਲਵਿੰਦਰ ਸਿੰਘ ਭੂੰਦੜ, ਸ. ਸੁਰਜੀਤ ਸਿੰਘ ਰੱਖੜਾ, ਸ. ਦਲਜੀਤ ਸਿੰਘ ਚੀਮਾ, ਸ. ਵਿਰਸਾ ਸਿੰਘ ਵਲਟੋਹਾ, ਸ. ਗੁਲਜ਼ਾਰ ਸਿੰਘ ਰਣੀਕੇ, ਸ. ਹੀਰਾ ਸਿੰਘ ਗਾਬੜੀਆ, ਸ. ਸਿਕੰਦਰ ਸਿੰਘ ਮਲੂਕਾ, ਸ. ਰਵਿੰਦਰ ਸਿੰਘ ਬ੍ਰਹਮਪੁਰਾ, ਸ. ਕਰਨੈਲ ਸਿੰਘ ਪੀਰ ਮੁਹੰਮਦ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਬੀਬੀ ਜਗੀਰ ਕੌਰ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਅਮਰਜੀਤ ਸਿੰਘ ਬੰਡਾਲਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਸਰਵਨ ਸਿੰਘ ਕੁਲਾਰ, ਬੀਬੀ ਗੁਰਪ੍ਰੀਤ ਕੌਰ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਨਵਤੇਜ ਸਿੰਘ ਕਾਉਣੀ, ਸ. ਗੁਰਬਚਨ ਸਿੰਘ ਕਰਮੂਵਾਲਾ, ਭਾਈ ਰਾਮ ਸਿੰਘ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਬਲਜੀਤ ਸਿੰਘ ਜਲਾਲਉਸਮਾਂ, ਸ. ਅਮਰਜੀਤ ਸਿੰਘ ਭਲਾਈਪੁਰ, ਬਾਬਾ ਬੂਟਾ ਸਿੰਘ, ਸ. ਕੌਰ ਸਿੰਘ ਫ਼ਾਜ਼ਿਲਕਾ, ਸ. ਦਰਸ਼ਨ ਸਿੰਘ ਜਲਾਲਾਬਾਦ, ਸ. ਗੁਰਨਾਮ ਸਿੰਘ ਜੱਸਲ, ਸ. ਗੁਰਮੀਤ ਸਿੰਘ ਬੂਹ, ਸ. ਸਰਵਣ ਸਿੰਘ ਕੁਲਾਰ, ਬੀਬੀ ਜੋਗਿੰਦਰ ਕੌਰ, ਸ. ਅਮਰੀਕ ਸਿੰਘ ਸ਼ਾਹਪੁਰ, ਸ. ਅਜਮੇਰ ਸਿੰਘ ਖੇੜਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬਾਬਾ ਟੇਕ ਸਿੰਘ ਧਨੌਲਾ ਬਰਨਾਲਾ, ਬੀਬੀ ਜੋਗਿੰਦਰ ਕੌਰ ਧਰਮਕੋਟ, ਸ. ਚਰਨਜੀਤ ਸਿੰਘ ਕਾਲੇਵਾਲ, ਸ. ਜਸਬੀਰ ਸਿੰਘ ਮੱਤੇਵਾਲ, ਬੀਬੀ ਬਲਵਿੰਦਰ ਕੌਰ, ਬੀਬੀ ਰਣਜੀਤ ਕੌਰ ਦਿੱਲੀ, ਸ. ਰਤਨ ਸਿੰਘ ਜੱਫਰਵਾਲ, ਸ. ਚਰਨਜੀਤ ਸਿੰਘ ਕਾਲੇਵਾਲ, ਸ. ਗੁਰਲਾਲ ਸਿੰਘ ਫ਼ਤਹਿਗੜ੍ਹ, ਸ. ਸੁਰਜੀਤ ਸਿੰਘ ਤੁਗਲਵਾਲ, ਸ਼੍ਰੋਮਣੀ ਕਮੇਟੀ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਮੀਤ ਸਿੰਘ ਬੁੱਟਰ, ਸ. ਤੇਜਿੰਦਰ ਸਿੰਘ ਪੱਡਾ, ਸ. ਗੁਰਿੰਦਰ ਸਿੰਘ ਮਥਰੇਵਾਲ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸਾਬਕਾ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਮਹਿੰਦਰ ਸਿੰਘ ਆਹਲੀ ਆਦਿ ਮੌਜੂਦ ਸਨ। ■



ਗੁਰਦੁਆਰਾ ਸਾਹਿਬ ਭਗਤ ਕਬੀਰ ਜੀ,
ਮਗਹਰ, ਜ਼ਿਲ੍ਹਾ ਸੰਤ ਕਬੀਰ ਨਗਰ (ਉੱਤਰ ਪ੍ਰਦੇਸ਼)

Registered with Registrar of Newspaper at No. 354/57


Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

June 2022

Dharam Parchar Committee, Shiromani Gurdwara Parbandhak Committee, Sri Amritsar Sahib

## ਜੂਨ ੧੯੮੪ ਦੇ ਸਾਕੇ ਸਮੇਂ ਨੁਕਸਾਨੀ ਹੋਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਦ੍ਰਿਸ਼



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh Date: 2-6-2022